# ਪੰਜਾਬ ਦਾ ਅਜ਼ਾਦੀ ਦੇ ਅੰਦੋਲਨ ਵਿਚ ਯੋਗਦਾਨ

ਡਾ. ਕ੍ਰਿਸ਼ਨ ਗੋਪਾਲ ਲਾਂਬਾ

# ਪੰਜਾਬ ਦਾ ਅਜ਼ਾਦੀ ਦੇ ਅੰਦੋਲਨ ਵਿਚ ਯੋਗਦਾਨ

ਡਾ. ਕ੍ਰਿਸ਼ਨ ਗੋਪਾਲ ਲਾਂਬਾ

International Publishers
of Indian and Foreign Languages

**Representation Offices**
• 596 Street, Madera, California-93638
• 8 Automatic Rd, Unit 2C, Brampton L6S 3N5, Canada

*Freedom Movement/ History of Punjab*

ISBN : 978-93-5204-217-3

**Punjab Da Azadi De Andolen Vich Yogdan**

*by*

**Dr. Krishan Gopal Lambha**
H.No. 25, New DalimaVihar,
Rajpura
Mob. 9463555850

2017

Published by Lokgeet Parkashan
Printed & bound at Unistar Books Pvt. Ltd.
301, Industrial Area, Phase-9,
S.A.S. Nagar, Mohali-Chandigarh (India)
email : unistarbooks@gmail.com
website : www.unistarbooks.com
Ph. +91-172-4608699, 4608799,4027552

*© 2017*

*Produced and bound in India*

*All rights reserved*

*This book is sold subject to the condition that it shall not, by way of trade or otherwise, be lent, resold, hired out, or otherwise circulated without the publisher's prior written consent in any form of binding or cover other than that in which it is published and without a similar condition including this condition being imposed on the subsequent purchaser and without limiting the rights under copyright reserved above, no part of this publication may be reproduced, stored in or introduced into a retrieval system, or transmitted in any form or by any means(electronic, mechanical, photocopying, recording or otherwise), without the prior written permission of both the copyright owner and the above-mentioned publisher of this book.*

# ਸਮਰਪਿਤ

ਮੇਰੀ ਪੂਜਨੀਕ ਮਾਤਾ ਸ੍ਰੀਮਤੀ ਸੰਤੋਸ਼ ਰਾਣੀ ਨੂੰ
ਦਿਲ ਦੀਆਂ ਗਹਿਰਾਈਆਂ ਤੇ ਪਿਆਰ ਸਹਿਤ ਸਮਰਪਿਤ

## ਤਤਕਰਾ


- ਪ੍ਰਸਤਾਵਨਾ ix
- ਪੁਸਤਕ ਬਾਰੇ ਦੋ ਸ਼ਬਦ xiii
- ਲੇਖਕ ਬਾਰੇ xiv

1. ਭਾਈ ਮਹਾਰਾਜ ਸਿੰਘ 1
2. 1857 ਦਾ ਮਹਾਸੰਗਰਾਮ ਅਤੇ ਪੰਜਾਬ 5
3. ਨਾਮਧਾਰੀ (ਕੂਕਾ) ਲਹਿਰ 13
4. 'ਪਗੜੀ ਸੰਭਾਲ ਓ ਜੱਟਾ'/ 1907 ਦੀ ਕਿਸਾਨ ਲਹਿਰ 17
5. ਗਦਰ ਲਹਿਰ 22
6. ਕਾਮਾਗਾਟਾਮਾਰੂ 31
7. ਜਲ੍ਹਿਆਂਵਾਲੇ ਬਾਗ ਦਾ ਸਾਕਾ 41
8. ਸਿੱਖਾਂ ਵਿਚ ਰਾਜਨੀਤਿਕ ਚੇਤਨਤਾ ਦਾ ਵਿਕਾਸ-ਗੁਰਦੁਆਰਾ ਸੁਧਾਰ ਅੰਦੋਲਨ 54
9. ਬੱਬਰ ਅਕਾਲੀ ਲਹਿਰ 70
10. ਰਿਆਸਤਾਂ ਵਿਚ ਦਮਨ ਅਤੇ ਅਜ਼ਾਦੀ ਦਾ ਅੰਦੋਲਨ 78
11. ਭਗਤ ਸਿੰਘ : ਇੱਕ ਕ੍ਰਾਂਤੀ ਇੱਕ ਅੰਦੋਲਨ 84
12. ਪੰਜਾਬ ਵਿਚ ਅਜ਼ਾਦੀ ਦਾ ਅੰਦੋਲਨ 1930-45 90
13. ਬਟਵਾਰੇ ਦਾ ਦੁਖਾਂਤ 98
14. ਸਾਰੰਸ਼ 102
15. ਪੁਸਤਕ ਸੂਚੀ 109

15\. ਅੰਤਿਕਾ: 117

1) ਕਾਮਾਗਾਟਾਮਾਰੂ ਦੇ ਮਸਾਫਰਾਂ ਦੀ ਸੂਚੀ 117
2) ਮੁਕੱਦਮੇ : 132
   a) ਪਹਿਲਾ ਲਾਹੌਰ ਸਾਜਿਸ਼ ਕੇਸ 132
   b) ਲਾਹੌਰ ਸਾਜਿਸ਼ ਕੇਸ ਨੰ: 2 134
   c) ਲਾਹੌਰ ਸਾਜਿਸ਼ ਕੇਸ ਨੰ: 3 137

d) ਮਾਂਡਲੇ (ਬਰਮਾ) ਸਾਜਿਸ਼ ਕੇਸ 138
e) ਮਾਂਡਲੇ (ਬਰਮਾ) ਸਜ਼ਿਸ ਕੇਸ 139
f) ਸਾਂਨਫਰਾਸਿਸ਼ਕੋ ਟਰਾਇਲ ਕੈਲੀਫੋਰਨੀਆ (ਯੂ.ਐਸ.ਏ) 140
g) ਮੰਡੀ ਸਟੇਟ ਕੇਸ 141
h) ਫਿਰੋਜ਼ਸਾਹ ਘਟਨਾ ਕੇਸ 142
i) ਵੱਲਾ ਰੇਲਵੇ ਬ੍ਰਿਜ ਕੇਸ 142
j) ਪਡਰੀ ਮਰਡਰ ਕੇਸ 143
k) ਹੋਰ ਕੇਸ 143
l) ਕੋਰਟ ਮਾਰਸ਼ਲਜ 144
3) ਜਲ੍ਹਿਆਂਵਾਲੇ ਬਾਗ ਦੇ ਸ਼ਹੀਦਾਂ ਦੀ ਸੂਚੀ ਅਤੇ ਹੋਰ ਕੇਸ 145
4) ਨਨਕਾਣਾ ਸਾਹਿਬ ਦੇ ਸ਼ਹੀਦ 175
5) ਜੈਤੋ ਮੋਰਚੇ ਦੇ ਸ਼ਹੀਦ 180

# ਪ੍ਰਸਤਾਵਨਾ

ਹਿੰਦੁਸਤਾਨ ਦੀ ਅਜ਼ਾਦੀ ਵਿਚ ਖਾਸ ਤੌਰ ਤੇ ਪੰਜਾਬ ਦਾ ਮਹੱਤਵਪੂਰਨ ਯੋਗਦਾਨ ਹੈ। ਪੰਜਾਬ ਨੂੰ ਆਪਣੀ ਧਾਰਮਿਕ ਮਹੱਤਤਾ, ਭੂਗੋਲਿਕ ਸਥਿਤੀ ਅਤੇ ਆਰਥਿਕ ਖੁਸ਼ਹਾਲੀ ਕਾਰਨ ਲਗਾਤਾਰ ਆਕ੍ਰਮਣਕਾਰੀਆਂ ਦੇ ਹਮਲੇ ਦਾ ਸ਼ਿਕਾਰ ਹੋਣਾ ਪਿਆ। ਪ੍ਰਾਚੀਨ ਅਤੇ ਮੱਧਕਾਲ ਵਿਚ ਅਸਧਾਰਣ ਸਾਹਸ ਅਤੇ ਸੂਰਵੀਰਤਾ ਦਾ ਪ੍ਰਦਰਸ਼ਨ ਕਰਦੇ ਹੋਏ ਪੰਜਾਬੀਆਂ ਨੇ ਵਿਦੇਸ਼ੀ ਹਮਲਾਵਰਾਂ ਅਤੇ ਅੱਤਿਆਚਾਰੀ ਸ਼ਾਸ਼ਕਾਂ ਦਾ ਪ੍ਰਬਲ ਵਿਰੋਧ ਕੀਤਾ। 1849 ਵਿਚ ਅੰਗਰੇਜ਼ਾਂ ਨੇ ਜ਼ਬਰਦਸ਼ਤ ਵਿਸ਼ਵਾਸਘਾਤ ਕਰਕੇ ਪੰਜਾਬ ਨੂੰ ਅੰਗਰੇਜ਼ੀ ਰਾਜ ਵਿਚ ਸ਼ਾਮਿਲ ਕਰ ਲਿਆ। ਇਤਿਹਾਸ ਇਸ ਗੱਲ ਦਾ ਗਵਾਹ ਹੈ ਕਿ ਪੰਜਾਬੀਆਂ ਨੇ ਕਦੇ ਵੀ ਅੰਗਰੇਜ਼ਾਂ ਦੀ ਗੁਲਾਮੀ ਸਵੀਕਾਰ ਨਹੀ ਕੀਤੀ। ਪਰ ਪਤਾ ਨਹੀ ਕਿਓ ਇਤਿਹਾਸਕਾਰਾਂ ਅਤੇ ਅਜ਼ਾਦੀ ਤੋਂ ਬਾਅਦ ਬਣਨ ਵਾਲੀਆਂ ਸਰਕਾਰਾਂ ਨੇ ਪੰਜਾਬੀਆਂ ਦੀਆਂ ਮਹਾਨ ਕੁਰਬਾਨੀਆਂ ਨੂੰ ਨਜ਼ਰ ਅੰਦਾਜ਼ ਕਿਉ ਕੀਤਾ? ਇਹ ਪ੍ਰਸ਼ਨ ਮੈਨੂੰ ਪਿਛਲੇ ਕਈ ਸਾਲਾਂ ਤੋਂ ਪਰੇਸ਼ਾਨ ਕਰ ਰਿਹਾ ਹੈ। ਪੰਜਾਬੀਆਂ ਵਲੋਂ ਅਜ਼ਾਦੀ ਦੀ ਲੜਾਈ ਵਿਚ ਕੀਤੇ ਦੇ ਕੁਝ ਅੰਸ਼ਾਂ 'ਤੇ ਨਜ਼ਰ ਮਾਰਨ ਤੋਂ ਬਾਅਦ ਇਸ ਪ੍ਰਸ਼ਨ ਤੇ ਗੱਲ ਕਰਾਂਗੇ।

ਜਿਵੇਂ ਕਿ 1857 ਦੇ ਮਹਾਨ ਸੰਘਰਸ਼ ਤੋਂ ਪਹਿਲਾਂ ਹੀ ਪੰਜਾਬ ਵਿਚ ਅੰਗਰੇਜ਼ਾਂ ਅਤੇ ਸਿੱਖਾਂ ਦੇ 2 ਐਂਗਲੋ- ਸਿੱਖ ਯੁੱਧ 1845-46 ਅਤੇ 1848-49 ਹੋਏ। 1857 ਦੀ ਮਹਾਨ ਸੰਘਰਸ਼ ਦੀ ਇੱਕੋ ਘਟਨਾ ਵਿਚ ਪੰਜਾਬ ਦੇ ਅਜਨਾਲਾ ਵਿਖੇ 282 ਸੁਤੰਤਰਤਾ ਸੰਗਰਾਮੀਆਂ ਨੂੰ ਸ਼ਹੀਦ ਕਰ ਦਿੱਤਾ ਗਿਆ। 1857 ਵਿਚ ਨਾਮਧਾਰੀਆਂ ਨੇ ਅੰਗਰੇਜ਼ਾਂ ਦੀ ਨੀਂਦ ਉਡਾ ਦਿੱਤੀ। 1872 ਦੀ ਇਹ ਘਟਨਾ ਸਾਬਤ ਕਰਦੀ ਹੈ ਕਿ ਅੰਗਰੇਜ਼ ਕਿੰਨੀ ਦਹਿਸ਼ਤ ਵਿਚ ਸਨ ਜਦੋਂ 66 ਕੂਕਿਆਂ ਨੂੰ ਤੋਪਾਂ ਨਾਲ ਉਡਾ ਦਿੱਤਾ ਗਿਆ। 1907 ਵਿਚ ਕਿਸਾਨੀ ਅੰਦੋਲਨ 'ਪਗੜੀ ਸੰਭਾਲ ਓ ਜੱਟਾ' ਚੱਲਿਆ, ਇਸ ਤਿੱਖੇ ਅੰਦੋਲਨ ਕਰਕੇ ਹੀ ਅਜੀਤ ਸਿੰਘ ਅਤੇ ਲਾਲਾ ਲਾਜਪਤ ਰਾਏ ਨੂੰ ਜਲਾਵਤਨ ਕਰਕੇ ਮਾਂਡਲੇ (ਬਰਮਾ) ਭੇਜ ਦਿੱਤਾ ਗਿਆ। ਇਨ੍ਹਾਂ ਘਟਨਾਵਾਂ ਦਾ ਰਾਸ਼ਟਰੀ ਅੰਦੋਲਨ ਵਿਚ ਕੋਈ ਖਾਸ ਵਰਨਣ ਨਹੀਂ ਆਉਂਦਾ। ਭੋਲੇ ਭਾਲੇ ਕਿਸਾਨਾਂ ਅਤੇ ਪੰਜਾਬੀਆਂ ਦੀਆਂ ਕੁਰਬਾਨੀਆਂ ਦਾ ਭਾਰਤੀ ਇਤਿਹਾਸਕਾਰਾਂ ਅਤੇ ਨੀਤੀਵਾਨਾਂ ਨੇ ਕੋਈ ਜ਼ਿਕਰ ਨਹੀ ਕੀਤਾ। 1909 ਵਿਚ ਭਾਰਤ ਦੇ ਮਹਾਨ ਸਪੂਤ ਮਦਨ ਨਾਲ ਢੀਂਗਰਾ ਨੇ ਲੰਦਨ ਵਿਚ ਜਾ ਕੇ ਵਿਲੀਅਮ ਕਰਜ਼ਨ ਵਾਇਲੀ ਨੂੰ ਗੋਲੀ ਨਾਲ ਉਡਾ ਦਿੱਤਾ ਅਤੇ ਖੁਦ ਫਾਂਸੀ ਦਾ ਰੱਸਾ ਚੁੰਮਿਆ। ਬੜੀ ਹੈਰਾਨੀ ਦੀ ਗੱਲ ਹੈ ਇਸ ਮਹਾਨ ਦੇਸ਼ ਭਗਤ ਨੂੰ ਕੋਈ ਯਾਦ ਕਰਨ ਵਾਲਾ ਵੀ ਨਹੀਂ ਹੈ। ਦਿੱਲੀ ਸਰਕਾਰ ਤਾਂ ਦੂਰ ਦੀ ਗੱਲ ਹੈ, ਪੰਜਾਬ ਸਰਕਾਰ ਨੇ ਵੀ ਕਦੀ ਢੀਂਗਰਾ ਨੂੰ ਬਣਦਾ ਸਨਮਾਨ ਨਹੀਂ ਦਿੱਤਾ। ਗਦਰ ਲਹਿਰ ਨੇ

ਅੰਗਰੇਜ਼ ਹਾਕਮਾਂ ਦੇ ਦਿਲ ਕੰਬਾ ਦਿੱਤੇ। ਇਸ ਇਕੱਲੀ ਲਹਿਰ ਵਿਚ 64 ਗਦਰੀ ਫਾਂਸੀ ਲੱਗੇ, 194 ਨੂੰ ਉਮਰ ਕੈਦ, ਕਾਲੇ ਪਾਣੀ, ਜਾਇਦਾਦ ਜ਼ਬਤੀ ਦੀਆਂ ਸਜ਼ਾਂਵਾਂ ਹੋਈਆਂ। ਇਨ੍ਹਾਂ ਗਦਰੀਆਂ ਦੇ ਸੁਨਹਿਰੀ ਇਤਿਹਾਸ ਦੇ ਪੰਨੇ ਹਨੇਰੇ ਵਿਚ ਗੁੰਮ ਹਨ। ਪਤਾ ਨਹੀ ਕਿਉਂ? ਇੱਕ ਹੋਰ ਕਾਮਾਗਾਟਾਮਾਰੂ ਦੀ ਘਟਨਾ ਦੇਸ਼ ਭਗਤੀ ਦੀ ਮਿਸਾਲ ਪੈਦਾ ਕਰਦੀ ਹੈ। ਜਿਸ ਵਿਚ ਪੰਜਾਬੀਆਂ ਨੂੰ ਗੁਲਾਮੀ ਦਾ ਅਹਿਸਾਸ ਕਰਾਉਂਦੇ ਹੋਏ, ਭੁੱਖੇ ਪਿਆਸੇ ਯਾਤਰੀ ਜੋ 10 ਮਹੀਨੇ ਤੋਂ ਜ਼ੇਲ-ਕੈਦ ਵਿਚ ਸਨ, ਨੂੰ ਬੇਰੰਗ ਵਾਪਸ ਹੀ ਨਹੀਂ ਭੇਜਿਆ ਗਿਆ ਸਗੋਂ ਬਜ ਬਜ ਘਾਟ ਤੇ 18 ਯਾਤਰੀਆਂ ਨੂੰ ਗੋਲੀ ਨਾਲ ਸ਼ਹੀਦ ਕਰ ਦਿੱਤਾ। ਅੰਗਰੇਜ਼ਾਂ ਦੇ ਅਤਿਆਚਾਰ ਦੀ ਇੱਕ ਹੋਰ ਗਾਥਾ ਜਲ੍ਹਿਆਂਵਾਲੇ ਬਾਗ ਦੀ ਘਟਨਾ ਹੈ, ਜਿਸ ਵਿਚ 1000 ਤੋਂ ਵੱਧ ਨਿਹੱਥੇ ਲੋਕਾਂ ਨੂੰ ਗੋਲੀ ਦਾ ਨਿਸ਼ਾਨਾ ਬਣਾਇਆ ਗਿਆ।

ਇਸ ਤਰ੍ਹਾਂ ਅਹਿੰਸਾ ਅਤੇ ਸ਼ਾਂਤੀ ਪੂਰਵਕ ਚੱਲੀ ਗੁਰਦੁਆਰਾ ਸੁਧਾਰ ਲਹਿਰ ਦੇਸ਼ਭਗਤੀ ਦੀ ਇੱਕ ਹੋਰ ਉਦਾਹਰਣ ਹੈ, ਜਿਸ ਤੇ ਨਨਕਾਣਾ ਸਾਹਿਬ ਦੇ ਸਾਕੇ ਵਿਚ 150 ਸਿੱਖਾਂ ਨੂੰ ਸ਼ਹੀਦ ਕਰ ਦਿੱਤਾ ਗਿਆ ਅਤੇ ਜੈਤੋ ਮੋਰਚੇ ਵਿਚ ਸੈਂਕੜੇ ਦੇਸ਼ ਭਗਤਾਂ ਨੇ ਸ਼ਹੀਦੀਆਂ ਪ੍ਰਾਪਤ ਕੀਤੀਆਂ। ਪਤਾ ਨਹੀਂ ਇਸ ਪਾਸੇ ਕਿਉਂ ਨਜ਼ਰ ਨਹੀਂ ਪਈ ਤੇ ਕਿਉਂ ਨਜ਼ਰ ਅੰਦਾਜ਼ ਕੀਤਾ ਗਿਆ। ਜਦਕਿ ਗੁਰਦੁਆਰਾ ਲਹਿਰ ਵਿਚ 40000 ਸਿੱਖ ਕੈਦ ਹੋਏ, 500 ਸ਼ਹੀਦ ਹੋਏ, 3000 ਦੀਆਂ ਜਾਇਦਾਦਾਂ ਜ਼ਬਤ ਹੋਈਆਂ। ਪੰਜਾਬ ਵਿਚ ਹੋਰ ਦੇਸ਼ ਵਿਦਵਾਨਾਂ ਦੀ ਭਗਤੀ ਦੇ ਜਜ਼ਬਿਆ ਨਾਲ ਭਰਿਆ ਬੱਬਰ ਅਕਾਲੀ ਅੰਦੋਲਨ ਚੱਲਿਆ। ਜਿਸ ਨੂੰ ਵੀ ਨਜ਼ਰ ਅੰਦਾਜ਼ ਕੀਤਾ ਗਿਆ। ਇਸ ਤਰ੍ਹਾਂ ਪੰਜਾਬ ਦੀਆਂ ਸੱਤ ਰਿਆਸਤਾਂ ਵਿਚ ਵੀ ਅਜ਼ਾਦੀ ਦਾ ਅੰਦੋਲਨ ਚੱਲਿਆ ਜੋ ਪਰਜਾ ਮੰਡਲ ਦੇ ਨਾਂ ਨਾਲ ਪ੍ਰਸਿੱਧ ਹੈ। ਇਸ ਅੰਦੋਲਨ ਨੂੰ ਚਲਾਉਣ ਵਾਲੇ ਸ੍ਰੀ ਸੇਵਾ ਸਿੰਘ ਠੀਕਰੀਵਾਲਾ ਨੂੰ ਰਾਸ਼ਟਰੀ ਅੰਦੋਲਨ ਵਿਚ ਕਿਤੇ ਕੋਈ ਮਹੱਤਵ ਨਹੀਂ ਦਿੱਤਾ ਗਿਆ। ਹਾਲਾਂਕਿ ਇਹ ਬਰਤਾਨਵੀ ਅਤੇ ਰਜਵਾੜੀ ਸਰਕਾਰਾਂ ਦੇ ਖਿਲਾਫ ਜ਼ਬਰਦਸਤ ਸੰਘਰਸ਼ ਸੀ।

ਮੈਂ ਇਸ ਗੱਲ ਤੋਂ ਬੜਾ ਹੈਰਾਨ ਹਾਂ ਕਿ ਜਿਹੜਾ ਸ਼ਹੀਦ ਪੰਜਾਬੀਆਂ ਦਾ ਆਦਰਸ਼ ਕ੍ਰਾਂਤੀਕਾਰੀ ਭਗਤ ਸਿੰਘ ਸੀ, ਜਿਸਨੂੰ 1931 ਵਿਚ ਰਾਜਗੁਰੂ ਅਤੇ ਸੁਖਦੇਵ ਨਾਲ ਅੰਗਰੇਜ਼ਾਂ ਨੇ ਫਾਂਸੀ ਦੇ ਦਿੱਤੀ ਸੀ, ਉਸਨੂੰ ਹਾਲੇ ਤੱਕ ਭਾਰਤ ਸਰਕਾਰ ਵਲੋਂ ਸ਼ਹੀਦ ਦਾ ਦਰਜਾ ਪ੍ਰਾਪਤ ਨਹੀਂ ਹੋਇਆ। ਇੱਕ ਹੋਰ ਦੇਸ਼ ਭਗਤ ਊਧਮ ਸਿੰਘ ਸੀ ਜਿਸਨੇ ਜਲ੍ਹਿਆਂਵਾਲਾ ਬਾਗ ਦੇ ਹੱਤਿਆਕਾਂਡ ਦੇ ਦੋਸ਼ੀ ਮਾਈਕਲ ਓਡਵਾਇਰ ਨੂੰ ਲੰਦਨ ਵਿਚ ਗੋਲੀ ਨਾਲ ਉਡਾ ਕੇ ਆਪ ਫਾਂਸੀ ਚੜ੍ਹ ਗਿਆ, ਪਰ ਉਸ ਕ੍ਰਾਂਤੀਕਾਰੀ ਦੇਸ਼ਭਗਤ ਦੇ ਨਾਮ ਦੀ ਤਸਵੀਰ ਭਾਰਤੀ ਕਰੰਸੀ 'ਤੇ ਕਿਉਂ ਨਹੀਂ ਛਪੀ।

ਅਜ਼ਾਦ ਹਿੰਦ ਫੌਜ ਵਿਚ ਮਹੱਤਵਪੂਰਨ ਯੋਗਦਾਨ ਪਾਉਣ ਵਾਲੇ ਪੰਜਾਬੀ ਕੈਪਟਨ ਮੋਹਨ ਸਿੰਘ, ਗਿਆਨੀ ਪ੍ਰੀਤਮ ਸਿੰਘ ਦਾ ਰਾਸ਼ਟਰੀ ਅੰਦੋਲਨ ਵਿਚ ਕੋਈ ਜ਼ਿਕਰ ਨਹੀਂ ਹੈ। ਲਾਲ ਕਿਲ੍ਹੇ ਵਿਚ ਕੈਪਟਨ ਪ੍ਰੇਮ ਕੁਮਾਰ ਸਹਿਗਲ, ਲੈਫਟੀਨੈਂਟ

ਗੁਰਬਖਸ਼ ਸਿੰਘ ਢਿੱਲੋਂ ਅਤੇ ਕਰਨਲ ਸਾਹ ਨਵਾਜ਼ ਖਾਂ ਤੇ ਦੇਸ਼ਧ੍ਰੋਹ ਦੇ ਕੇਸ ਚੱਲੇ। ਤਿੰਨੋਂ ਹੀ ਪੰਜਾਬੀ ਸਨ। ਅਜ਼ਾਦੀ ਦੀ ਕੀਮਤ ਵੀ ਪੰਜਾਬ ਨੂੰ ਹੀ ਚਕਾਉਣੀ ਪਈ। ਬਟਵਾਰੇ ਦੌਰਾਨ ਪੰਜ ਲੱਖ ਲੋਕਾਂ ਦੀਆਂ ਜਾਨਾਂ ਗਈਆਂ। ਇਹ ਗੱਲ ਤੇ ਸਮਝ ਆਉਂਦੀ ਹੈ ਕਿ ਅੰਗਰੇਜ਼ਾਂ ਨੇ ਜਾਣ ਬੁੱਝ ਕੇ ਬਟਵਾਰਾ ਕਰਕੇ ਦੇਸ਼ ਨੂੰ ਅੰਨੇ ਖੂਹ ਵਿਚ ਸੁੱਟਿਆ, ਸ਼ਰਨਾਰਥੀਆਂ ਦੀ ਸੁਰੱਖਿਆ ਦਾ ਕੋਈ ਇੰਤਜਾਮ ਜਾਣਬੁੱਝ ਕੇ ਨਹੀਂ ਕੀਤਾ। ਪਰ ਭਾਰਤ ਦੇ ਤਤਕਾਲੀ ਸ਼ਾਸਕ ਆਪਣੀ ਦਿੱਲੀ ਦੀ ਤਾਸਪੋਸ਼ੀ ਵਿਚ ਇੰਨਾ ਰੁੱਝ ਗਏ ਕਿ ਸ਼ਰਨਾਰਥੀਆਂ ਦੇ ਰੂਪ ਵਿਚ ਭਾਰਤ ਵਿਚ ਆਏ ਲੋਕਾਂ ਦੀ ਸੁਰੱਖਿਆ ਵੱਲ ਕੋਈ ਧਿਆਨ ਨਹੀਂ ਦਿੱਤਾ ਗਿਆ ਸਗੋਂ ਉਨ੍ਹਾਂ ਨੂੰ ਆਪਣੀ ਕਿਸਮਤ ਦੇ ਸਹਾਰੇ ਤੇ ਛੱਡ ਦਿੱਤਾ ਗਿਆ। ਅਜ਼ਾਦੀ ਅੰਦੋਲਨ ਵਿਚ ਪੰਜਾਬ ਦਾ ਮਹੱਤਵਪੂਰਨ ਸਥਾਨ ਹੈ। ਪੰਜਾਬੀਆਂ ਨੇ ਆਪਣੀ ਮਾਤਭੂਮੀ ਦੀ ਅਜ਼ਾਦੀ ਲਈ ਕੁਰਬਾਨੀਆਂ ਦਿੱਤੀਆਂ, ਜਿਨ੍ਹਾਂ ਦਾ ਮੁੱਲ ਚੁਕਾਇਆ ਨਹੀਂ ਜਾ ਸਕਦਾ। ਪਰ ਕੌਮੀ ਬਹਾਦਰਾਂ ਪ੍ਰਤੀ ਸ਼ੁਕਰਗੁਜ਼ਾਰ ਹੋਣ ਤੇ ਬਣਦਾ ਸਨਮਾਨ ਭਾਰਤ ਸਰਕਾਰ ਤੇ ਪੰਜਾਬ ਸਰਕਾਰ ਨੂੰ ਦੇਣਾ ਚਾਹੀਦਾ ਹੈ ਜੋ ਕਿ ਹਾਲੇ ਤੱਕ ਵੀ ਪ੍ਰਾਪਤ ਨਹੀਂ ਹੋਇਆ।

ਮੈਂ ਰਿਣੀ ਹਾਂ ਡਾ. ਗੁਰਸ਼ਰਨ ਸਿੰਘ (ਪੂਰਵ ਮੁਖੀ ਪੰਜਾਬ ਹਿਸਟੋਰੀਕਲ ਸਟੱਡੀਜ਼ ਵਿਭਾਗ, ਪੰਜਾਬੀ ਯੂਨੀਵਰਸਿਟੀ ਪਟਿਆਲਾ) ਜੀ ਦਾ, ਜਿਨ੍ਹਾਂ ਦੀ ਸੁਪਰਵੀਜ਼ਨ ਵਿਚ ਮੈਂ ਪੀ.ਐਚ.ਡੀ ਦੀ ਡਿਗਰੀ ਪ੍ਰਾਪਤ ਕੀਤੀ। ਡਾਕਟਰ ਸਾਹਿਬ ਨੇ ਮੈਨੂੰ ਆਪਣੇ ਨਾਲ ਦੋ ਕਿਤਾਬਾ 'ਜੈਤੋ ਮੋਰਚੇ ਦਾ ਇਤਿਹਾਸ' ਅਤੇ 'ਅੰਮ੍ਰਿਤਸਰ ਦਾ ਇਤਿਹਾਸ' ਵਿਚ ਸਹਿ ਲੇਖਕ ਬਣਾਇਆ। ਇਹ ਮੇਰੇ ਲਈ ਮਾਣ ਵਾਲੀ ਗੱਲ ਸੀ। ਮੇਰੀ ਇਹ ਪੰਜਵੀਂ ਕਿਤਾਬ ਹੈ। ਇਹ ਸਭ ਕੁਝ ਡਾਕਟਰ ਗੁਰਸ਼ਰਨ ਸਿੰਘ ਜੀ ਦੀ ਹੀ ਦੇਣ ਹੈ। ਮੈਂ ਸ਼ੁਕਰਗੁਜ਼ਾਰੁ ਹਾਂ ਡਾਕਟਰ ਸਾਹਿਬ ਦਾ ਜਿਨ੍ਹਾਂ ਦੀ ਪ੍ਰੇਰਨਾ ਸਦਕਾ ਮੈਂ ਇਹ ਇਤਿਹਾਸ ਲਿਖਣ ਦਾ ਕੰਮ ਕਰ ਰਿਹਾ ਹਾਂ। ਡਾਕਟਰ ਸਾਹਿਬ ਤੋਂ ਨਾ ਸਿਰਫ ਮੈਨੂੰ ਪ੍ਰੇਰਨਾ ਮਿਲੀ ਸਗੋਂ ਬਹੁਤ ਸਾਰੀ ਖੋਜ ਸਮੱਗਰੀ ਵੀ ਉਨ੍ਹਾਂ ਨੇ ਮੈਨੂੰ ਮੁਹੱਈਆ ਕਰਵਾਈ ਤਾਂ ਹੀ ਮੈਂ ਇਹ ਕਿਤਾਬ ਲਿਖਣ ਵਿਚ ਕਾਮਯਾਬ ਹੋਇਆ।

ਨੈਸ਼ਨਲ ਆਰਕਾਈਵ ਅਤੇ ਨਹਿਰੂ ਮੈਮੋਰੀਅਲ ਮਿਊਜ਼ੀਅਮ ਲਾਇਬਰੇਰੀ ਨਵੀਂ ਦਿੱਲੀ ਦੇ ਸਟਾਫ ਨੇ ਮੇਰੀ ਬਹੁਤ ਜ਼ਿਆਦਾ ਮਦਦ ਕੀਤੀ। ਸੈਂਟਰਲ ਸਟੇਟ ਲਾਇਬਰੇਰੀ ਪਟਿਆਲਾ, ਪੰਜਾਬੀ ਯੂਨੀਵਰਸਿਟੀ ਪਟਿਆਲਾ ਅਤੇ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਦੇ ਲਾਇਬਰੇਰੀਆਂ ਦੇ ਸਟਾਫ ਦਾ ਨਿੱਜੀ ਤੌਰ ਤੇ ਧੰਨਵਾਦੀ ਹਾਂ ਜਿਨ੍ਹਾਂ ਨੇ ਮੈਨੂੰ ਪੂਰਾ ਸਹਿਯੋਗ ਦਿੱਤਾ।

ਮੈਂ ਡਾ. ਨਵਤੇਜ ਸਿੰਘ (ਪ੍ਰੋਫੈਸਰ ਪੰਜਾਬ ਹਿਸਟੋਰੀਕਲ ਸਟੱਡੀਜ਼ ਵਿਭਾਗ, ਪੰਜਾਬੀ ਯੂਨੀਵਰਸਿਟੀ ਪਟਿਆਲਾ) ਅਤੇ ਡਾ. ਕੁਲਬੀਰ ਸਿੰਘ ਢਿੱਲੋਂ, (ਪ੍ਰੋਫੈਸਰ ਹਿਸਟਰੀ ਡਿਪਾਰਟਮੈਂਟ ਪੰਜਾਬੀ ਯੂਨੀਵਰਸਿਟੀ ਪਟਿਆਲਾ), ਪ੍ਰੋਫੈਸਰ ਰਜਿੰਦਰ ਕੁਮਾਰ ਪੰਜਾਬੀ ਯੂਨੀਵਰਸਿਟੀ ਪਟਿਆਲਾ ਦਾ ਅਤਿ ਧੰਨਵਾਦੀ ਹਾਂ ਜਿਨ੍ਹਾਂ ਨੇ ਸਮੇ ਸਮੇ ਤੇ ਮੇਰੀ ਮਦਦ ਕੀਤੀ। ਮੈਂ ਆਪਣੇ ਕਾਲਜ (ਆਦਰਸ਼ ਭਾਰਤੀ ਕਾਲਜ ਪਠਾਨਕੋਟ) ਦੇ

ਪ੍ਰਿੰਸੀਪਲ ਡਾ. ਦਿਨੇਸ਼ ਸ਼ਰਮਾ ਜੀ ਦਾ ਧੰਨਵਾਦੀ ਹਾਂ ਜਿਸ ਨੇ ਇਸ ਕਾਰਜ ਲਈ ਮੇਰੀ ਹਮੇਸ਼ਾ ਮਦਦ ਕੀਤੀ। ਮੈਂ ਧੰਨਵਾਦੀ ਹਾਂ ਆਦਰਸ਼ ਭਾਰਤੀ ਕਾਲਜ਼ ਪਠਾਨਕੋਟ ਦੇ ਪ੍ਰੋਫੈਸ਼ਰ ਡਾ: ਰਵੀ ਬਾਂਸਲ, ਡਾ. ਵਿਨੋਦ ਡੋਗਰਾ, ਪ੍ਰੋ. ਭੁਪਿੰਦਰ ਸਾਹੀ (ਗੋਬਿੰਦ ਪਬਲਿਕ ਕਾਲਜ, ਗੋਬਿੰਦਗੜ੍ਹ), ਡਾ. ਰਜਿੰਦਰ ਗੁਪਤਾ ਅਤੇ ਡਾ. ਤਲਵਿੰਦਰ ਸਿੰਘ ਚੀਮਾ ਦਾ ਜਿਨ੍ਹਾਂ ਨੇ ਸਮੇਂ ਸਮੇਂ ਤੇ ਮੇਰਾ ਮਾਰਗ ਦਰਸ਼ਨ ਕੀਤਾ। ਮੈਂ ਧੰਨਵਾਦੀ ਹਾਂ ਆਪਣੀ ਪਤਨੀ ਸ੍ਰੀਮਤੀ ਸੁਨੀਤਾ ਰਾਣੀ ਦਾ ਜਿਨ੍ਹਾਂ ਨੇ ਇਸ ਕੰਮ ਵਿਚ ਮੈਨੂੰ ਹਮੇਸ਼ਾ ਪਰੇਰਣਾ ਅਤੇ ਹੌਸਲਾ ਦਿੱਤਾ ਜਿਸ ਕਾਰਨ ਮੈਂ ਇਹ ਕਿਤਾਬ ਲਿਖਣ ਵਿਚ ਕਾਮਯਾਬ ਹੋਇਆ।

ਡਾ. ਕ੍ਰਿਸ਼ਨ ਗੋਪਾਲ

# ਪੁਸਤਕ ਬਾਰੇ ਦੋ ਸ਼ਬਦ

ਇਸ ਪੁਸਤਕ ਵਿਚ ਭਾਰਤੀ ਰਾਸ਼ਟਰੀ ਅੰਦੋਲਨ ਵਿਚ ਪੰਜਾਬ ਦੇ ਯੋਗਦਾਨ ਦਾ ਵਰਨਣ ਹੈ। 1849 ਵਿਚ ਅੰਗਰੇਜ਼ਾਂ ਨੇ ਜ਼ਬਰਦਸ਼ਤ ਵਿਸ਼ਵਾਸ਼ਘਾਤ ਕਰਕੇ ਪੰਜਾਬ ਨੂੰ ਅੰਗੇਰਜ਼ੀ ਰਾਜ਼ ਵਿਚ ਸ਼ਾਮਿਲ ਕਰ ਲਿਆ ਸੀ। ਇਤਿਹਾਸ ਇਸ ਗੱਲ ਦਾ ਗਵਾਹ ਹੈ ਕਿ ਪੰਜਾਬੀਆ ਨੇ ਕਦੇ ਵੀ ਅੰਗਰੇਜ਼ੀ ਰਾਜ਼ ਦੀ ਗੁਲਾਮੀ ਸਵੀਕਾਰ ਨਹੀ ਕੀਤੀ। 1857 ਦੇ ਮਹਾਨ ਸੰਗਰਾਮ ਤੋ ਪਹਿਲਾਂ ਹੀ ਪੰਜਾਬ ਵਿਚ ਦੋ ਐਂਗਲੋ ਸਿੱਖ ਯੁੱਧ ਹੋਏ। ਬਾਬਾ ਰਾਮ ਸਿੰਘ ਦੀ ਨਾਮਧਾਰੀ ਲਹਿਰ ਨੇ ਅੰਗਰੇਜ਼ਾਂ ਦੀ ਨੀਂਦ ਉਡਾ ਦਿੱਤੀ। ਅੰਗਰੇਜ਼ਾਂ ਨੇ 66 ਕੂਕਿਆ ਨੂੰ ਤੋਪਾਂ ਨਾਲ ਸ਼ਹੀਦ ਕਰ ਦਿੱਤਾ। 1907 ਵਿਚ ਪਗੜੀ ਸੰਭਾਲ ਓ ਜੱਟਾ ਕਿਸਾਨੀ ਅੰਦੋਲਨ ਚੱਲਿਆ। 1909 ਵਿਚ ਮਦਨ ਲਾਲ ਢੀਂਗਰਾ ਨੇ ਲੰਦਨ ਵਿਚ ਕਰਜ਼ਨ ਵਾਇਲੀ ਨੂੰ ਗੋਲੀ ਨਾਲ ਉਡਾ ਦਿੱਤਾ। ਗਦਰ ਲਹਿਰ ਨੇ ਅੰਗਰੇਜ਼ਾਂ ਨੇ ਦਿਲ ਕੰਬਾ ਦਿੱਤੇ। 64 ਗਦਰੀਆਂ ਨੇ ਫਾਂਸੀ ਦੇ ਰੱਸੇ ਚੁੰਮੇ। ਕਾਮਾਗਾਟਾਮਾਰੂ ਦੇ ਮੁਸਾਫਰਾਂ ਨੂੰ 10 ਮਹੀਨੇ ਦੀ ਜਲ ਕੈਦ ਤੋ ਬਾਅਦ ਭੁੱਖੇ ਪਿਆਸੇ ਬੇਰੰਗ ਵਾਪਸ ਭੇਜ਼ ਦਿੱਤਾ ਅਤੇ ਬਜ਼ਬ ਘਾਟ ਤੇ 18 ਯਾਤਰੀਆਂ ਨੂੰ ਸ਼ਹੀਦ ਕਰ ਦਿੱਤਾ। ਜਲ੍ਹਿਆਂਵਾਲਾਂ ਬਾਗ ਵਿਚ 1000 ਨਿਹੱਥੇ ਲੋਕਾਂ ਨੂੰ ਅੰਗਰੇਜ਼ਾਂ ਨੇ ਗੋਲੀਆਂ ਨਾਲ ਭੁੰਨ ਦਿੱਤਾ। ਗੁਰੂਦੁਆਰਾ ਸੁਧਾਰ ਲਹਿਰ ਇੱਕ ਹੋਰ ਦੇਸ਼ ਭਗਤੀ ਦੀ ਉਦਾਹਰਨ ਹੈ। ਬੱਬਰ ਅਕਾਲੀ ਲਹਿਰ ਦੇਸ਼ਭਗਤੀ ਦੇ ਜ਼ਜ਼ਬਿਆ ਨਾਲ ਭਰਿਆ ਹੋਇਆ ਅੰਦੋਲਨ ਸੀ। ਜਿਸ ਤੋ ਅੰਗਰੇਜ਼ਾਂ ਦੇ ਪੈਰ ਭਾਰਤ ਤੋ ਉਖੜਨੇ ਸੁਰੂ ਹੋ ਗਏ। ਪੂਰਬੀ ਰਿਆਸਤਾਂ ਦੇ ਰਜ਼ਵਾੜਿਆਂ ਦੇ ਖਿਲਾਫ ਪਰਜਾ ਮੰਡਲ ਅੰਦੋਲਨ ਨੇ ਸ਼ਾਨਦਾਰ ਸਫਲਤਾ ਹਾਸ਼ਲ ਕੀਤੀ। ਭਗਤ ਸਿੰਘ ਨੇ ਆਪਣੀ ਕੁਰਬਾਨੀ ਦੇ ਕੇ ਅਜ਼ਾਦੀ ਦੇ ਅੰਦੋਲਨ ਨੂੰ ਸ਼ਿਖਰਾਂ ਤੇ ਪਹੁੰਚਾ ਦਿੱਤਾ। ਊਧਮ ਸਿੰਘ ਨੇ ਲੰਦਨ ਵਿਚ ਜਾ ਕੇ ਮਾਈਕਲ ਓਡਵਾਇਰ ਨੂੰ ਗੋਲੀ ਨਾਲ ਉਡਾ ਕੇ ਪੰਜਾਬੀਆਂ ਦਾ ਡੰਕਾ ਵਜਾ ਦਿੱਤਾ। ਅਜ਼ਾਦ ਹਿੰਦ ਫੋਜ਼ ਵਿਚ ਪੰਜਾਬੀਆਂ ਦਾ ਮਹੱਤਵਪੂਰਨ ਸਥਾਨ ਹੈ। ਅਜ਼ਾਦੀ ਦੇ ਅੰਦੋਲਨ ਵਿਚ 80 ਪ੍ਰਤੀਸ਼ਤ ਕੁਰਬਾਨੀਆਂ ਪੰਜਾਬੀਆਂ ਨੇ ਦਿੱਤੀਆਂ।

# ਲੇਖਕ ਬਾਰੇ

ਡਾ: ਕ੍ਰਿਸ਼ਨ ਗੋਪਾਲ ਕਾ ਜਨਮ 1966 ਵਿਚ ਹੋਇਆ ਜਿਨ੍ਹਾਂ ਨੇ ਇਤਿਹਾਸ ਵਿਚ ਮਾਸਟਰ ਡਿਗਰੀ ਅਤੇ ਪੀ.ਐਚ.ਡੀ ਡਿਗਰੀ ਪੰਜਾਬੀ ਯੂਨੀਵਰਸਿਟੀ ਪਟਿਆਲਾ ਤੋ ਕੀਤੀ। ਇਨ੍ਹਾਂ ਦਾ ਰਿਸਰਚ ਦਾ ਵਿਸ਼ਾ ਹੈ ਪੰਜਾਬ ਦਾ ਇਤਿਹਾਸ । ਇਨ੍ਹਾਂ ਨੇ ਪੀ.ਐਚ.ਡੀ ਦੀ ਡਿਗਰੀ ਵਰਿਸ਼ਟ ਇਤਿਹਾਸਕਾਰ ਡਾ: ਗੁਰਸ਼ਰਨ ਸਿੰਘ ਜੀ ਦੀ ਸੁਪਰਵੀਜ਼ਨ ਵਿਚ ਪ੍ਰਾਪਤ ਕੀਤੀ। ਇਨ੍ਹਾਂ ਦੇ ਵੀਹ ਦੇ ਕਰੀਬ ਰਿਸਰਚ ਪੇਪਰ ਅਲਗ ਅਲਗ ਵਸ਼ਿਸ਼ਟ ਜਨਰਲਾਂ ਵਿਚ ਛਪੇ ਹਨ। ਲੇਖਕ ਦੀਆਂ ਪਹਿਲਾਂ ਚਾਰ ਪੁਸਤਕਾਂ 'Dynamics of Punjabi Suba Movement' , 'Voyage of Kamagata Maru', 'ਜੈਤੋ ਮੋਰਚੇ ਦਾ ਇਤਿਹਾਸ ਅਤੇ ' ਅੰਮ੍ਰਿਤਸਰ ਦਾ ਇਤਿਹਾਸ ' ਛਪ ਚੁੱਕੀਆਂ ਹਨ। ਡਾ: ਕਿਸ਼ਨ ਗੋਪਾਲ ਆਦਰਸ਼ ਭਾਰਤੀ ਕਾਲਜ਼ ਪਠਾਨਕੋਟ ਵਿਚ ਬਤੌਰ Associate professor ਕੰਮ ਕਰਦੇ ਹਨ। ਉਹ ਹੁਣ ਪੰਜਾਬ ਦੇ ਬਟਵਾਰੇ ਅਤੇ ਸਰਨਾਰਥੀਆਂ ਦੇ ਮੁੜ ਵਸੇਬੇ ਦੇ ਪ੍ਰੋਜੈਕਟ ਦੇ ਕੰਮ ਕਰ ਰਹੇ ਹਨ।

## ਅਧਿਆਇ—1
# ਭਾਈ ਮਹਾਰਾਜ ਸਿੰਘ

ਇਤਿਹਾਸ ਇਸ ਗੱਲ ਦੀ ਗਵਾਹੀ ਭਰਦਾ ਹੈ ਕਿ ਪੰਜਾਬੀਆਂ ਨੇ ਕਦੀ ਵੀ ਅੰਗਰੇਜ਼ਾਂ ਦੀ ਗੁਲਾਮੀ ਸਵੀਕਾਰ ਨਹੀਂ ਕੀਤੀ। ਭਾਈ **ਮਹਾਰਾਜ ਸਿੰਘ** ਇੱਕ ਅਜਿਹੇ ਵੀਰ ਯੋਧਾ ਸਨ ਜਿਨ੍ਹਾਂ ਨੇ ਅੰਗਰੇਜ਼ਾਂ ਵਿਰੁੱਧ ਕ੍ਰਾਂਤੀ ਕਰਨ ਦਾ ਉਪਰਾਲਾ ਕੀਤਾ। ਭਾਈ **ਨਿਹਾਲ ਸਿੰਘ** ਜੋ ਆਮ ਕਰਕੇ **ਮਹਾਰਾਜ ਸਿੰਘ** ਦੇ ਨਾਂ ਨਾਲ ਪ੍ਰਸਿੱਧ ਹੈ। ਨਿਹਾਲ ਸਿੰਘ ਬਚਪਨ ਤੋਂ ਹੀ ਧਾਰਮਿਕ ਰੁਚੀਆਂ ਵਾਲਾ ਸੀ ਤੇ ਜਲਦੀ ਹੀ ਨਿਰਮਲ ਡੇਰੇ ਵਿੱਚ ਸ਼ਾਮਿਲ ਹੋ ਗਏ। ਫਿਰ ਉਹ **ਭਾਈ ਬੀਰ ਸਿੰਘ** ਨੌਰੰਗਾਬਾਦ ਵਾਲੇ ਦੇ ਸੰਪਰਕ ਵਿੱਚ ਆਏ ਤੇ ਉਨ੍ਹਾਂ ਦੀ ਫਿਲਾਸਫੀ ਤੋਂ ਇੰਨਾਂ ਪ੍ਰਭਾਵਿਤ ਹੋਏ ਕਿ ਉਨਾਂ ਦੇ ਚੇਲੇ ਬਣ ਗਏ। ਇਨ੍ਹਾਂ ਦੀ ਭਗਤੀ ਭਾਵਨਾ ਤੋਂ ਪ੍ਰਭਾਵਿਤ ਹੋ ਕੇ ਲੋਕਾਂ ਨੇ ਨਿਹਾਲ ਸਿੰਘ ਨੂੰ ਮਹਾਰਾਜ ਕਹਿਣਾ ਸ਼ੁਰੂ ਕਰ ਦਿੱਤਾ। ਭਾਵੇਂ **ਭਾਈ ਬੀਰ ਸਿੰਘ** ਦਾ ਮੁੱਖ ਮੰਤਵ ਸਿੱਖਾਂ ਵਿੱਚ ਪਵਿੱਤਰਤਾ ਅਤੇ ਨਿਸ਼ਕਾਮ ਸੇਵਾ ਦਾ ਜਜ਼ਬਾ ਉਜਾਗਰ ਕਰਨਾ ਸੀ, ਪਰ ਮਹਾਰਾਜਾ ਰਣਜੀਤ ਸਿੰਘ ਦੀ ਮੌਤ ਤੋਂ ਬਾਅਦ ਪੰਜਾਬ ਵਿੱਚ ਉਪਜੀ ਰਾਜਨੀਤਿਕ ਅਸਥਿਰਤਾ ਅਤੇ ਭ੍ਰਿਸ਼ਟਾਚਾਰੀ ਤੋਂ ਤੰਗ ਆ ਕੇ **ਭਾਈ ਬੀਰ ਸਿੰਘ** ਨੇ ਫੈਲੀ ਰਾਜਨੀਤਿਕ ਬੇਚੈਨੀ ਬਾਰੇ ਆਪਣੇ ਵਿਚਾਰ ਪ੍ਰਗਟ ਕੀਤੇ। ਉਸ ਸਮੇਂ ਅੰਗਰੇਜ਼ਾਂ ਦੇ ਪਿੱਠੂ ਸੰਧਾਵਾਲੀਏ ਦੇ ਸਰਦਾਰ ਜਿਨ੍ਹਾਂ ਦਾ ਆਗੂ **ਲਹਿਣਾ ਸਿੰਘ** ਸੀ, ਹੋਰਾਂ ਨੇ ਬੀਰ ਸਿੰਘ ਦੇ ਡੇਰੇ ਤੇ ਹਥਿਆਰਬੰਦ ਸਾਥੀਆਂ ਸਮੇਤ ਹਮਲਾ ਬੋਲ ਦਿੱਤਾ। ਇਸ ਸਮੇਂ ਲੜਾਈ ਦੋ ਧਿਰਾਂ ਇੱਕ ਅੰਗਰੇਜ਼ ਪੱਖੀ ਲਹਿਣਾਂ ਸਿੰਘ ਅਤੇ ਅੰਗਰੇਜ਼ ਵਿਰੋਧੀ ਲਾਹੌਰ ਦਾ ਡੋਗਰਾ ਪ੍ਰਧਾਨ ਮੰਤਰੀ ਹੀਰਾ ਸਿੰਘ ਵਿਚਕਾਰ ਖੜਕ ਗਈ। ਪਰ ਅੰਗਰੇਜ਼ ਪੱਖੀਆਂ ਨੇ ਜਾਣਬੁੱਝ ਕੇ ਬੀਰ ਸਿੰਘ ਨੂੰ ਵਿੱਚ ਉਲਝਾ ਲਿਆ। ਸਰਹਾਲੀ ਦੇ ਸਥਾਨ ਤੇ ਲਹਿਣਾ ਸਿੰਘ ਦੇ ਹਥਿਆਰਬੰਦ ਦਸਤੇ ਨਾਲ ਨਿਬਟਣ ਲਈ ਹੀਰਾ ਸਿੰਘ ਨੂੰ ਸੈਨਿਕ ਦਸਤਾ ਭੇਜਣਾ ਪਿਆ। ਪਰ ਭਾਈ ਬੀਰ ਸਿੰਘ ਜਦੋਂ ਦੋਹਾ ਧਿਰਾਂ ਨੂੰ ਰੋਕਣ ਦਾ ਯਤਨ ਕਰ ਰਹੇ ਸਨ ਤਾਂ ਉਨ੍ਹਾਂ ਨੂੰ ਗੋਲੀ ਲੱਗ ਗਈ ਤੇ ਉਹ ਸ਼ਹੀਦ ਹੋ ਗਏ। ਇਸ ਨਾਲ ਹੀਰਾ ਸਿੰਘ ਲੋਕਾਂ ਵਿੱਚ ਬਦਨਾਮ ਹੋ ਗਿਆ ਤੇ ਲੋਕ ਉਸਦੇ ਵਿਰੁੱਧ ਹੋ ਗਏ ਅਤੇ ਅੰਤ ਹੀਰਾ ਸਿੰਘ ਦੇ ਪ੍ਰਸ਼ਾਸਨ ਦਾ ਅੰਤ ਹੋ ਗਿਆ ਜੋ ਅੰਗਰੇਜ਼ ਅਤੇ ਉਨ੍ਹਾਂ ਦੇ ਪਿੱਠੂ ਚਾਹੁੰਦੇ ਹਨ।

ਬਾਦ ਵਿੱਚ ਜਦੋਂ **ਭਾਈ ਮਹਾਰਾਜ਼ ਸਿੰਘ ਨੂੰ ਭਾਈ ਬੀਰ ਸਿੰਘ** ਦੀ ਗੱਦੀ ਲਈ ਵਾਰਸ ਵੱਜੋਂ ਚੁਣਿਆ ਗਿਆ, ਤਾਂ ਉਹ ਸਮਝਦੇ ਸਨ ਕਿ ਉਨ੍ਹਾਂ ਦੇ **ਗੁਰੂ ਭਾਈ ਬੀਰ ਸਿੰਘ** ਅੰਗਰੇਜ਼ਾਂ ਦੀ ਨੀਤੀ ਦਾ ਸ਼ਿਕਾਰ ਹੋਏ ਸਨ। ਸਿੱਖਾਂ ਤੇ ਅੰਗਰੇਜ਼ਾ ਦੀ 1845-46 ਦੀ ਲੜਾਈ ਤੋਂ ਬਾਅਦ ਅੰਗਰੇਜ਼ਾਂ ਨੇ ਲਾਹੌਰ ਸਰਕਾਰ ਦਾ ਅਧਿਕਾਰ ਸੰਭਾਲ ਲਿਆ ਤਾਂ ਛੇਤੀ ਹੀ ਮਹਾਰਾਜ ਸਿੰਘ ਨੂੰ ਰਸਤਾ ਸਾਫ਼ ਦਿਸ ਗਿਆ। ਉਸ ਨੇ ਧਰਮ

ਸੁਧਾਰ ਦੀ ਜਗਾ ਵਿਦੇਸ਼ੀ ਅਧਿਕਾਰ ਤੋਂ ਮੁਕਤੀ ਪ੍ਰਾਪਤ ਕਰਨ ਨੂੰ ਤਰਜੀਹ ਦਿੱਤੀ, ਇਸ ਕਾਰਨ ਉਸਨੇ ਭਾਈ ਬੀਰ ਸਿੰਘ ਦੀ ਗੱਦੀ ਇੱਕ ਹੋਰ ਚੇਲੇ ਨੂੰ ਸੰਭਾਲ ਦਿੱਤੀ ਤੇ ਆਪ ਅੰਮ੍ਰਿਤਕਸਰ ਆ ਕੇ ਆਪਣਾ ਸਦਰ ਮਕਾਮ 'ਸਮਦੂ ਕਾ ਤਲਾਬ' ਨਾਂ ਦੀ ਜਗਾ ਤੇ ਕਾਇਮ ਕਰ ਲਿਆ। ਇਸ ਨੇ 1847-49 ਵਿੱਚ ਸਰਕਾਰ ਖਾਲਸਾ ਦੀ ਖੁਦਮੁਖਤਿਆਰ ਬਾਦਸ਼ਾਹਤ ਨੂੰ ਖ਼ਤਮ ਹੋਣ ਤੋਂ ਬਚਾਉਣ ਦਾ ਕਠਿਨ ਕੰਮ ਆਪਣੇ ਜਿੰਮੇ ਲਿਆ ਸੀ। ਇਸ ਗੱਲ ਦਾ ਸਿਹਰਾ ਭਾਈ ਮਹਾਰਾਜ ਸਿੰਘ ਦੇ ਸਿਰ ਪੈਂਦਾ ਹੈ ਕਿ ਉਨ੍ਹਾਂ ਨੇ ਅੰਗਰੇਜ਼ਾਂ ਵਿਰੁੱਧ ਜੱਦੋ-ਜਹਿਦ ਜਾਰੀ ਰੱਖੀ।

ਮਹਾਰਾਜ ਸਿੰਘ ਦਾ ਕ੍ਰਾਂਤੀਕਾਰੀ ਜੀਵਨ ਪ੍ਰਸਿੱਧ-ਪ੍ਰੇਮਾ ਸਾਜਿਸ਼ ਕੇਸ ਨਾਲ ਆਰੰਭ ਹੁੰਦਾ ਹੈ। ਪ੍ਰੇਮਾ ਅਤੇ ਉਸਦਾ ਭਰਾ ਮੋਹਰਾ ਨੇ ਇੱਕ ਸਾਜ਼ਿਸ ਰਚੀ ਕਿ 21 ਅਪ੍ਰੈਲ 1847 ਨੂੰ ਅੰਗਰੇਜ਼ ਰੈਜੀਡੈਂਟ ਹੈਨਰੀ ਲਾਰੰਸ ਅਤੇ ਹੋਰ ਅੰਗਰੇਜ਼ਾਂ ਦੇ ਹਿਮਾਇਤੀ ਸਰਦਾਰਾਂ ਨੂੰ ਉਦੋ ਕਤਲ ਕਰ ਦਿੱਤਾ ਜਾਵੇ ਜਦੋਂ ਉਹ ਸ਼ਾਲੀਮਾਰ ਬਾਗ ਲਾਹੌਰ ਵਿੱਚ ਇੱਕ ਇਕਤੱਰਤਾ ਵਿੱਚ ਸ਼ਾਮਿਲ ਹੋਣ। ਮਹਾਰਾਜ਼ ਸਿੰਘ ਨੇ ਪ੍ਰੇਮਾ ਨੂੰ ਤਲਵਾਰ ਭੇਟ ਕਰਕੇ ਆਪਣੀ ਪ੍ਰਵਾਨਗੀ ਅਤੇ ਆਸ਼ੀਰਵਾਦ ਦੇ ਦਿੱਤਾ।[1] ਕਿਉਂਕਿ ਪੰਜਾਬ ਉੱਤੇ ਰਣਜੀਤ ਸਿੰਘ ਦੇ ਨਬਾਲਗ ਲੜਕੇ ਦਲੀਪ ਸਿੰਘ ਦੇ ਨਾਮਾਤਰ ਅਧੀਨ ਕਰ ਦਿੱਤਾ ਸੀ। ਪਰ ਅਸਲੀ ਅਧਿਕਾਰ ਤਾਂ ਹੈਨਰੀ ਲਾਰੰਸ ਦੇ ਕੋਲ ਸਨ ਜੋ ਬ੍ਰਿਟਿਸ਼ ਗਵਰਨਰ ਜਨਰਲ ਦਾ ਏਜੰਟ ਸੀ।

ਹੈਨਰੀ ਲਾਰੰਸ ਨੂੰ ਮਾਰਚ 1847 ਵਿੱਚ ਇਹ ਰਿਪੋਰਟਾਂ ਪਹੁੰਚ ਗਈਆਂ ਸਨ ਕਿ ਅੰਮ੍ਰਿਤਸਰ ਵਿੱਚ ਮਹਾਰਾਜ਼ ਸਿੰਘ ਦਾ ਡੇਰਾ ਸਿਆਸੀ ਸਰਗਰਮੀਆਂ ਦਾ ਗੜ੍ਹ ਬਣਿਆ ਹੋਇਆ ਸੀ।[2] ਮਹਾਰਾਣੀ ਜਿੰਦਾ ਅਤੇ ਦੇਸ਼ ਪ੍ਰੇਮੀ ਮਹਾਰਾਜ ਸਿੰਘ ਇਸ ਮਸਲੇ ਵਿੱਚ ਪੂਰੀ ਦਿਲਚਸਪੀ ਲੈ ਰਹੇ ਸਨ। ਹੈਨਰੀ ਲਾਰੰਸ ਨੇ ਮਹਾਰਾਜ ਸਿੰਘ ਨੂੰ ਅੰਮ੍ਰਿਤਸਰ ਨੂੰ ਛੱਡ ਕੇ 25 ਮੀਲ ਦੂਰ ਔਰੰਗਾਂਬਾਦ ਦੇ ਡੇਰੇ ਵਿੱਚ ਵਿਸ਼ਰਾਮ ਕਰਨ ਦਾ ਹੁਕਮ ਦਿੱਤਾ।[3]

ਤਿੰਨ ਦਿਨ ਪਹਿਲਾਂ ਹੀ ਸਾਜਿਸ਼ ਦਾ ਪਤਾ ਲੱਗ ਗਿਆ ਸੀ ਅਤੇ ਪ੍ਰੇਮਾ ਅਤੇ ਉਸਦੇ ਸਾਥੀਆਂ ਨੂੰ ਮਈ 1847 ਵਿੱਚ ਗ੍ਰਿਫਤਾਰ ਕਰਕੇ ਲਾਹੋਰ ਲਿਆਂਦਾ ਗਿਆ। ਹੈਨਰੀ ਲਾਰੰਸ ਨੇ ਗਵਰਨਰ ਜਨਰਲ ਨੂੰ ਆਪਣੀ ਰਿਪੋਰਟ ਵਿੱਚ ਲਿਖਿਆ ਹੈ ਕਿ ਇਸ ਸਾਜਿਸ਼ ਵਿੱਚ ਮਹਾਰਾਜ ਸਿੰਘ ਸ਼ਾਮਿਲ ਸੀ[4] ਤੇ ਉਸ ਨੇ ਵੀ ਪ੍ਰੇਮਾ ਨੂੰ ਉਹੀ ਕੰਮ ਸੌਂਪੇ ਜ਼ੋ ਮਹਾਰਾਣੀ ਜਿੰਦਾ ਨੇ ਸੋਪੇ ਸੀ। ਰੈਜ਼ੀਡੈਂਟ ਨੇ ਭਾਈ ਮਹਾਰਾਜ ਸਿੰਘ ਨੂੰ ਕੌਂਸਲ ਦੇ ਸਾਹਮਣੇ ਪੇਸ਼ ਹੋਣ ਦਾ ਹੁਕਮ ਦਿੱਤਾ। ਪਰ ਮਹਾਰਾਜ ਸਿੰਘ ਗ੍ਰਿਫਤਾਰੀ ਤੋਂ ਬਚਣ ਲਈ ਰੂਪ-ਪੋਸ਼ ਹੋ ਗਿਆ। ਰੈਜ਼ੀਡੈਂਟ ਨੇ ਅੰਮ੍ਰਿਤਸਰ ਤੇ ਔਰਗਾਬਾਦ ਦੇ ਡੇਰਿਆਂ ਨਾਲ ਸਬੰਧਤ ਸਾਰੀ ਜਾਇਦਾਦ ਜਬਤ ਕਰ ਲਈ ਅਤੇ ਮਹਾਰਾਜ ਦੇ ਨਿੱਜੀ ਸੇਵਾਦਾਰਾਂ ਨੂੰ ਗਿਫਤਾਰ ਕਰ ਲਿਆ। ਭਾਈ ਮਹਾਰਾਜ ਦੀ ਗ੍ਰਿਫਤਾਰੀ ਲਈ 1000 ਰੁਪਏ ਇਨਾਮ ਰੱਖਿਆ ਗਿਆ,[5] ਜੋ ਬਾਅਦ ਵਿਚ ਵਧਾ ਕੇ 10000 ਕਰ ਦਿੱਤਾ ਗਿਆ। ਇਹੋ ਜਿਹੀਆਂ ਕਾਰਵਾਈਆਂ ਵੀ ਮਹਾਰਾਜ ਸਿੰਘ ਨੂੰ ਆਪਣੇ ਮਿੱਥੇ ਰਸਤੇ ਤੋਂ ਨਹੀਂ ਰੋਕ

ਸਕੀਆਂ। ਇਹ ਅੰਗਰੇਜ਼ਾਂ ਅਤੇ ਭਾਈ ਮਹਾਰਾਜ ਸਿੰਘ ਵਿੱਚ ਖੁੱਲੀ ਲੜਾਈ ਦਾ ਆਰੰਭ ਸੀ।

ਦੀਵਾਨ ਮੂਲ ਰਾਜ ਮੁਲਤਾਨ ਦਾ ਗਵਰਨਰ ਸੀ। ਪਰ ਲਾਹੌਰ ਦਰਬਾਰ ਵਿੱਚ ਮੂਲ ਰਾਜ਼ ਦੇ ਵਿਰੁੱਧ ਕਾਫ਼ੀ ਪ੍ਰਚਾਰ ਲਾਲ ਸਿੰਘ ਦੀ ਅਗਵਾਈ ਵਿੱਚ ਹੋ ਰਿਹਾ ਸੀ। ਅਸਲ ਵਿੱਚ ਮੁਲਤਾਨ ਵਪਾਰ ਦਾ ਵੱਡਾ ਕੇਦਰ ਸੀ, ਜਿਸ ਤੇ ਅੰਗਰੇਜ਼ਾਂ ਦੀ ਨਜ਼ਰ ਸੀ ਉਹ ਤੇ ਕਈ ਤਰੀਕਿਆਂ ਨਾਲ ਮੂਲ ਰਾਜ ਨੂੰ ਤੰਗ ਕਰਨ ਲੱਗੇ, ਜਿਸ ਨਾਲ ਮੂਲ ਰਾਜ਼ ਦਾ ਅੰਗਰੇਜ਼ਾਂ ਤੋਂ ਵਿਸ਼ਵਾਸ ਖ਼ਤਮ ਹੋ ਗਿਆ ਉਸਨੇ ਅੰਗਰੇਜ਼ਾਂ ਵਿਰੁੱਧ ਬਗਾਵਤ ਕਰ ਦਿੱਤੀ। ਮਹਾਰਾਣੀ ਜਿੰਦਾਂ ਨੇ ਮੂਲ ਰਾਜ਼ ਨਾਲ ਸਾਂਝਾ ਮੋਰਚਾ ਬਣਾਉਣ ਲਈ ਆਪਣੀ ਭਰੋਸੇਯੋਗ ਨੌਕਰਾਣੀ ਜੁਵਾਈ ਨੂੰ ਭੇਜਿਆ।[6] ਉਧਰ ਮੂਲ ਰਾਜ਼ ਦੁਆਰਾ ਜਦੋਂ ਭਾਈ ਮਹਾਰਾਜ ਕੋਲੋ ਸਹਾਇਤਾ ਮੰਗੀ ਤਾਂ ਭਾਈ ਸਾਹਿਬ ਨੇ 400 ਘੋੜ ਸਵਾਰਾਂ ਸਾਹਿਤ ਮੁਲਤਾਲ ਵੱਲ ਕੂਚ ਕੀਤਾ। ਅੰਗਰੇਜ਼ਾਂ ਨੇ ਬੜੀ ਕੋਸ਼ਿਸ਼ ਕੀਤੀ ਕਿ ਮਹਾਰਾਜ ਸਿੰਘ ਨੂੰ ਮੁਲਤਾਨ ਨਾ ਪਹੁੰਚਣ ਦਿੱਤਾ ਜਾਵੇ ਅਤੇ ਗ੍ਰਿਫਤਾਰ ਕਰ ਲਿਆ ਜਾਵੇ, ਪਰ ਉਹ ਮੁਲਤਾਨ ਪਹੁੰਚੇ ਤੇ 10 ਦਿਨਾਂ ਤੱਕ ਮੁਲਤਾਨ ਵਿੱਚ ਰਹਿ ਕੇ ਮੂਲਰਾਜ਼ ਦੀ ਮਦਦ ਕਰਦੇ ਰਹੇ।[7]

**ਚਤਰ ਸਿੰਘ ਅਟਾਰੀਵਾਲਾ** ਲਾਹੌਰ ਰਾਜ ਦੇ ਪ੍ਰਮੁੱਖ ਸਰਦਾਰਾਂ ਵਿੱਚੋਂ ਇੱਕ ਸੀ। ਉਸਨੂੰ ਹਜ਼ਾਰਾ ਦਾ ਗਵਰਨਰ ਬਣਾਇਆ ਗਿਆ। **ਚਤਰ ਸਿੰਘ** ਦੇ ਪੁੱਤਰ **ਸ਼ੇਰ ਸਿੰਘ** ਨੂੰ ਵੀ ਰਾਜੇ ਦਾ ਖਿਤਾਬ ਮਿਲਿਆ ਅਤੇ ਰੀਜੰਸੇ ਦਾ ਮੈਂਬਰ ਬਣਾ ਦਿੱਤਾ ਗਿਆ। ਚਤਰ ਸਿੰਘ ਦੀ ਪੁੱਤਰੀ ਦੀ ਮੰਗਣੀ **ਮਹਾਰਾਜਾ ਦਲੀਪ ਸਿੰਘ** ਨਾਲ ਹੋਈ ਸੀ। ਅੰਗਰੇਜ਼ ਅਫਸਰਾਂ ਦੇ ਜਾਣਬੁੱਝ ਕੇ ਦੋਨਾਂ ਦੇ ਵਿਆਹ ਦੀ ਮਿਤੀ ਮੁਕੱਰਰ ਨਹੀਂ ਕੀਤੀ ਅਤੇ ਇਨਕਾਰ ਕਰਨ ਤੇ ਅਟਾਰੀ ਵਾਲੇ ਸਰਦਾਰ **ਚਤਰ ਸਿੰਘ ਅਤੇ ਸ਼ੇਰ ਸਿੰਘ** ਖਫਾ ਹੋ ਗਏ। **ਮਹਾਰਾਜ ਸਿੰਘ** ਨੇ ਤੁਰੰਤ ਫੈਸਲਾ ਕੀਤਾ ਕਿ ਅੰਗਰੇਜ਼ਾਂ ਦੇ ਵਿਰੁੱਧ ਅਟਾਰੀਵਾਲਿਆਂ ਦੇ ਹੱਥ ਮਜ਼ਬੂਤ ਕਰੇ। ਇਸ ਮੰਤਵ ਲਈ ਅਟਾਰੀਵਾਲਿਆਂ ਨੂੰ ਮਿਲਣ ਦਾ ਫੈਸਲਾ ਕੀਤਾ। **ਸੋਹਨ ਲਾਲ ਸੂਰੀ** ਜੋ **ਉਮਦਤੁਲ ਤਵਾਰੀਖ** ਦਾ ਲੇਖਕ ਹੈ, ਲਿਖਦਾ ਹੈ ਕਿ **ਮਹਾਰਾਜ਼ ਸਿੰਘ ਸ਼ੇਰ ਸਿੰਘ** ਨੂੰ ਰਾਮ ਨਗਰ ਕੋਲ ਮਿਲਦਾ ਹੈ ਅਤੇ ਫੇਰ ਦੋਵਾਂ ਨੇ ਮਿਲਕੇ ਅੰਗਰੇਜ਼ਾਂ ਦਾ ਸਾਹਮਣਾ ਕੀਤਾ। ਹੁਣ ਤੱਕ ਚਤਰ ਸਿੰਘ ਜੋ ਪਹਿਲਾਂ ਹੀ ਅੰਗਰੇਜ਼ਾਂ ਵਿਰੁੱਧ ਬਗਾਵਤ ਦਾ ਵਿਗੁਲ ਵਜਾ ਚੁੱਕਾ ਸੀ, ਉਸਨੂੰ ਮਹਾਰਾਜ ਸਿੰਘ ਦੇ ਨਾਲ ਆ ਜਾਣ ਕਰਕੇ ਕਾਫੀ ਸਫਲਤਾ ਮਿਲੀ। ਪਰ ਜਲਦੀ ਹੀ 10 ਮਾਰਚ 1849 ਨੂੰ ਗੁਜ਼ਾਰਤ ਦੀ ਲੜਾਈ ਵਿੱਚ ਅਸਫਲਤਾ ਨਾਲ ਅਟਾਰੀ ਵਾਲੇ ਸਰਦਾਰ ਹੋਸਲਾ ਛੱਡ ਗਏ ਤੇ ਉਨਾਂ ਨੇ ਅੰਗਰੇਜ਼ ਜਨਰਲ ਗਿਲਬਰਟ ਅੱਗੇ ਹਥਿਆਰ ਸੁੱਟ ਦਿੱਤੇ। ਮਹਾਰਾਜ਼ ਸਿੰਘ ਨੂੰ ਬੜੀ ਨਿਰਾਸ਼ਾ ਹੋਈ, ਪਰ ਉਸਨੇ ਇਕੱਲੇ ਹੀ ਲੜਣ ਦਾ ਫੈਸਲਾ ਕਰ ਲਿਆ।

ਮਹਾਰਾਜ ਸਿੰਘ ਅੰਗਰੇਜ਼ਾਂ ਦੀ ਗ੍ਰਿਫਤਾਰੀ ਤੋਂ ਬਚਣ ਲਈ ਜੰਮੂ ਚਲਿਆ ਗਿਆ, ਅਤੇ ਉੱਥੇ ਹੀ ਦੇਵੀ ਬਟਾਲਾ 'ਚ ਕੇਦਰ ਬਣਾ ਕੇ ਆਪਦੇ ਮਿਸ਼ਨ ਨੂੰ ਪੂਰਾ

ਕਰਨ ਲਈ ਪ੍ਰੋਗਰਾਮ ਬਣਾਉਣੇ ਸ਼ੁਰੂ ਕਰ ਦਿੱਤੇ। ਬਾਅਦ ਵਿੱਚ ਅਗਸਤ, 1849 ਵਿੱਚ ਮਹਾਰਾਜ ਸਿੰਘ ਬਟਾਲਾ ਆ ਗਏ।[8]

ਮਹਾਰਾਜ ਸਿੰਘ ਨੇ ਮਹਾਰਾਜਾ ਦਲੀਪ ਸਿੰਘ ਨੂੰ ਅੰਗਰੇਜ਼ਾਂ ਦੇ ਕਬਜ਼ੇ ਤੋਂ ਰਿਹਾ ਕਰਵਾਉਣ ਦੀ ਯੋਜਨਾ ਬਣਾਈ। ਇਸ ਮਿਸ਼ਨ ਲਈ ਚੁਣੇ ਹੋਏ 20 ਵਿਅਕਤੀਆ ਨੂੰ ਲਾਇਆ ਗਿਆ, ਪਰ ਅੰਗਰੇਜ਼ਾ ਨੂੰ ਇਸ ਸਾਜਿਸ਼ ਦਾ ਪਤਾ ਲੱਗ ਲਿਆ ਤੇ ਯੋਜ਼ਨਾ ਸਿਰੇ ਨਾ ਚੜ ਸੀ।[9] ਮਹਾਰਾਜ ਸਿੰਘ ਨੇ ਅੰਗਰੇਜ਼ਾਂ ਖਿਲਾਫ ਸੰਘਰਸ਼ ਕਰਨ ਲਈ ਆਪਣੇ ਸੇਵਕਾਂ ਨੂੰ ਪੰਜਾਬ ਦੇ ਵੱਖ-ਵੱਖ ਹਿੱਸਿਆਂ ਵਿੱਚ ਵਲੰਟੀਅਰ ਭਰਤੀ ਕਰਨ ਤੇ ਨਕਦੀ ਇਕੱਠੀ ਕਰਨ ਲਈ ਭੇਜਿਆ।[10] ਆਪਣੇ ਸੇਵਕਾਂ ਨੂੰ ਵੱਖ-ਵੱਖ ਦਿਸ਼ਾਵਾਂ ਵੱਲ ਭੇਜਣ ਤੋਂ ਬਾਅਦ ਮਹਾਰਾਜ਼ ਸਿੰਘ ਨੇ ਆਪ ਵੀ ਮਹੱਤਵਪੂਰਨ ਅਸਥਾਨਾਂ ਦਾ ਦੌਰਾ ਕੀਤਾ ਜਿਨ੍ਹਾਂ ਵਿੱਚ ਹੁਸ਼ਿਆਰਪੁਰ, ਕਪੂਰਥਲਾ ਅਤੇ ਅੰਮ੍ਰਿਤਸਰ ਪ੍ਰਮੁੱਖ ਸਨ, ਉਨ੍ਹਾਂ ਨੂੰ ਇਸ ਦੌਰੇ ਵਿੱਚ ਜਨਤਾ ਦਾ ਪੂਰਾ ਸਹਿਯੋਗ ਮਿਲਿਆ।

## Notes and References :


1. M. Greor, The History of the Sikhs, Vol. 2, London, 1846.
2. Lahore Political Diaries, Vol. III, p.75, 110-111
3. Suri Sohan Lal, Umdat-i-Tawarikh, Delhi, 1960. p.37
4. Lahore Political Diaries, Vol. III, p. 75, 110-111
5. Lahore Political Diaries, Vol. III, p.75, 180-188.
6. Secret Consultation, 26 Dec 1845, No. 952.
7. Lahore Political Diaries, Vol. III, p.18.
8. Secret Consulation, No. 21, 4 Jan, 1851.
9. Calcutta review, Vol-I, XXI, 1854.
10. Secret Consultation, 31 Jan 1851, No. 250.
11. Secret Consultation, 31 May 1850, No. 107.
12. Secret Consultation, 26 April 1850, No. 99

## ਅਧਿਆਇ—2

# 1857 ਦਾ ਮਹਾਂ-ਸੰਗਰਾਮ ਅਤੇ ਪੰਜਾਬ

ਬ੍ਰਿਟਿਸ਼ ਇਤਿਹਾਸਕਾਰ ਅਤੇ ਕੁਝ ਭਾਰਤੀ ਇਤਿਹਾਕਾਰਾਂ ਨੇ ਇਕ ਭਰਮ ਫੈਲਾਇਆ ਕਿ 1857 ਦੇ ਮਹਾਂ-ਸੰਗਰਾਮ ਦੇ ਸਮੇਂ ਪੰਜਾਬ ਅੰਗਰੇਜ਼ਾ ਪ੍ਰਤੀ ਵਫਾਦਾਰ ਰਿਹਾ। ਪਰ ਪੰਜਾਬ ਦਾ ਇਤਿਹਾਸ ਦੱਸਦਾ ਹੈ ਕਿ ਪੰਜਾਬੀਆਂ ਨੇ ਹਮੇਸ਼ਾ ਹੀ ਗੁਲਾਮੀ ਅਤੇ ਜ਼ੁਲਮ ਦਾ ਡਟ ਕੇ ਵਿਰੋਧ ਕੀਤਾ।[1] ਉਨ੍ਹਾਂ ਨੇ ਕਦੀ ਵੀ ਦਮਨਕਾਰੀਆਂ ਅਤੇ ਆਕਰਮਣਕਾਰੀਆ ਨਾਲ ਕੋਈ ਸਮਝੌਤਾ ਨਹੀਂ ਕੀਤਾ ਸਗੋਂ ਦੁਸ਼ਮਣਾਂ ਦੇ ਛੱਕੇ ਛੁਡਾਏ।

1849 ਵਿੱਚ ਅੰਗਰੇਜ਼ਾਂ ਨੇ ਜਬਰਦਸ਼ਤ ਵਿਸ਼ਵਾਸਘਾਤ ਕਰਕੇ ਪੰਜਾਬ ਨੂੰ ਅੰਗਰੇਜ਼ੀ ਰਾਜ ਵਿੱਚ ਸ਼ਾਮਿਲ ਕਰ ਲਿਆ। ਅੰਗਰੇਜ਼ਾਂ ਨੇ ਪੰਜਾਬ ਨੂੰ ਨੇਤਰਤੱਵਹੀਣ ਅਤੇ ਸ਼ਸ਼ਤੱਰਹੀਣ ਕਰ ਦਿੱਤਾ। ਪੰਜਾਬ ਸੀਮਾਵਰਤੀ ਰਾਜ਼ ਹੋਣ ਕਰਕੇ ਬ੍ਰਿਟਿਸ਼ ਸਰਕਾਰ ਨੇ ਇਸ ਵੱਲ ਵਿਸ਼ੇਸ਼ ਧਿਆਨ ਦਿੱਤਾ। ਬੰਗਾਲ ਸੈਨਾਂ ਦਾ ਚੌਥਾ ਭਾਗ 59656 ਸੈਨਾਂ ਇਕੱਲੇ ਪੰਜਾਬ ਵਿੱਚ ਸੀ।[2] ਉਸ ਸਮੇਂ ਬ੍ਰਿਟਿਸ਼ ਸਰਕਾਰ ਦੇ ਕੋਲ ਪੰਜਾਬ ਵਿੱਚ ਸੁਲਝਿਆ ਹੋਇਆ ਚੀਫ ਕਮਿਸ਼ਨਰ ਜਾਨ ਲਾਰੰਸ ਸੀ। ਅੰਬਾਲਾ ਵਿੱਚ ਸੈਨਿਕਾਂ ਦੀ ਬਗਾਵਤ 10 ਮਈ ਨੂੰ ਹੋਈ ਮੰਨੀ ਜਾਦੀ ਹੈ, ਪਰ ਉਹ ਅਸਫਲ ਹੋ ਗਈ।[3] ਅੰਗਰੇਜ਼ੀ ਸਰਕਾਰ ਨੇ ਯੋਜ਼ਨਾ ਬਣਾ ਕੇ ਪੰਜਾਬ ਵਿੱਚ ਭਾਰਤੀ ਸੈਨਾਵਾਂ ਨੂੰ ਸ਼ਸਤਰਹੀਣ ਕਰ ਦਿੱਤਾ।

### ਪੰਜਾਬ ਸੈਨਾ ਦਾ ਨਿਸਸ਼ਤਰੀਕਰਨ

**ਮਿਆਮੀਰ ਤੇ ਲਾਹੌਰ**—ਸਭ ਤੋਂ ਪਹਿਲਾਂ ਦਿੱਲੀ ਵਿੱਚ ਹੋਏ ਸੰਘਰਸ਼ ਦੀ ਸੂਚਨਾਂ ਤਾਰ ਵਿਭਾਗ ਦੁਆਰਾ ਲਾਹੌਰ ਭੇਜੀ ਗਈ। ਉਸ ਸਮੇਂ ਚੀਫ ਕਮਿਸ਼ਨਰ ਪੰਜਾਬ ਜਾਨ ਲਾਰੰਸ, ਪੰਜਾਬ ਵਿੱਚ ਨਹੀਂ ਸੀ ਤਾਂ ਦੂਜਾ ਪ੍ਰਮੁੱਖ ਅਧਿਕਾਰੀ ਰਾਬਰਟ ਮਿੰਟਗੁਮਰੀ ਤੁਰੰਤ ਮਿਆਂਮੀਰ ਛਾਉਣੀ ਪਹੁੰਚਿਆ। ਭਾਰਤੀ ਸੈਨਿਕਾਂ ਨੂੰ ਨਿਹੱਥੇ ਕਰਨ ਦੀ ਯੋਜ਼ਨਾ ਬਣੀ। ਤਿੰਨ ਕੰਪਨੀਆਂ ਲਾਹੌਰ ਕਿਲ੍ਹੇ ਦੀ ਸੁਰੱਖਿਆ ਲਈ ਭੇਜ ਦਿੱਤੀਆਂ ਗਈਆ। 13 ਮਈ ਦੀ ਸਵੇਰ ਨੂੰ ਸਾਰੇ ਸੈਨਿਕਾਂ ਨੂੰ ਪਰੇਡ ਲਈ ਬਲਾਇਆ ਗਿਆ। ਉਨ੍ਹਾਂ ਦੇ ਪਿੱਛੇ ਅੰਗਰੇਜ਼ ਸੈਨਾਂ ਨੂੰ ਬੰਦੂਕਾਂ ਵਿੱਚ ਗੋਲੀਆਂ ਨਾਲ ਲੈਸ ਕਰਕੇ ਘੇਰਾ ਬਣਾਇਆ ਗਿਆ, ਨਾਲ ਹੀ 12 ਤੋਪਾਂ ਨੂੰ ਤਿਆਰ ਰੱਖਿਆਂ ਗਿਆ। ਕੋਰਬੇਟ ਨੇ ਭਾਰਤੀ ਸੈਨਿਕਾਂ ਨੂੰ ਹਥਿਆਰ ਸੁੱਟਣ ਲਈ ਕਿਹਾ।[4] ਕੁਝ ਮਿੰਟਾਂ ਵਿੱਚ 300 ਭਾਰਤੀ ਸੈਨਿਕਾਂ ਨੂੰ ਬੇਹਥਿਆਰ ਕਰ ਦਿੱਤਾ। ਇਸ ਘਟਨਾਂ ਨੇ ਪੰਜਾਬ ਵਿੱਚ ਹੋਣ ਵਾਲੇ ਭਿਆਨਕ ਸੰਘਰਸ਼ ਨੂੰ ਕੁਝ ਹੱਦ ਤੱਕ ਬਚਾ ਲਿਆ। ਇਸ ਤਰ੍ਹਾਂ 5 ਮੀਲ ਦੀ ਦੂਰੀ ਤੇ 300 ਸੈਨਿਕਾਂ ਨੂੰ ਲਾਹੌਰ ਭੇਜਕੇ ਉੱਥੇ ਦੇ ਸੈਨਿਕਾਂ ਨੂੰ ਬੇਹਥਿਆਰ ਕਰ ਦਿੱਤਾ।

**ਫਿਰੋਜ਼ਪੁਰ**—13 ਮਈ ਨੂੰ ਹੀ ਫਿਰੋਜ਼ਪੁਰ ਦੀ 45ਵੀ ਭਾਰਤੀ ਸੈਨਾ ਤੇ 57ਵੀ

ਭਾਰਤੀ ਸੈਨਾ ਨੇ ਅੰਗਰੇਜ਼ਾਂ ਵਿਰੁੱਧ ਵਿਦਰੋਹ ਕਰ ਦਿੱਤਾ। ਸੈਨਾਂ ਨੇ ਕਈ ਸਰਕਾਰੀ ਭਵਨਾਂ ਨੂੰ ਅੱਗ ਲਗਾ ਦਿੱਤੀ। ਪਰ ਅਗਲੇ ਦਿਨ ਅੰਗਰੇਜ਼ ਸੈਨਾਂ ਨੇ ਸਖਤੀ ਨਾਲ ਦਮਨ ਕੀਤਾ। 13 ਜੂਨ ਨੂੰ ਅਨੇਕਾਂ ਭਾਰਤੀ ਸੈਨਿਕਾਂ ਨੂੰ ਫਾਂਸੀ ਦੇ ਦਿੱਤੀ ਗਈ।[5] ਅਗਸਤ ਵਿੱਚ 10ਵੀ ਲਾਇਟ ਕਵੈਲਰੀ ਨੂੰ ਬੇਹਥਿਆਰ ਕਰ ਦਿੱਤਾ ਗਿਆ ਪਰ ਸੈਨਿਕ ਘੋੜੇ ਲੈ ਕੇ ਭੱਜ ਗਏ ਤਾਂ ਬ੍ਰਿਗੇਡੀਅਰ (Innes) ਇਨੇਸ਼ ਨੇ ਉਨ੍ਹਾਂ ਦਾ ਪਿੱਛਾ ਕੀਤਾ ਤੇ ਦਾਵਾ ਕੀਤਾ ਕਿ ਉਸਨੇ ਘੋੜੇ ਉੱਤੇ ਬੈਠੇ 100 ਭਾਰਤੀ ਸੈਨਿਕਾਂ ਨੂੰ ਮੌਤ ਦੇ ਘਾਟ ਉਤਾਰ ਦਿੱਤਾ ਹੈ।

**ਅੰਮ੍ਰਿਤਸਰ ਤੇ ਗੋਬਿੰਦਗੜ੍ਹ**—ਪੰਜਾਬ ਦੀ ਧਾਰਮਿਕ ਤੇ ਸੰਸਕ੍ਰਿਤਿਕ ਰਾਜਧਾਨੀ ਅੰਮ੍ਰਿਤਸਰ ਅਤੇ ਗੋਬਿੰਦਗੜ੍ਹ ਛਾਉਣੀ ਵਿੱਚ ਵੀ ਬੜੇ ਨਾਟਕੀ ਢੰਗ ਨਾਲ ਸੈਨਿਕਾ ਨੂੰ ਬੇਹਥਿਆਰ ਕੀਤਾ ਗਿਆ। 13 ਮਈ ਦੀ ਰਾਤ ਨੂੰ ਦੋ ਵਜੇ ਇਕ (ਘੋੜਾ ਗੱਡੀ) ਵਿੱਚ ਅੰਗਰੇਜ਼ ਸੈਨਿਕਾਂ ਨੂੰ ਬਿਠਾ ਕੇ ਅੰਮ੍ਰਿਤਸਰ ਭੇਜ ਦਿੱਤਾ ਗਿਆ ਅਗਲੇ ਦਿਨ ਗੋਬਿੰਦਗੜ੍ਹ ਦੀ ਛਾਉਣੀ ਵਿੱਚ ਵੀ ਭਾਰਤੀ ਸੈਨਿਕਾਂ ਨੂੰ ਬੇਹਥਿਆਰ ਕਰ ਦਿੱਤਾ ਗਿਆ।

**ਜਲੰਧਰ ਫਿਲੌਰ**—ਜਲੰਧਰ ਛਾਉਣੀ ਪੰਜਾਬ ਦੀ ਪ੍ਰਮੁੱਖ ਛਾਉਣੀ ਸੀ ਅਤੇ ਪੰਜਾਬ ਦਾ ਸਭ ਤੋਂ ਵੱਡਾ ਸ਼ਾਸਤਰਗਾਰ ਫਿਲੌਰ ਵਿੱਚ ਸੀ।[6] ਇੱਥੇ 36ਵੀ ਅਤੇ 91ਵੀ ਭਾਰਤ ਸੈਨਾਂ ਨੇ ਸੰਘਰਸ਼ ਕੀਤਾ। ਦਿੱਲੀ ਤੋਂ ਕਰਨਲ ਹਾਟਰਲੇ ਨੇ ਕੁਝ ਬ੍ਰਿਟਿਸ਼ ਕੰਪਨੀਆ ਨੂੰ ਸ਼ਾਸਤਰਗਾਰ ਦੀ ਸੁਰੱਖਿਆ ਲਈ ਫਿਲੌਰ ਭੇਜਿਆ। ਵਿਦਰੋਹ ਹੋਣ ਤੇ ਕੁਝ ਅੰਗਰੇਜ਼ ਮਾਰੇ ਗਏ ਥਾਮਸ਼ਨ ਏਨਕੀਨ ਨੂੰ ਸ਼ਾਸਤਰਗਾਰ ਦੀ ਦੇਖਭਾਲ ਲਈ ਲਗਾਇਆ ਗਿਆ।

**ਪਿਸ਼ਾਵਰ ਘਾਟੀ, ਹੋਤੀ ਮਰਦਾਨ, ਕੋਹਾਟ, ਡੇਰਾਜਤ**—ਬ੍ਰਿਟਿਸ਼ ਸ਼ਾਸਨ ਲਈ ਪਿਸ਼ਾਵਰ ਡਵੀਜ਼ਨ ਦੀ ਸੁਰੱਖਿਆ ਬੜੀ ਮਹੱਤਵਪੂਰਨ ਸੀ। ਪਿਸ਼ਾਵਰ ਘਾਟੀ ਵਿੱਚ ਕੇਵਲ ਹੋਤੀ ਮਰਦਾਨ ਵਿੱਚ ਗਾਇਡ ਕਾਰਪਸ ਤੋਂ ਇਲਾਵਾ ਕੁਝ ਸੈਨਿਕ ਪੁਲਿਸ, ਤਿੰਨ ਫੀਲਡ ਬੈਟੀਜ਼, ਇਕ ਘੋੜਸਵਾਰ ਤੋਪਖਾਨਾ ਅਤੇ 11000 ਨਿਯਮਤ ਸੈਨਾ ਸੀ। ਮੇਰਠ ਵਿੱਚ ਵਿਦਰੋਹ ਦਾ ਸਮਾਚਾਰ 11 ਮਈ ਨੂੰ ਮਿਲਦੇ ਹੀ 64ਵੀ ਅਤੇ 55ਵੀ ਭਾਰਤੀ ਸੈਨਾਂਵਾਂ ਨੂੰ ਉੱਥੋਂ ਹਟਾ ਦਿੱਤਾ ਗਿਆ। 64ਵੀ ਸੈਨਾ ਦੇ ਸੈਨਿਕਾਂ ਨੂੰ ਸੀਮਾਵਰਤੀ ਚੌਕੀਆਂ ਤੈਨਾਤ ਕੀਤਾ ਅਤੇ 55ਵੀ ਭਾਰਤੀ ਸੈਨਾਂ ਨੂੰ ਹੋਤੀ ਮਰਦਾਨ ਭੇਜ ਦਿੱਤਾ ਗਿਆ।[7] ਪਿਸ਼ਾਵਰ ਵਿੱਚ 21 ਮਈ ਦੀ ਰਾਤ ਨੂੰ ਪੰਜ ਵਿੱਚੋਂ ਚਾਰ ਭਾਰਤੀ ਰੈਜੀਮੈਂਟਾਂ ਨੂੰ ਬੇਹਥਿਆਰ ਕਰ ਦਿੱਤਾ। ਹੋਤੀ ਮਰਦਾਨ ਵਿੱਚ ਭਾਰਤੀ ਸੈਨਾ ਦਾ ਵਿਦਰੋਹ ਦਬਾਉਣ ਲਈ ਬ੍ਰਿਟਿਸ਼ ਸੈਨਾ ਭੇਜੀ ਗਈ। ਇੱਥੇ 550 ਭਾਰਤੀ ਸੈਨਿਕ ਮਾਰੇ ਗਏ।[8] ਇਸ ਤਰ੍ਹਾਂ ਅੰਗਰੇਜ਼ਾਂ ਨੇ ਪਿਸ਼ਾਵਰ, ਡੇਰਾਜਾਤ ਕੋਹਾਟ ਵਿੱਚ ਵਿਦਰੋਹ ਨੂੰ ਦਬਾਉਣ ਵਿੱਚ ਸਫਲਤਾ ਪ੍ਰਾਪਤ ਕੀਤੀ।[9]

**ਲੁਧਿਆਣਾ**—ਲੁਧਿਆਣਾ ਵਿੱਚ ਅੰਗਰੇਜ਼ਾਂ ਪ੍ਰਤੀ ਅਸੰਤੋਸ਼ ਸੀ। 1885 ਵਿੱਚ

ਡਿਪਟੀ ਕਮਿਸ਼ਨਰ ਬੇਰੇਨਟੋਨ ਇਕ ਭ੍ਰਿਸਟ ਅਤੇ ਔਤਿਆਚਾਰੀ ਸੀ। ਜਿਸ ਦੀ ਸਿਕਾਇਤ ਚੀਫ ਕਮਿਸ਼ਨਰ ਜਾਨ ਲਾਰੰਸ਼ ਨੇ ਕੀਤੀ ਤੇ ਲਾਰਡ ਡਲਹੌਜੀ ਨੇ ਸਵੀਕਾਰ ਕੀਤੀ। 10 ਜੂਨ 1857 ਵਿੱਚ ਜਲੰਧਰ ਤੇ ਫਿਲੋਰ ਤੋਂ ਦਿੱਲੀ ਜਾਂਦੇ ਹੋਏ ਭਾਰਤੀ ਸੈਨਿਕ ਜਦੋਂ ਸਤਲੁਜ਼ ਨਦੀ ਤੋਂ ਕਿਸ਼ਤੀਆਂ ਦੁਆਰਾ ਲੁਧਿਆਣਾ ਰੁਕੇ ਤਾਂ ਅਨੇਕ ਨਾਗਰਿਕ ਵੀ ਉਨ੍ਹਾਂ ਦੇ ਨਾਲ ਹੋ ਗਏ। ਇੱਥੇ ਦੇ ਡਿਪਟੀ ਕਮਿਸ਼ਨਰ ਰਿਕਕੈਟਸ਼ ਨੇ ਲੁਧਿਆਣਾ ਦੇ ਕਿਲ੍ਹੇ ਦੀ ਰੱਖਿਆ ਲਈ ਯੁੱਧ ਲੜਿਆ।[11] ਅਨੇਕ ਲੋਕ ਮਾਰੇ ਗਏ। ਭਾਰਤੀ ਸੈਨਾ ਦੇ ਜਾਣ ਤੋਂ ਬਾਅਦ ਸਥਾਨਿਕ ਲੋਕਾਂ ਤੇ ਔਤਿਆਚਾਰ ਕੀਤੇ ਅਤੇ ਉਨ੍ਹਾਂ ਤੇ ਭਾਰੀ ਜੁਰਮਾਨੇ ਲਗਾਏ।

**ਮੁਲਤਾਨ**—ਪੰਜਾਬ ਨੂੰ ਸਿੰਧ ਨਾਲ ਜੋੜਨ ਵਾਲੀ ਮਹੱਤਵਪੂਰਨ ਕੜੀ ਰਿਹਾ ਹੈ। ਸਤੰਬਰ 1857 ਵਿੱਚ ਮਹਾਨ ਵਿਦਰੋਹ ਹੋਣ ਤੇ ਲਗਭਗ ਅੱਠ ਦਿਨਾਂ ਤੱਕ ਪੰਜਾਬ ਨਾਲ ਮੁਲਤਾਨ ਦਾ ਸੰਪਰਕ ਟੁੱਟ ਗਿਆ।[12] ਇਸ ਸਮੇਂ ਮੁਲਤਾਨ ਦੇ ਕਿਲੇ ਵਿੱਚ 48 ਬ੍ਰਿਟਿਸ਼ ਤੋਪਚੀ ਸਨ। ਇਸ ਤੋਂ ਇਲਾਵਾ ਦੋ ਭਾਰਤੀ ਰੈਜੀਮੈਂਟ ਸੀ।

ਕਰਨਲ ਕੋਰਫਾਰਡ-ਚੇਬਰਲੇਨ ਨੇ ਤੋਪਚੀਆਂ ਅਤੇ ਆਪਣੀ ਰੈਜ਼ੀਮੈਂਟ ਪਹਿਲੀ ਅਨਿਯਮਤ ਘੋੜਸਵਾਰ ਦੇ ਨਾਲ ਕਾਰਵਾਈ ਕੀਤੀ।[13] ਸਥਿਤੀ ਨੂੰ ਭਾਂਪਦੇ ਹੋਏ ਭਾਰਤੀ ਸੈਨਿਕਾਂ ਨੇ ਹਥਿਆਰ ਸੁੱਟ ਦਿੱਤੇ। ਦੋਵੇਂ ਰੈਜ਼ੀਮੈਂਟਾਂ ਨੂੰ ਬੇਹਥਿਆਰ ਕਰ ਦਿੱਤਾ ਅਤੇ 59 ਵਿਅਕਤੀਆਂ ਨੂੰ ਗੋਲੀ ਨਾਲ ਮਾਰ ਦਿੱਤੀ।

**ਰਾਵਲਪਿੰਡੀ**—ਪੰਜਾਬ ਵਿੱਚ ਸਾਰੀਆਂ ਸੈਨਿਕ ਛਾਉਣੀਆਂ ਵਿੱਚ ਬਗਾਵਤਾਂ ਹੋ ਰਹੀਆਂ ਸਨ। ਜਾੱਨ ਲਾਰੰਸ ਦੇ ਸੁਝਾਵਾਂ ਤੇ ਰਾਵਲਪਿੰਡੀ ਦੇ ਸੈਨਿਕ-ਅਧਿਕਾਰੀਆ ਨੇ ਹਰਮੇਜ਼ਸਟੀ 24 ਵੀ ਦੀਆਂ ਪੰਜ ਕੰਪਨੀਆ ਦੀ ਮਦਦ ਨਾਲ ਰਾਵਲਪਿੰਡੀ ਵਿੱਚ ਦੋ ਭਾਰਤੀ ਰੈਜ਼ੀਮੈਂਟਾ ਨੂੰ ਬੇਹਥਿਆਰ ਕਰ ਦਿੱਤਾ।[14]

**ਜੇਹਲਮ, ਸਿਆਲਕੋਟ ਅਤੇ ਭੀਸ਼ਣ ਹੱਤਿਆਕਾਂਡ**—ਨੈਵਿਲ ਚੇਬਰਲੇਨ ਦੇ ਦਿੱਲੀ ਜਾਨ ਤੋਂ ਬਾਦ ਜ਼ਾਨ ਨਿਕੋਲਸਨ ਨੂੰ 21 ਜੂਨ 1857 ਨੂੰ ਜਲੰਧਰ ਦਾ ਕਮਾਂਡਰ ਬਣਾਇਆ ਗਿਆ। ਉਸਨੇ ਕਮਾਂਡ ਸੰਭਾਲਦੇ ਹੀ ਭਾਰਤੀ ਰੈਜ਼ੀਮੈਂਟਾਂ ਨੂੰ ਬੇਹਥਿਆਰ ਕਰ ਦਿੱਤਾ। ਹਾਲੇ ਉਹ ਅੰਮ੍ਰਿਤਸਰ ਵਿੱਚ ਹੀ ਸੀ ਤੇ ਉੱਥੇ ਭੀ ਇਕ ਭਾਰਤੀ ਰੈਜ਼ੀਮੈਂਟ ਨੂੰ ਬੇਹਥਿਆਰ ਕਰ ਦਿੱਤਾ।

6 ਜੁਲਾਈ ਨੂੰ ਜੇਹਲਮ ਵਿੱਚ ਬ੍ਰਿਟਿਸ਼ ਸੈਨਾ ਦੀ 14ਵੀ ਭਾਰਤੀ ਸੈਨਾਂ ਨਾਲ ਮੁੱਠਭੇੜ ਹੋਈ। ਦਿਨ ਭਰ ਸੰਘਰਸ਼ ਚੱਲਿਆ ਜਿਸ ਵਿੱਚ ਜਿਆਦਾਤਰ ਭਾਰਤੀ ਸੈਨਿਕ ਫੜੇ ਗਏ ਜਾਂ ਸੰਘਰਸ਼ ਵਿੱਚ ਮਾਰੇ ਗਏ। ਸਿਆਲਕੋਟ ਵਿੱਚ ਵੀ 46 ਵੀ ਭਾਰਤੀ ਸੈਨਾ ਅਤੇ 9ਵੀ ਲਾਈਟ ਕਵੇਲਰੀ ਨੇ ਅੰਗਰੇਜ਼ਾ ਵਿਰੁੱਧ ਸੰਘਰਸ਼ ਕੀਤਾ। ਜਿਸ ਵਿੱਚ ਕਈ ਅੰਗਰੇਜ਼ ਸੈਨਿਕ ਮਾਰੇ ਗਏ ਤੇ ਉਨ੍ਹਾਂ ਦਾ ਬ੍ਰਿਗੇਡੀਅਰ ਵੀ ਮਾਰਿਆ ਗਿਆ। ਜਾਨ ਨਿਕੋਲਸ਼ਨ ਨੂੰ 10 ਜੁਲਾਈ ਨੂੰ ਇਨ੍ਹਾਂ ਘਟਨਾਂਵਾਂ ਦੀ ਜਾਣਕਾਰੀ ਮਿਲੀ ਤਾਂ ਉਹ 13 ਜੁਲਾਈ ਨੂੰ ਉੱਥੇ ਪਹੁੰਚ ਗਿਆ। 46ਵੀ ਭਾਰਤੀ ਸੈਨਾ ਨਾਲ ਭਿਆਨਕ ਟੱਕਰ ਹੋਈ। ਜਿਆਦਾਰ ਭਾਰਤੀ ਸੈਨਿਕ ਸ਼ਸ਼ਤਰਹੀਣ ਤੇ ਬਿਨਾਂ ਧਨ ਤੇ ਮਨ ਤੋਂ ਆਪਣੇ ਪਰਿਵਾਰਾਂ

ਦੇ ਨਾਲ ਸਨ। ਜਾੱਨ ਨਿਕੋਲਸ਼ਨ ਦੀ ਸੈਨਾ ਨੇ ਉਨ੍ਹਾਂ ਨੂੰ ਘੇਰ ਲਿਆ ਅਤੇ ਬੰਦੂਕਾਂ, ਤਲਵਾਰਾਂ ਤੇ ਪਿਆਸ ਨਾਲ ਤੜਫਾ-ਤੜਫਾ ਕੇ ਮਾਰਿਆ ਗਿਆ। ਬ੍ਰਿਟਿਸ਼ ਇਤਿਹਾਸਕਾਰਾਂ ਨੇ ਵੀ ਇਸ ਹੱਤਿਆਕਾਂਡ ਦੀ ਨਿੰਦਿਆ ਕੀਤੀ ਹੈ।[15]

**ਅਜ਼ਨਾਲਾ ਦਾ ਹੱਤਿਆਕਾਂਡ**—ਲਾਹੌਰ ਵਿੱਚ ਚਾਰ ਭਾਰਤੀ ਸੈਨਿਕਾਂ ਦੀ ਰੈਜ਼ਮੈਟਾਂ ਨੂੰ ਬੇਹਥਿਆਰ ਕਰ ਦਿੱਤਾ ਗਿਆ। ਇਸ ਵਿੱਚ 26 ਵੀ ਭਾਰਤੀ ਸੈਨਿਕ ਰੰਜੀਮੈਟ ਦੇ ਸੈਨਿਕਾਂ ਨੇ 30 ਜੁਲਾਈ ਨੂੰ ਚੁੱਪਚਾਪ ਭੱਜਣ ਦੀ ਯੋਜਨਾ ਬਣਾਈ। ਇਸ ਸਮੇਂ ਦੌਰਾਨ ਬ੍ਰਿਟਿਸ਼ ਸਾਰਜ਼ੈਟਾਂ ਨੂੰ ਕੁਝ ਸੱਕ ਹੋਇਆ ਤਾਂ ਇਕ ਮੇਜ਼ਰ ਤੇ ਇਕ ਸਾਰਜ਼ੈਟ ਦੀ ਹੱਤਿਆ ਕਰ ਦਿੱਤੀ ਗਈ। ਬੱਸ ਚਾਰੇ ਪਾਸੇ ਮਾਰਕਾਟ ਮੱਚ ਗਈ। ਸਾਰੇ 282 ਵਿਅਕਤੀਆਂ ਨੂੰ ਫੜ ਲਿਆ ਗਿਆ। ਅਜ਼ਨਾਲਾ ਦੇ ਇਸ ਕਰੂਰ ਹੱਤਿਆਕਾਂਡ ਵਿੱਚ ਫਰੈਡਰਿਕ ਹੈਨਰ ਕੂਪਰ ਨੇ ਖੁਦ ਵੱਧ ਚੜ ਕੇ ਭਾਗ ਲਿਆ। ਕੂਪਰ ਨੇ ਸਾਰੇ 282 ਵਿਅਕਤੀਆਂ ਨੂੰ ਕਮਰੇ ਵਿੱਚ ਬੰਦ ਕਰ ਦਿੱਤਾ। ਜਿਸ ਵਿੱਚ 45 ਵਿਅਕਤੀ ਗਰਮੀ, ਆਕਸੀਜਨ ਦੀ ਕਮੀ ਕਾਰਨ ਮਰ ਗਏ। ਬਾਕੀਆਂ ਨੂੰ ਅਗਲੇ ਦਿਨ ਜੋ ਬਕਰਾ ਈਦ ਦਾ ਦਿਨ ਸੀ, ਨੂੰ 237 ਵਿਅਕਤੀਆਂ ਨੂੰ 10-10 ਦੇ ਗਰੁੱਪ ਵਿੱਚ ਇਕ ਦੂਸਰੇ ਨਾਲ ਬੰਨ ਕੇ ਇਕ ਤੋਪ ਚਲਾਉਣ ਵਾਲੇ ਦਲ ਦੁਆਰਾ ਮੌਤ ਦੇ ਘਾਟ ਉਤਾਰ ਦਿੱਤਾ ਗਿਆ।[16] ਅਜ਼ਨਾਲਾ ਵਿੱਚ ਸ਼ਹੀਦ ਹੋਏ 282 ਹਿੰਦੂਸਤਾਨੀ ਸੈਨਿਕਾਂ ਦੀਆਂ ਮ੍ਰਿਤਕ ਦੇਹਾਂ ਦਾ ਅੰਤਿਮ ਸੰਸਕਾਰ ਕਰਨ ਦੀ ਬਜ਼ਾਏ ਫਰੈਡਰਿਕ ਹੇਨਰ ਦੂਪਰ ਨੇ ਇੱਕ ਖੂਹ ਵਿੱਚ ਸੁੱਟ ਕੇ ਉੱਪਰ ਮਿੱਟੀ ਪੁਆ ਦਿੱਤੀ। ਜਿਸ ਖੂਹ ਦਾ ਨਾਂ ਅੱਜਕੱਲ ਕਾਲਿਆਂ ਵਾਲਾ ਖੂਹ ਹੈ। ਇਨ੍ਹਾਂ ਹੀ ਨਹੀਂ ਸਗੋਂ ਪੰਜਾਬ ਦੇ ਚੀਫ ਕਮਿਸ਼ਨਰ ਜ਼ਾਨ ਲਾਰੰਸ ਨੇ ਇਸ ਘਟਨਾ ਨੂੰ ਵੀਰਤਾ ਦਾ ਕਾਰਨਾਮਾ ਦੱਸਿਆ ਤੇ ਕੂਪਰ ਨੂੰ ਵਧਾਈਆਂ ਦਿੱਤੀਆਂ। ਫਰਵਰੀ 2014 ਵਿੱਚ ਅੰਮ੍ਰਿਤਸਰ ਵਿਖੇ ਕਾਲਿਆਂ ਵਾਲੇ ਖੂਹ ਦੀ ਖੁਦਾਈ ਕੀਤੀ ਗਈ ਜਿਸ ਵਿੱਚ ਸੈਨਿਕਾਂ ਦੀਆਂ ਅਸਥੀਆਂ ਮਿਲਣ ਤੋਂ ਇਸ ਘਟਨਾਂ ਦੀ ਸੱਚਾਈ ਸਾਹਮਣੇ ਆ ਗਈ।

**ਪੇਸ਼ਾਵਰ ਦਾ ਕਰੂਰ ਹੱਤਿਆਕਾਂਡ**—ਪੇਸ਼ਾਵਰ ਦੀ 51ਵੀ ਭਾਰਤੀ ਰੈਜ਼ੀਮੈਟ ਨੂੰ ਬੇਹਥਿਆਰ ਕਰਕੇ ਜਨਰਲ ਕੋਟਨ ਨੇ ਉਨ੍ਹਾਂ ਨੂੰ ਜੇਲ ਵਿੱਚ ਬੰਦ ਕਰਨ ਲਈ 200 ਲੋਹੇ ਦੀਆਂ ਬੇੜੀਆਂ ਬਣਵਾਈਆਂ। 28 ਅਗਸਤ ਨੂੰ ਸਾਰੇ ਬੇਹਥਿਆਰ ਸੈਨਿਕਾਂ ਨੂੰ ਛਾਉਣੀ ਦੇ ਕਰੀਬ ਇਕੱਠੇ ਹੋਣ ਲਈ ਕਿਹਾ। ਭਾਰਤੀ ਸੈਨਿਕਾਂ ਨੂੰ ਲੱਗਿਆ ਕਿ ਉਨ੍ਹਾਂ ਨੂੰ ਮਾਰ ਦਿੱਤਾ ਜਾਵੇਗਾ। ਉਹ ਕੁਝ ਹਥਿਆਰਾਂ ਦੀ ਲੁੱਟਮਾਰ ਕਰਕੇ ਖੈਬਰ ਵੱਲ ਚਲੇ ਗਏ। ਉਨ੍ਹਾਂ ਦੇ ਸੈਨਾਂ ਨੇ ਪਿੱਛਾ ਕੀਤਾ। ਜਮਰੂਦ ਪਹੁੰਚਣ ਤੱਕ 700 ਸੈਨਿਕ ਮਾਰੇ ਗਏ। ਐਡਵਰਗ ਨੇ ਸੰਤੋਸ਼ ਪ੍ਰਗਟ ਕੀਤਾ।[17]

**ਪੰਜਾਬ ਦੇ ਬਾਹਰ ਪੰਜਾਬੀ ਸੈਨਿਕਾਂ ਦਾ ਯੋਗਦਾਨ** : ਨਾ ਸਿਰਫ ਪੰਜਾਬ ਵਿੱਚ ਸਗੋਂ ਪੰਜਾਬ ਦੇ ਸੈਨਿਕਾਂ ਨੇ ਪੰਜਾਬ ਤੋਂ ਬਾਹਰ ਵੀ ਅੰਗਰੇਜ਼ਾਂ ਦਾ ਵਿਰੋਧ ਕੀਤਾ। ਬਨਾਰਸ

ਵਿੱਚ ਲੁਧਿਆਣਾ ਰੈਜ਼ੀਮੈਂਟ ਨੂੰ 5 ਜੂਨ ਨੂੰ ਬੇਹਥਿਆਰ ਕਰਨ ਦੀ ਕੋਸ਼ਿਸ਼ ਕੀਤੀ ਤਾਂ 13ਵੀ ਅਨਿਯਮਿਤ ਕਵੇਲਰੀ ਅਤੇ ਸਿੱਖਾ ਨੇ ਵਿਰੋਧ ਕੀਤਾ।[18] ਮਹੂ ਵਿੱਚ 23ਵੀ ਰੈਜ਼ੀਮੈਂਟ ਵਿੱਚ ਬਗਾਵਤ ਕਰਨ ਤੇ 90 ਸਿੱਖ ਸੈਨਿਕ 7 ਜੁਲਾਈ 1857 ਨੂੰ ਆਗਰਾ ਵਿੱਚ ਫੜੇ ਗਏ।[19] ਇਲਾਹਾਬਾਦ ਵਿੱਚ ਵੀ ਸਿੱਖ ਸੈਨਿਕ ਜੋ ਬਗਾਵਤ ਦੀ ਤਿਆਰੀ ਕਰ ਰਹੇ ਸਨ, ਨੂੰ ਬੇਹਥਿਆਰ ਕਰ ਦਿੱਤਾ ਗਿਆ।[20] ਝਾਂਸੀ ਵਿੱਚ 12ਵੀ ਪੰਜਾਬੀ ਰੈਜ਼ੀਮੈਂਟ ਦੇ 21 ਸਿੱਖ ਸੈਨਿਕ ਫੜੇ ਗਏ ਤੇ ਉਨ੍ਹਾਂ ਨੂੰ ਫਾਂਸੀ ਦੇ ਦਿੱਤੀ ਗਈ।[21] ਡੇਰਾ ਇਸਮਾਈਲ ਖਾਂ ਵਿੱਚ ਸੈਨਿਕਾਂ ਨੇ ਬਗਾਵਤ ਕੀਤੀ।[22]

**ਰਜ਼ਵਾੜੇ ਦੁਆਰਾ ਅੰਗਰੇਜ਼ਾਂ ਦਾ ਸਹਿਯੋਗ**—ਭਾਰਤ ਦੇ ਕਈ ਰਾਜੇ ਮਹਾਰਾਜਿਆਂ ਨੇ 1857 ਦੇ ਸੰਘਰਸ਼ ਵਿੱਚ ਡਟ ਕੇ ਅੰਗਰੇਜ਼ਾਂ ਦਾ ਸਾਥ ਦਿੱਤਾ। ਪਟਿਆਲਾ ਦੇ ਰਾਜਾ ਨਰੇਦਰ ਸਿੰਘ ਇਨ੍ਹਾਂ ਵਿੱਚੋਂ ਸਭ ਤੋਂ ਅੱਗੇ ਸੀ। ਪਟਿਆਲਾ ਨੇ ਇਸ ਸੰਘਰਸ਼ ਵਿੱਚ ਅੰਗਰੇਜ਼ਾਂ ਨੂੰ 8 ਤੋਪਾਂ, 2156 ਘੋੜਸਵਾਰ, 2846 ਪੈਦਲ ਅਤੇ 40000 ਪੋਂਡ ਦੀ ਸਹਾਇਤਾ ਦਿੱਤੀ।[23] ਇਸ ਦੇ ਨਾਲ ਹੀ ਉਸਨੇ ਆਪਣੀ 156 ਅਧਿਕਾਰੀਆਂ ਦੀ ਸੇਵਾ ਵੀ ਭੇਟ ਕੀਤੀ। ਮਹਾਰਾਜਾ ਪਟਿਆਲਾ ਨੇ ਹਾਥੀਆਂ, ਊਠਾਂ ਅਤੇ ਆਵਾਜਾਈ ਦੇ ਸਾਧਨਾ ਨੂੰ ਕਾਲਕਾ ਭੇਜਿਆ ਤਾਂ ਕਿ ਯੂਰਪੀਅਨ ਸੈਨਾਂ ਅੰਬਾਲਾ ਪਹੁੰਚ ਸਕੇ। ਉਸ ਨੇ ਥਾਨੇਸ਼ਰ, ਕਰਨਾਲ, ਅੰਬਾਲਾ ਨੂੰ ਪਟਿਆਲਾ ਦੀ ਸੈਨਾ ਭੇਜ ਕੇ ਸੁਰੱਖਿਆ ਪ੍ਰਦਾਨ ਕੀਤੀ। ਮਹਾਰਾਜਾ ਖੁਦ ਸੈਨਾ ਲੈ ਕੇ ਦਿੱਲੀ ਜਾਣਾ ਚਾਹੁੰਦਾ ਸੀ, ਪਰ ਸੈਨਾਪਤੀ ਦੇ ਕਹਿਣ ਤੇ ਮੁਸ਼ਕਿਲ ਨਾਲ ਰੁਕਿਆ।[24] ਉਸਨੇ ਜਨਰਲ ਕੋਟਲੈਂਡ ਦੀ ਮਦਦ ਲਈ ਸੈਨਾ ਅਤੇ ਸਮੱਗਰੀ, ਸਿਰਸਾ, ਰੋਹਤਕ ਅਤੇ ਹਿਸਾਰ ਭੇਜੀ। ਇਕ ਦੂਸਰੀ ਸੈਨਾ ਸਹਾਰਨਪੁਰ ਅਤੇ ਜਗਾਧਰੀ ਭੇਜੀ। ਉਸਨੇ 5 ਲੱਖ ਰੁਪਏ ਅੰਗਰੇਜ਼ ਸਰਕਾਰ ਨੂੰ ਕਰਜੇ ਦੇ ਰੂਪ ਵਿੱਚ ਦਿੱਤੇ। ਇਸ ਤਰ੍ਹਾਂ ਉਸਨੇ ਮਹਾਰਾਜਾ ਸਿੰਧੀਆ ਦੀ ਮਦਦ ਲਈ ਸੇਨਾ ਭੇਜੀ ਤੇ ਝੱਜਰ ਅਤੇ ਅੱਵਧ ਵੀ ਸੈਨਾ ਭੇਜੀ।[25]

ਬੇਸ਼ੱਕ ਇਨ੍ਹਾਂ ਰਜ਼ਵਾੜਿਆਂ ਨੇ ਅੰਗਰੇਜ਼ਾਂ ਦਾ ਸਾਥ ਦਿੱਤਾ ਪਰ ਪੰਜਾਬ ਦੀ ਜਨਤਾ ਨੇ ਨਾ ਇਨ੍ਹਾਂ ਰਾਜਿਆਂ ਦਾ ਅਤੇ ਨਾ ਹੀ ਅੰਗਰੇਜ਼ਾਂ ਦਾ ਸਾਥ ਦਿੱਤਾ, ਸਗੋਂ ਪੰਜਾਬ ਵਿੱਚ ਇਸ ਤੋਂ ਬਾਅਦ ਅਜ਼ਾਦੀ ਦਾ ਅੰਦੋਲਨ ਬੜੀ ਤੇਜ਼ੀ ਨਾਲ ਵਧਿਆ।

## ਪੰਜਾਬੀ ਦੀ ਜਨਤਾ ਦਾ ਯੋਗਦਾਨ

ਪੰਜਾਬ ਦੀ ਜਨਤਾ ਨੇ ਵੀ ਸੈਨਿਕ ਸੰਘਰਸ਼ ਵਿੱਚ ਮਹੱਤਵਪੂਰਨ ਯੋਗਦਾਨ ਪਾਇਆ। ਪੰਜਾਬ ਦੀ ਰਾਜਧਾਨੀ ਲਾਹੌਰ ਵਿੱਚ ਤਾਂ ਸਾਰੇ ਲੋਕਾਂ ਨੇ ਮਿਲ ਕੇ ਸਰਕਾਰ ਉਲਟਾਉਣ ਦੀ ਯੋਜਨਾ ਬਣਾਈ ਸੀ। ਭਾਵੇਂ ਜੋ ਸਿਰੇ ਨਹੀਂ ਚੜੀ। ਸਗੋਂ ਅੰਗਰੇਜ਼ਾਂ ਦੇ ਦਮਨਚਕਰ ਦੀ ਸ਼ੁਰੂਆਤ ਹੋ ਗਈ। ਅੰਮ੍ਰਿਤਸਰ ਵਿੱਚ ਵੱਡੀ ਸਖਿਆ ਵਿੱਚ ਬੈਰਾਗੀਆਂ ਨੂੰ ਗਿਫਤਾਰ ਕਰ ਲਿਆ ਗਿਆ। ਬ੍ਰਾਹਮਣ ਰਾਮ ਕਿਸ਼ਨ ਨੂੰ ਸਰਵਜਨਕ ਰੂਪ ਵਿੱਚ ਫਾਂਸੀ ਦੇ ਦਿੱਤੀ ਗਈ। ਅੰਮ੍ਰਿਤਸਰ, ਲੁਧਿਆਣਾ ਸਮੇਤ ਪ੍ਰਮੁੱਖ ਕੇਂਦਰਾਂ ਵਿੱਚ ਜਨਤਾ ਨੇ ਅੰਗਰੇਜ਼ਾਂ ਵਿਰੁੱਧ ਸੰਘਰਸ਼ ਵਿੱਚ ਸਾਥ ਦਿੱਤਾ। ਲੁਧਿਆਣਾ ਵਿੱਚ ਜਲੰਧਰ ਤੋਂ

ਆਈ ਸੈਨਾ ਦਾ ਸਾਥ ਦਿੱਤਾ ਤੇ ਦਿੱਲੀ ਨਾਲ ਹੀ ਲੋਕਾਂ ਦਾ ਗਰੁੱਪ ਚੱਲ ਪਿਆ। ਜਾਨ ਨਿਕੋਲਸ ਦੀ ਦਿੱਲੀ ਜਾਂਦੀ ਹੋਈ ਸੈਨਾ ਨੂੰ ਪ੍ਰੇਸ਼ਾਨ ਕੀਤਾ ਗਿਆ। ਇਕੱਲੇ ਲੁਧਿਆਣਾ ਵਿੱਚ ਹੀ 25 ਨਾਗਰਿਕਾਂ ਨੂੰ ਫਾਂਸੀ ਦਿੱਤੀ ਗਈ। ਫਿਰੋਜ਼ਪੁਰ ਵਿੱਚ ਵੀ ਨਾਗਰਿਕਾਂ ਨੇ ਵੱਧ ਚੜਕੇ ਸੰਘਰਸ਼ ਵਿੱਚ ਭਾਗ ਲਿਆ। ਸਿਆਮਦਾਸ ਸੰਨਿਆਸੀ ਨੇ ਲੋਕਾਂ ਨੂੰ ਪ੍ਰੇਰਿਤ ਕੀਤਾ, ਜਿਸ ਨੂੰ ਫਾਂਸੀ ਦੇ ਦਿੱਤੀ ਗਈ। ਉਸਦੇ ਬਹੁਤ ਸਾਰੇ ਅਨੁਯਾਈਆਂ ਨੂੰ ਮਾਰ ਦਿੱਤਾ ਗਿਆ। ਸਿਆਲਕੋਟ ਵਿੱਚ 9 ਜੁਲਾਈ ਨੂੰ ਸਥਾਨਿਕ ਭਾਰਤੀ ਰੈਜੀਮੈਂਟ ਨੇ ਅੰਗਰੇਜ਼ਾਂ ਵਿਰੁੱਧ ਸੰਘਰਸ਼ ਦਾ (ਬਿਗਲ) ਵਜਾ ਦਿੱਤਾ। ਬ੍ਰਿਗੇਡੀਅਰ ਬਰੀਡ, ਕੈਪਟਨ ਬਿਸਪ ਤੇ ਕਈ ਹੋਰਾਂ ਦਾ ਕਤਲ ਕਰ ਦਿੱਤਾ ਗਿਆ। ਪੰਜਾਬੀ ਮਿਲਟਰੀ ਪੁਲੀਸ ਨੇ ਵੀ ਵਿਦਰੋਹ ਵਿੱਚ ਭਾਗ ਲਿਆ। ਆਸ ਪਾਸ ਦੇ ਪਿੰਡਾਂ ਨੇ ਵੀ ਸੰਘਰਸ਼ ਵਿੱਚ ਭਾਗ ਲਿਆ। ਕਈਆਂ ਨੂੰ ਫਾਂਸੀ ਦਿੱਤੀ ਗਈ। ਸਿਆਲਕੋਟ ਨਗਰ ਉੱਤੇ 7500/- ਰੁਪਏ ਜੁਰਮਾਨਾ ਲਗਾਇਆ ਗਿਆ। ਮਰੀ, ਪੇਸਾਵਰ ਵਿੱਚ ਮਹੱਤਵਪੂਰਨ ਸੰਘਰਸ਼ ਹੋਇਆ। ਮਰੀ ਵਿੱਚ ਦੋ ਭਾਰਤੀ ਡਾਕਟਰਾਂ ਨੂੰ ਫਾਂਸੀ ਦਿੱਤੀ ਗਈ। ਸੰਘਰਸ਼ ਹਜ਼ਾਰਟ ਤੇ ਰਾਵਲਪਿੰਡੀ ਤਕ ਫੈਲ ਗਿਆ। ਪੰਜਾਬ ਦੇ ਕਈ ਭਾਗਾਂ ਵਿੱਚ ਸਾਹਕੋਟ ਹੜੱਪਾ ਅਤੇ ਪਾਕਪਟਨ ਵਿੱਚ ਸੰਘਰਸ਼ ਫੈਲ ਗਿਆ ਤੇ ਸੰਘਰਸ਼ਕਰਤਾਵਾਂ ਦੀ ਗਿਣਤੀ 125000 ਤਕ ਹੋ ਗਈ। ਝੰਗ, ਲਾਹੌਰ ਤੇ ਮੁਲਤਾਨ ਵਿੱਚ ਸੰਘਰਸ਼ ਹੋਇਆ। ਪਰ ਦਿੱਲੀ ਦੇ ਪਤਨ ਹੋਣ ਨਾਲ ਸੰਘਰਸ਼ ਜ਼ਿਆਦਾ ਦੇਰ ਤਕ ਨਹੀਂ ਚਲ ਸਕਿਆ। ਪਿਸ਼ਾਵਰ ਵਿੱਚ 50000 ਲੋਕਾਂ ਨੇ ਅੰਗਰੇਜ਼ਾਂ ਦੇ ਖਿਲਾਫ ਸੰਘਰਸ਼ ਵਿੱਚ ਭਾਗ ਲਿਆ। ਅੰਬਾਲਾ ਦੇ ਰੋਪੜ ਵਿੱਚ ਮੋਹਰ ਸਿੰਘ ਨੇ ਬ੍ਰਿਟਿਸ਼ ਰਾਜ ਦੀ ਸਮਾਪਤੀ ਲਈ ਸੰਘਰਸ਼ ਕੀਤਾ। ਉਸ ਨੂੰ ਦੋ ਸਾਥੀਆਂ ਸਮੇਤ ਫਾਂਸੀ ਦਿੱਤੀ ਗਈ।

ਅੰਗਰੇਜ਼ਾਂ ਨੇ 1857 ਦੇ ਸੰਘਰਸ਼ ਨੂੰ ਦਬਾਉਣ ਲਈ ਦਮਨਕਾਰੀ ਚੱਕਰ ਚਲਾਇਆ। ਉਨ੍ਹਾਂ ਨੇ ਆਪਣੇ ਵਿਰੁੱਧ ਸੰਘਰਸ਼ ਕਰਨ ਵਾਲਿਆਂ ਵਿਰੁੱਧ ਕਠੋਰ ਕਾਰਵਾਈ ਕੀਤੀ। ਪ੍ਰਸਿੱਧ ਸੰਘਰਸ਼ਕਰਤਾ ਸ਼ੇਰ ਸਿੰਘ ਨੂੰ ਕਲੱਕਤਾ ਜੇਲ੍ਹ ਵਿੱਚ ਪਾ ਦਿੱਤਾ ਹੋਰ ਚਤਰ ਸਿੰਘ, ਅਵਤਾਰ ਸਿੰਘ, ਮਹਿਤਾਬ ਸਿੰਘ ਹਾਦਿਮ ਸਿੰਘ, ਕਿਸ਼ਨ ਸਿੰਘ, ਦੀਵਾਨ ਮੂਲ ਰਾਜ ਆਦਿ ਨੂੰ ਸਖ਼ਤ ਸਜਾਵਾਂ ਦਿੱਤੀਆਂ ਗਈਆਂ। ਕਈਆਂ ਨੂੰ ਦੇਸ਼ ਨਿਕਾਲਾ ਦਿੱਤਾ ਗਿਆ। ਸਿੱਖ ਸੈਨਾ ਸਮਾਪਤ ਕਰ ਦਿੱਤੀ ਗਈ। ਪੰਜਾਬ 'ਚ 8000 ਲੋਕਾਂ ਨੂੰ ਜੇਲ੍ਹ ਵਿੱਚ ਰੱਖਿਆ ਗਿਆ। 1856 ਵਿੱਚ ਭਾਈ ਮਹਾਰਾਜ ਸਿੰਘ ਨੇ ਕੈਦ ਕਰਕੇ ਸਿੰਘਾਪੁਰ ਭੇਜ ਦਿੱਤਾ ਗਿਆ। ਪੰਜਾਬ ਦੀ ਜਨਤਾ ਨੂੰ ਸ਼ਾਸਤਰ-ਹੀਨ ਕਰ ਦਿੱਤਾ ਗਿਆ।

## Notes and References :


1. For detail M. A. Rahim, Lord Dalhusie's Administration of conquered and annexed states Delhi, 1963, pp. 47-48.
2. Punjab Mutiny Report, Lahore, 1854 Vol. VIII, pt. I, p. 143
3. Karl Max & Engels, First Indian War of Independence, Mascow, 1959, p. 38
4. H.H. Dodwell (ed.) The Cambridge Shorter History of India, Cambridge, 1934, p. 746.
5. Max & Engels, op. city., p. 38,51
6. S. S. Thormburn, The Punjab in Peace and War, 1970, Patila. p. 201
7. Ibid, p. 203
8. Ibid, p. 204
9. Ibid, p. 204
10. Max & Engles, op. cit.,, p. 67-68
11. S.S. Thormburn, p. 206
12. Max & Engels, op. cit., p. 103
13. S. S. Thormburn, p. 206
14. H.G. Trevaskis An Economic History of India from earlier times to 1890, vol. 1 First published under the caption 'The land of the Five Rivers' 1928 Reprint New Delhi, 1985.
15. S. S. Thormburn, p. 215-17
16. Ibid, p. 217
17. Ibid, p. 215-17
18. John Bruce Norton, The Rebellan in India, How to prevent an other London, 1857 p. 16
19. Fauja Singh, A Brief Account of the Freedom Movement in the Punjab, Patila 1972, p. 3

20. Evelyn Wood, The Revolt of Hindustan, 1857-59 London, 1908 pp. 51-52
21. Fauja Singh, op. cit., p. 146
22. Max & Engels, op. cit., p. 168
23. Lieutenant General Mcleod Innes, The Sepoy Revolt, A Critical Narrative London, 1897 p. 85.
24. Lepel H. Griffin, The Rajas of the Punjab First ed. 1873 Reprint, Patila, 1970 p. 214
25. Ibid, 355-57

## ਅਧਿਆਇ—3

# ਨਾਮਧਾਰੀ (ਕੂਕਾ) ਲਹਿਰ

ਭਾਵੇਂ ਨਾਮਧਾਰੀ ਲਹਿਰ ਦਾ ਆਰੰਭ ਬਾਬਾ ਬਾਲਕ ਸਿੰਘ ਨੇ ਕੀਤਾ ਪਰ ਇਸ ਦੇ ਵਾਸਤਵਿਕ ਸੰਸਥਾਪਕ ਬਾਬਾ ਬਾਲਕ ਸਿੰਘ ਦੇ ਚੇਲੇ ਤੇ ਪੈਰੋਕਾਰ ਬਾਬਾ ਰਾਮ ਸਿੰਘ ਹੀ ਮੰਨੇ ਜਾਂਦੇ ਹਨ, ਕਿਉਂਕਿ 1857 ਦੇ ਗਦਰ ਪਿੱਛੋਂ ਬਾਬਾ ਰਾਮ ਸਿੰਘ ਦੀ ਅਗਵਾਈ ਵਿੱਚ ਕੂਕਾ ਲਹਿਰ ਆਰੰਭ ਹੋਈ। ਅਸਲ ਵਿੱਚ ਇਸ ਲਹਿਰ ਦਾ ਮੁੱਖ ਉਦੇਸ਼ ਇਹ ਸੀ ਕਿ ਜੋ ਤਰੁੱਟੀਆ ਤੇ ਬੁਰਾਈਆ ਖਾਲਸਾ ਰਾਜ ਵਿੱਚ ਸਿੱਖ ਸਮਾਜ ਅੰਦਰ ਪੈਦਾ ਹੋ ਗਈਆਂ ਸਨ, ਜਾਂ ਹੋ ਰਹੀਆਂ ਸਨ, ਉਹਨਾਂ ਨੂੰ ਰੋਕਿਆ ਜਾਵੇ ਤੇ ਦੂਰ ਕੀਤਾ ਜਾਵੇ। ਅਸਲ ਵਿੱਚ ਬਾਬਾ ਰਾਮ ਸਿੰਘ ਦਾ ਇਹ ਉਦੇਸ਼ ਸੀ ਕਿ ਪੰਜਾਬ ਦੇ ਲੋਕਾਂ ਦਾ ਆਚਰਨ ਅਤੇ ਸਮਾਜ ਵਿੱਚ ਆਏ ਪਤਨ ਨੂੰ ਸੁਧਾਰਨ ਉਪਰੰਤ ਪੰਜਾਬੀਆਂ ਨੂੰ ਸੁਤੰਤਰਤਾ ਪ੍ਰਾਪਤੀ ਵਲ ਲਾਇਆ ਜਾ ਸਕੇ। ਪੰਜਾਬ ਵਿੱਚ ਸਮਾਜਿਕ ਗਿਰਾਵਟ ਦੇ ਨਾਲ ਰਾਜਨੀਤਕ ਅਰਾਜਤਾ ਸਾਜਿਸ਼ਾਂ ਦਾ ਸ਼ਿਕਾਰ ਹੋ ਰਿਹਾ ਸੀ। ਬਾਬਾ ਰਾਮ ਸਿੰਘ ਨੇ ਇਸ ਲਹਿਰ ਦੀ ਸਥਾਪਨਾ ਕੀਤੀ ਇਹ ਲਹਿਰ ਨਿਰੰਕਾਰ ਦੀ ਪੂਜਾ, ਜਾਪ ਸਿਮਰਣ ਤੇ ਸਾਦੇ ਜੀਵਨ ਉੱਤੇ ਬਲ ਦਿੰਦੀ ਸੀ ਅਤੇ ਮੂਰਤੀ ਪੂਜਾ, ਮਾਸ ਖਾਣਾ, ਸ਼ਰਾਬ ਪੀਣਾ ਆਦਿ ਪ੍ਰਚਲਿਤ ਬੁਰਾਈਆ ਦਾ ਖੰਡਨ ਕਰਦੀ ਸੀ।[1]

ਵਿਦੇਸ਼ੀ ਸ਼ਾਸਨ ਦੀ ਸਥਾਪਤੀ ਤੋਂ ਮਗਰੋਂ ਸਮਾਜ ਵਿੱਚ ਹੋਰ ਗਿਰਾਵਟ ਆ ਗਈ।[2] ਅੰਗਰੇਜ਼ ਸਰਕਾਰ ਨੇ ਨਿਡਰ ਹੋ ਕੇ ਬੁੱਚੜਖਾਨੇ ਖੋਹਲਣਾ, ਈਸ਼ਾਈ ਮਿਸ਼ਨਰੀਆਂ ਦੀ ਮਦਦ ਕਰਨਾ, ਲੋਕਾਂ ਨੂੰ ਸ਼ਸਤਰਹੀਣ ਕਰਨਾ ਆਦਿ ਸ਼ੁਰੂ ਕਰ ਦਿੱਤਾ। ਇਸ ਚੁਣੌਤੀ ਦਾ ਟਾਕਰਾ ਕਰਨ ਲਈ ਬਾਬਾ ਰਾਮ ਸਿੰਘ ਜੀ ਸਾਹਮਣੇ ਆਏ। ਬਾਬਾ ਰਾਮ ਸਿੰਘ, ਜੋ ਇਸ ਨਵੀਂ ਲੀਡਰਸ਼ਿਪ ਦੇ ਮੋਹਰੀ ਸਨ, ਜਿਲ੍ਹਾਂ ਲੁਧਿਆਣਾ ਦੇ ਇਕ ਛੋਟੇ ਜਿਹੇ ਪਿੰਡ ਭੈਣੀ ਅਰਾਈਆਂ ਦੇ ਇਕ ਰਾਮਗੜ੍ਹੀਆਂ ਸਿੰਘ ਦੇ ਘਰ ਪੈਦਾ ਹੋਏ ਸਨ। ਇਹ ਨਾਮਧਾਰੀ ਲਹਿਰ ਦੇ ਮੋਢੀ ਬਾਬਾ ਬਾਲਕ ਸਿੰਘ ਦੇ ਪੈਰੋਕਾਰ ਅਤੇ ਉਤਾਰਧਿਕਾਰੀ ਸਨ। ਆਪਣੀ ਤੀਖਣ ਬੁੱਧੀ, ਪਰਪੱਕ ਭਾਂਪ ਸਿਆਣਪ ਤੇ ਅਦੁੱਤੀ ਸਾਹਸ ਦੀ ਬਦੌਲਤ ਉਨ੍ਹਾਂ ਨੇ ਸਮੱਸਿਆ ਨੂੰ ਭਲੀ ਪਰਕਾਰ ਭਾਂਪ ਲਿਆ ਤੇ ਇਸ ਦਾ ਹੱਲ ਲੱਭਣ ਲਈ ਪੱਕਾ ਇਰਾਦਾ ਬਣਾ ਲਿਆ। ਆਪ ਨੇ ਦਸ਼ਮੇਸ਼ ਪਿਤਾ ਦੇ ਖੰਡੇ ਦੀ ਧਾਰ ਦੇ ਅੰਮ੍ਰਿਤ ਨੂੰ ਅਪਣਾਇਆ ਤੇ ਉਸਦਾ ਜ਼ੋਰਦਾਰ ਪ੍ਰਚਾਰ ਕੀਤਾ। ਕਿਰਪਾਨ ਰੱਖਣਾ ਕਾਨੂੰਨੀ ਤੌਰ ਤੇ ਮਨਾ ਸੀ, ਇਸ ਲਈ ਲਾਠੀ ਰੱਖਣ ਦਾ ਆਦੇਸ਼ ਦਿੱਤਾ, ਬੀਰ ਰਸ ਪੈਦਾ ਕਰਨ ਲਈ ਚੰਡੀ ਦੇ ਪਾਠ ਦੀ ਮਰਯਾਦਾ ਚਲਾਈ। ਸਮਾਜ਼ ਦੀਆਂ ਬੁਰਾਈਆਂ ਜਿਵੇਂ ਕਿ ਕੁੜੀਆਂ ਮਾਰਨਾ, ਵਿਆਹ ਸਮੇਂ ਕੁੜੀਆ ਦੇ ਪੈਸੇ ਲੈਣਾ, ਤਮਾਕੂ ਪੀਣਾ, ਸ਼ਰਾਬ ਪੀਣਾ, ਮਾਸ ਖਾਣਾ, ਵਿਆਹ ਸ਼ਾਦੀਆਂ ਤੇ ਜਿਆਦਾ ਖਰਚ,

ਆਦਿ ਦਾ ਕਰੜਾ ਵਿਰੋਧ ਕੀਤਾ। ਪ੍ਰਭੂ ਸਿਮਰਣ, ਦੀ ਕਰੜੀ ਆਲੋਚਨਾ ਕੀਤੀ ਅਤੇ ਗੁਰਦੁਆਰਾ ਪ੍ਰਬੰਧ ਸੁਧਾਰਨ ਲਈ ਯਤਨ ਕੀਤੇ। ਗਊ ਹੱਤਿਆ ਦੀ ਸਰਕਾਰ ਵੱਲੋਂ ਖੁਲ੍ਹੀ ਆਗਿਆ ਦੇਸ਼ ਦੀ ਸਭਿਅਤਾ ਉੱਤੇ ਵੱਡਾ ਹਮਲਾ ਸੀ। ਖਾਲਸਾ ਰਾਜ ਵਿੱਚ ਇਸ ਦੀ ਪੱਕੀ ਮਨਾਹੀ ਸੀ। ਸਿੱਖ ਰਾਜ ਖੁਸਦਿਆਂ ਸਾਰ ਅੰਗਰੇਜ਼ਾ ਨੇ ਥਾਂ-ਥਾਂ ਤੇ ਬੁੱਚੜਖਾਨੇ ਖੋਲ ਦਿੱਤੇ ਜੋ ਬਾਬਾ ਰਾਮ ਸਿੰਘ ਤੇ ਜਿਉਦੀ ਆਤਮਾ ਵਾਲੇ ਹੋਰ ਅਜਿਹੇ ਵਿਅਕਤੀਆ ਨੂੰ ਖੁੱਸੀ ਆਜਾਦੀ ਦੀ ਯਾਦ ਦਿਵਾਉਂਦੇ ਸਨ।[3]

ਬਾਬਾ ਰਾਮ ਸਿੰਘ ਜੀ ਦਾ ਉਦੇਸ਼ ਸੀ ਕਿ ਪੰਜਾਬ ਦੇ ਲੋਕਾਂ ਦੇ ਜੀਵਨ ਵਿੱਚੋਂ ਬੁਰਾਈਆਂ ਨੂੰ ਦੂਰ ਕਰਕੇ ਉਨ੍ਹਾਂ ਨੂੰ ਸੁਤੰਤਰਤਾ ਪ੍ਰਾਪਤ ਵੱਲ ਲਾਇਆ ਜਾਵੇ। ਸਮਾਜਿਕ ਕੁਰੀਤੀਆਂ ਨਾਲ ਸਮਾਜ ਗ੍ਰਸਤ ਹੋਣ ਕਰਕੇ ਬਾਬਾ ਰਾਮ ਸਿੰਘ ਜੀ ਅੱਗੇ ਕਈ ਕਠਿਨਾਈਆ ਸਨ, ਜਿਨ੍ਹਾਂ ਤੋਂ ਸਮਾਜ ਨੂੰ ਮੁਕਤ ਕਰਾਉਣ ਤੋਂ ਬਾਦ ਹੀ ਦੇਸ਼ ਦੀ ਅਜ਼ਾਦੀ ਵੱਲ ਲਾਇਆ ਜਾ ਸਕਦਾ ਸੀ। ਜਦੋਂ ਅੰਗਰੇਜ਼ਾਂ ਨੇ 1849 ਵਿੱਚ ਪੰਜਾਬ ਨੂੰ ਅੰਗਰੇਜ਼ੀ ਰਾਜ ਵਿੱਚ ਮਿਲਾ ਲਿਆ ਤਾਂ ਪੰਜਾਬ ਦੇ ਲੋਕ ਜੋ ਗੁਲਾਮੀ ਤੋਂ ਘਿਰਣਾ ਕਰਦੇ ਸਨ, ਅਜ਼ਾਦੀ ਦੇ ਪੁਜਾਰੀ ਸਨ, ਨੇ ਅੰਗਰੇਜ਼ਾਂ ਦੀ ਵਿਰੋਧਤਾ ਕਰਨੀ ਆਰੰਭ ਕੀਤੀ। ਬਾਬਾ ਰਾਮ ਸਿੰਘ ਨੇ ਆਪਣੇ ਅਨੁਯਾਈਆਂ ਨੂੰ ਗਊ-ਗਰੀਬ ਦੀ ਰੱਖਿਆ ਕਰਨੀ, ਸਵਦੇਸੀ ਖੱਦਰ ਪਹਿਨਣਾ, ਅੰਗਰੇਜ਼ ਸਰਕਾਰ ਦੀ ਨੌਕਰੀ ਨਾ ਕਰਨੀ, ਸਰਕਾਰੀ ਅਦਾਲਤਾਂ ਵਿੱਚ ਨਾ ਜਾਣਾ ਅਤੇ ਫੈਸਲਾ ਪੰਚਾਇਤ ਵਿੱਚ ਹੀ ਨਿਬੇੜਨ ਬਾਰੇ ਆਦੇਸ਼ ਦਿੱਤਾ। ਨਾਮਧਾਰੀਆਂ ਨੇ ਆਪਣੀ ਹੀ ਅਦਾਲਤ ਕਾਇਮ ਕੀਤੀ। ਇਨ੍ਹਾਂ ਦੇ ਡਾਕ ਦਾ ਪ੍ਰਬੰਧ ਵੀ ਆਪਣਾ ਕੀਤਾ। ਬਾਬਾ ਰਾਮ ਸਿੰਘ ਜੀ ਨੇ ਨਾਮਧਾਰੀ ਜਵਾਨਾਂ ਵਿੱਚ ਫ਼ੌਜੀ ਰੂਹ ਭਰਨੀ ਆਰੰਭ ਕਰ ਦਿੱਤੀ ਤੇ ਇਨ੍ਹਾਂ ਨੂੰ ਲਾਠੀਆਂ ਦੇ ਕੇ ਕਵਾਇਦ ਸਿਖਾਉਣੀ ਅਰੰਭ ਕੀਤੀ। 1862 ਵਿੱਚ ਬਾਬਾ ਜੀ ਦੀਆਂ ਇਨ੍ਹਾਂ ਗੱਲਾ ਦਾ ਅੰਗਰੇਜ਼ ਸਰਕਾਰ ਨੂੰ ਪਤਾ ਲੱਗ ਗਿਆ, ਜਿਸ ਕਾਰਨ ਉਨ੍ਹਾਂ ਨੂੰ ਪਿੰਡ ਭੈਣੀ ਵਿੱਚ ਚਾਰ ਸਾਲ ਲਈ ਨਜ਼ਰਬੰਦ ਕੀਤਾ ਗਿਆ। ਬਾਬਾ ਰਾਮ ਸਿੰਘ ਨੇ ਆਪਣੀ ਜਥੇਬੰਦੀ ਨੂੰ ਮਜ਼ਬੂਤ ਕਰਨ ਲਈ ਕਈ ਦੇਸ਼ੀ ਵਿਦੇਸ਼ੀ ਤਾਕਤਾਂ ਨਾਲ ਦੋਸਤੀ ਗੰਢੀ। 'ਜੰਮੂ ਵਿੱਚ ਕੂਕਿਆਂ ਦੀ ਇੱਕ ਵੱਖ ਰੈਜਮੈਂਟ ਤਿਆਰ ਕਰਵਾਈ ਜਿਹੜੀ 1871 ਵਿੱਚ ਅੰਗਰੇਜ਼ਾਂ ਦੇ ਜ਼ੋਰ ਦੇਣ ਤੇ ਮਹਾਰਾਜਾ ਕਸ਼ਮੀਰ ਨੇ ਤੋੜ ਦਿੱਤੀ। ਨੇਪਾਲ ਦੇ ਮਹਾਰਾਜਾ ਜੰਗ ਬਹਾਦਰ ਅਤੇ ਕਾਬੁਲ ਦੇ ਅਮੀਰ ਨਾਲ ਤਾਲਮੇਲ ਪੈਦਾ ਕੀਤਾ ਗਿਆ। ਬਾਬਾ ਰਾਮ ਸਿੰਘ ਨੇ ਸੂਬੇ ਨਿਯੁਕਤ ਕੀਤੇ। ਪੰਜਾਬ ਦੇ ਸੂਬੇ ਨੂੰ ਜਿਲ੍ਹਿਆਂ ਤੇ ਸਬ ਡਿਵੀਜ਼ਨਾਂ ਵਿੱਚ ਵੰਡ ਦਿੱਤਾ ਗਿਆ, 'ਜੋ ਕੂਕਾ ਵਿਅਕਤੀਆਂ ਜਾਂ ਸੂਬਿਆਂ ਦੇ ਅਧੀਨ ਕਰ ਦਿੱਤੇ ਗਏ। ਕੂਕਾ ਸੂਬੇ ਸਿੱਧੇ ਗੁਰੂ ਸਾਹਿਬ ਦੇ ਅਧੀਨ ਸਨ।[4] ਸਰਕਾਰ ਨਾਲ ਨਾ ਮਿਲਵਰਤਣ ਕਰਨਾ ਉਨ੍ਹਾਂ ਦਾ ਸਭ ਤੋਂ ਵੱਡਾ ਕਦਮ ਸੀ ਅਜ਼ਾਦੀ ਵੱਲ। 1863 ਵਿੱਚ ਬਾਬਾ ਰਾਮ ਸਿੰਘ ਜੀ ਦੇ ਸੇਵਕਾਂ ਦੀ ਸੰਖਿਆਂ ਬਹੁਤ ਵੱਧ ਗਈ ਸੀ।

ਬਾਬਾ ਰਾਮ ਸਿੰਘ ਨੇ, ਸੋ ਸਾਖੀ ਵਿੱਚ ਅੰਕਿਤ ਭਵਿੱਖਬਾਣੀ ਨੂੰ ਸਹੀ ਦੱਸਿਆ ਕਿ ਅੰਗਰੇਜ਼ ਭਾਰਤ ਤੇ ਚਲੇ ਜਾਣਗੇ ਤੇ ਦੁਬਾਰਾ ਖਾਲਸਾ ਰਾਜ ਸਥਾਪਿਤ ਹੋਵੇਗਾ।

ਡਾ. ਫ਼ੌਜ਼ਾ ਸਿੰਘ ਦੇ ਵਿਚਾਰ ਅਨੁਸਾਰ, "ਉਹ ਵਿਦੇਸ਼ੀ ਰਾਜ ਸਮਾਪਤ ਕਰਕੇ ਮੁੜ 'ਖਾਲਸਾ ਰਾਜ' ਕਾਇਮ ਕਰਨਾ ਚਾਹੁੰਦੇ ਸਨ।"[5] ਕੂਕਿਆਂ ਦਾ ਅਜ਼ਾਦੀ ਪ੍ਰਤੀ ਮਨੋਰਥ ਉਨ੍ਹਾਂ ਦੇ ਸਮੇਂ ਦੇ ਅਨੁਕੂਲ ਸੀ। ਬਾਬਾ ਰਾਮ ਸਿੰਘ ਇਨ੍ਹਾਂ ਤਿਆਰੀਆਂ ਵਿੱਚ ਹੀ ਸਨ ਜਦੋਂ ਉਨ੍ਹਾਂ ਦੇ ਕੁਝ ਜ਼ੋਸ਼ੀਲੇ ਅਨੁਯਾਈਆਂ ਨੇ 1871 ਵਿੱਚ ਅੰਮ੍ਰਿਤਸਰ ਵਿੱਚ ਗਊ ਹੱਤਿਆ ਬੰਦ ਕਰਾਉਣ ਲਈ 4 ਬੁਚੜਾਂ ਨੂੰ ਮਾਰ ਦਿੱਤਾ ਅਤੇ ਇਸ ਘਟਨਾ ਦੇ ਮਹੀਨੇ ਕੁ ਬਾਦ ਦੂਜਾ ਹੱਲਾ ਰਾਏਕੋਟ (ਲੁਧਿਆਣਾ) ਦੇ ਬੁਚੜਾ ਤੇ ਕੀਤਾ। ਅੰਗਰੇਜ਼ ਸਰਕਾਰ ਨੇ 12 ਕੂਕੇ ਨੂੰ ਫੜ ਕੇ ਕਾਲਾ ਪਾਣੀ ਦੀ ਸਜ਼ਾ ਦਿੱਤੀ। ਇਨ੍ਹਾਂ ਵਿੱਚ ਕੁਝ ਕੂਕਿਆਂ ਨੂੰ ਜਿਵੇਂ, ਸੂਬਾ ਰਤਨ ਸਿੰਘ ਨੂੰ ਬੇਗੁਨਾਹ ਫਾਂਸੀ ਦਿੱਤੀ ਗਈ ਸੀ, ਜਿਸਦੇ ਫਲਸਰੂਪ ਕੂਕਿਆਂ ਵਿੱਚ ਬਹੁਤ ਰੰਜਸ਼ ਪੈਦਾ ਹੋ ਗਈ ਸੀ। ਸਰਕਾਰ ਨੇ ਮੁੜ ਇਹ ਕਾਨੂੰਨ ਲਾਗੂ ਕਰ ਦਿੱਤਾ ਕਿ ਬਾਬਾ ਰਾਮ ਸਿੰਘ ਜੀ ਆਪਣੇ ਪਿੰਡ ਵਿੱਚ ਹੀ ਨਜ਼ਰਬੰਦ ਰਹਿਣਗੇ। ਧਾਰਮਿਕ ਦੀਵਾਨਾਂ ਵਿੱਚ ਹਾਜ਼ਰ ਹੋਣ ਵਾਲੇ ਕੂਕਿਆਂ ਨੂੰ ਮਨਾਂ ਕਰ ਦਿੱਤਾ ਗਿਆ। ਇਨ੍ਹਾਂ ਬੰਦਸ਼ਾ ਨਾਲ ਕੂਕਿਆ ਦੇ ਜ਼ਜ਼ਬਾਤ ਭੜਕ ਗਏ। ਮਾਘੇ ਦੇ ਅਵਸਰ ਤੇ ਜਨਵਰੀ 1872 ਵਿੱਚ ਹਜਾਰਾ ਦੀ ਗਿਣਤੀ ਵਿੱਚ ਕੂਕੇਕ ਭੈਣੀ ਸਾਹਿਬ ਇਕੱਠੇ ਹੋਏ। ਜਿਨ੍ਹਾਂ ਨੂੰ ਫਾਂਸੀ ਹੋਈ, ਉਨ੍ਹਾਂ ਦੀ ਬਹਾਦਰੀ ਦੀ ਗਾਥਾ ਸੁਣਾਂਈ ਗਈ। ਦੂਜੇ ਪਾਸੇ ਅਚਾਨਕ ਮੇਰਕੋਟਲੇ ਤੋਂ ਗਊ-ਹੱਤਿਆ ਦੀ ਖਬਰ ਪੁੱਜਣ ਕਾਰਨ 15 ਜਨਵਰੀ 1872 ਨੂੰ 150 ਕੂਕਿਆਂ ਨੇ ਮਲੇਰਕੋਟਲੇ ਜਾ ਅਪੜੇ ਤੇ ਜਾਂਦਿਆਂ ਹੀ ਸਰਕਾਰੀ ਖਜ਼ਾਨੇ ਤੇ ਅਸਲਾਖਾਨੇ ਤੇ ਹਮਲਾ ਕਰ ਦਿੱਤਾ। ਇਸ ਹਮਲੇ ਵਿੱਚ 7 ਕੂਕੇ ਮਰੇ ਅਤੇ 30 ਕੁ ਫੱਟੜ ਹੋਏ। ਅੰਗਰੇਜ਼ ਸਰਕਾਰ ਨੇ ਕਾਫੀ ਸਖਤੀ ਕੀਤੀ ਤੇ ਅਮਰਗੜ੍ਹ ਦੇ ਨਾਜ਼ਮ ਦੀ ਮਦਦ ਨਾਲ 68 ਕੂਕਿਆਂ ਨੂੰ ਗ੍ਰਿਫਤਾਰ ਕਰ ਲਿਆ ਗਿਆ। ਮਿਤੀ 17 ਜਨਵਰੀ ਨੂੰ ਮਲੇਰਕੋਟਲੇ ਵਿੱਚ 6 ਤੋਪਾਂ ਬੀੜ ਕੇ ਲੁਧਿਆਣਾ ਦੇ ਡਿਪਟੀ ਕਮਿਸ਼ਨਰ ਕੋਵਨ ਨੇ 66 ਕੂਕਿਆਂ ਨੂੰ ਤੋਪਾਂ ਨਾਲ ਉਡਵਾ ਦਿੱਤਾ।

ਭੈਣੀ ਸਾਹਿਬ ਵਿਖੇ ਕੂਕਿਆਂ ਦੇ ਡੇਰੇ ਦੀ ਤਲਾਸ਼ੀ ਲਈ ਗਈ। ਬਾਬਾ ਰਾਮ ਸਿੰਘ ਜੀ ਅਤੇ ਉਨ੍ਹਾਂ ਦੇ ਗਿਆਰਾ ਮੁਰੀਦਾਂ ਨੂੰ ਕੈਦ ਕਰਕੇ ਬਰਮਾਂ ਵਿੱਚ ਦੇਸ਼ ਨਿਕਾਲਾ ਦਿੱਤਾ ਗਿਆ।[6] ਉਨ੍ਹਾਂ ਪਾਸ ਮੁਲਾਕਾਤੀ ਆ ਜਾਂਦੇ ਸਨ ਅਤੇ ਉਹ ਆਪਣੇ ਮੁਰੀਦਾਂ ਨਾਲ ਚਿੱਠੀ ਪੱਤਰ ਵੀ ਕਰਦੇ ਹਨ। ਰੂਸ ਦੀ ਸਹਾਇਤਾ ਪ੍ਰਾਪਤ ਕਰਨ ਲਈ ਬਾਬਾ ਰਾਮ ਸਿੰਘ ਨੇ ਆਪਣਾ ਇੱਕ ਕੂਕਾ ਉੱਥੇ ਭੇਜਿਆ। ਪਰ ਇਸ ਮਿਸ਼ਨ ਦਾ ਕੋਈ ਸਿੱਟਾਂ ਨਾ ਨਿਕਲਿਆ।

1885 ਵਿੱਚ ਬਾਬਾ ਰਾਮ ਸਿੰਘ ਜੀ ਰੰਗੂਨ ਵਿਖੇ ਅਕਾਲ ਚਲਾਣਾ ਕਰ ਗਏ। ਬਾਬਾ ਰਾਮ ਸਿੰਘ ਜੀ ਪਹਿਲੇ ਵਿਅਕਤੀ ਸਨ, ਜਿਨ੍ਹਾਂ ਨੇ ਨਾ-ਮਿਲਵਰਤਣ ਲਹਿਰ ਦੀ ਨੀਹ ਰੱਖੀ ਅਤੇ ਸਵਦੇਸ਼ੀ ਹਥਿਆਰ ਵੱਜੋਂ ਵਰਤਿਆ। ਅੰਗਰੇਜ਼ੀ ਵਸਤਾਂ, ਸਰਕਾਰੀ ਸਕੂਲਾਂ, ਅਦਾਲਤਾ ਅਤੇ ਡਾਕ ਸੇਵਾ ਦਾ ਬਾਈਕਾਟ ਉਨ੍ਹਾਂ ਨੇ 1868 ਵਿੱਚ ਕੀਤਾ ਜੋ ਉਨ੍ਹਾਂ ਤੋਂ ਸੱਠਾਂ ਸਾਲਾ ਬਾਦ ਮਹਾਤਮਾ ਗਾਂਧੀ ਨੇ ਕੀਤਾ।[7] ਭਾਵੇਂ ਇਹ ਲਹਿਰ ਆਪਣੇ ਮਨੋਰਥ ਵਿੱਚ ਕਾਫੀ ਕਾਮਯਾਬ ਹੋਈ।

ਕੂਕਾ ਲਹਿਰ ਨੇ ਦੇਸ਼ਭਗਤੀ ਦੇ ਜਜਬਾਤ ਨੂੰ ਧਾਰਮਿਕ ਸੇਧ ਦੇ ਕੇ ਉਭਾਰਿਆ। ਕੂਕਾ ਲਹਿਰ ਕਾਫੀ ਹੱਦ ਤੱਕ ਸਫਲ ਰਹੀ। ਕਰੜੀ ਵਿਰੋਧਤਾ ਹੁੰਦਿਆਂ ਹੋਇਆਂ ਵੀ ਨਾਮਧਾਰੀਆਂ ਨੇ ਦੇਸ਼ਭਗਤੀ ਦੀ ਸ਼ਾਨਦਾਰ ਪਰੰਪਰਾ ਕਾਇਮ ਕੀਤੀ। ਭਾਵੇਂ ਅੰਗਰੇਜ਼ਾਂ ਲਈ ਇਹ ਲਹਿਰ ਖਤਰਨਾਕ ਸੀ। ਉਨ੍ਹਾਂ ਨੇ ਇਹ ਲਹਿਰ ਦਾ ਦਮਨ ਕਰਨ ਦਾ ਹਰ ਤਰ੍ਹਾਂ ਦਾ ਦਮਨਕਾਰੀ ਉਪਰਾਲਾ ਕੀਤਾ ਜੋ ਸਫਲ ਨਹੀਂ ਹੋਇਆ। ਸਗੋਂ ਕੂਕਿਆਂ ਦਾ ਸੂਰਜ ਦਿਨ ਪਰ ਦਿਨ ਚੜ੍ਹਦਾ ਗਿਆ।

**References :**

1. Fauja Singh, Kuka Movement, Moti Lal Banarsi Das, Delhi, 1965 p. 11-15
2. Major Leej, The Rights and Ceremonies of the Sikhs and the Sikh Act, Gurdwara Gazeettee, Amritsar, August, 1969, p. 7
3. ਗਿਆਨੀ ਗਿਆਨ ਸਿੰਘ, ਪੰਥ ਪ੍ਰਕਾਸ਼, ਅੰਮ੍ਰਿਤਸਰ, ਪੰਨਾ 2880
4. Home Political, June 1872, Proceedings No. 107-111, NAI, New Delhi.
5. Fauja Singh, op. cit. pp. 39-67
6. Home Political, June 1872, Proceedings No. 107-111, NAI, New Delhi.
7. Ibid

## ਅਧਿਆਇ—4

# ਪਗੜੀ ਸੰਭਾਲ ਓ ਜੱਟਾ/1907 ਦੀ ਕਿਸਾਨ ਲਹਿਰ

1907 ਵਿੱਚ ਪੰਜਾਬ ਵਿੱਚ ਅਚਾਨਕ ਤਬਦੀਲੀ ਆਈ ਤੇ ਪੰਜਾਬ ਦਾ ਵਾਤਾਵਰਨ ਬੇਚੈਨ ਹੋ ਗਿਆ। ਇਨਕਲਾਬ ਦੀਆਂ ਲਪਟਾ ਪੰਜਾਬ ਵਿੱਚ ਪਹੁੰਚ ਗਈਆਂ ਸਨ। ਪੰਜਾਬ ਵਿੱਚ ਲਾਇਲਪੁਰ, ਸੇਖ਼ੂਪੁਰਾ ਆਦਿ ਜਿਲ੍ਹਿਆਂ ਵਿੱਚ ਨਵੀਆਂ ਅਬ਼ਾਦੀਆ ਕਾਇਮ ਕੀਤੀਆਂ ਗਈਆਂ ਸਨ। ਬੇਚੈਨੀ ਦਾ ਕਾਰਨ ਅਬਾਦਕਾਰੀ ਬਿੱਲ ਸੀ। ਜਿਸ ਦਾ ਮੰਤਵ ਪੰਜਾਬ ਵਿੱਚ ਜਮੀਨ ਦੇ ਮਾਲਕੀ ਦੇ ਹੱਕਾਂ ਨੂੰ ਬਦਲਣਾ ਸੀ। ਕੇਦਰੀ ਪੰਜਾਬ ਦੇ ਜਿਲ੍ਹਿਆਂ ਵਿੱਚ ਜਿਨ੍ਹਾਂ ਕਿਸਾਨਾਂ ਨੇ ਪੱਛਮੀ ਪੰਜਾਬ ਵਿੱਚ ਜਾ ਕੇ ਬੰਜਰ ਅਤੇ ਬੇਆਬਾਦਾ ਜਮੀਨ ਨੂੰ ਨਹਿਰ ਪੁੱਟ ਕੇ ਸ਼ੁਰੇਆਬ ਕੀਤਾ ਸੀ, ਉਨ੍ਹਾਂ ਤੋਂ ਮਾਲਕੀ ਦੇ ਹੱਕ-ਖੋਹਣ ਦਾ ਯਤਨ ਕੀਤਾ ਗਿਆ। ਜਦੋਂ ਕਿਸਾਨਾਂ ਦੀ ਮਿਹਨਤ ਦਾ ਫਲ ਮਿਲਣ ਲੱਗਾਂ ਤਾਂ ਪੰਜਾਬ ਸਰਕਾਰ ਨੇ ਯੋਜ਼ਨਾ ਬਣਾ ਕੇ ਕਿਸਾਨਾ ਨੂੰ ਮਾਲਕਾਂ ਤੋਂ ਮੁਜਾਰੇ ਬਣਾਉਣ ਦਾ ਯਤਨ ਕੀਤਾ। ਆਬਦਕਾਰੀ ਬਿੱਲ ਜੋਂ ਪਾਸ ਕੀਤਾ ਗਿਆ ਕਿ ਭੂਮੀ ਦਾ ਮਾਲਕ ਸਰਕਾਰ ਹੈ ਅਤੇ ਕਿਸਾਨ ਜਾਂ ਜਿਮੀਦਾਰ ਮਹਿਜ ਮੁਜਾਰਾ ਸੀ। ਉਹ ਆਪਣੀ ਜ਼ਮੀਨ ਦੀ ਮਲਕੀਅਤ ਬਾਰੇ ਵਸੀਅਤ ਨਹੀਂ ਦੇ ਸਕਦੇ ਸਨ ਅਤੇ ਉਨ੍ਹਾਂ ਉੱਤੇ ਦਰੱਖਤ ਲਾਉਣ ਜਾਂ ਦੀਵਾਰ ਬਣਾਉਣ ਆਦਿ ਮਾਮਲਿਆਂ ਸਬੰਧੀ ਰੋਕਾਂ ਲੱਗਾ ਦਿੱਤੀਆਂ ਗਈਆਂ।

ਜਦੋਂ ਲੋਕਾਂ ਅੰਦਰ ਇਸ ਬਿਲ ਨੂੰ ਲੈ ਕੇ ਬੇਚੈਨੀ ਸੀ ਤਾਂ ਅੰਗਰੇਜ਼ ਸਰਕਾਰ ਨੇ ਜ਼ਮੀਨ ਦੀਆਂ ਕੀਮਤਾਂ ਵਿੱਚ ਵਾਧਾ ਦਰਸਾ ਕੇ ਰਾਵਲਪਿੰਡੀ ਵਿੱਚ ਬਾਗੀ ਦੁਆਬ ਦਾ ਅਖਿਆਨਾ ਵਧਾਉਣ ਦਾ ਫੈਸਲਾ ਕਰ ਲਿਆ। ਇਨ੍ਹਾਂ ਕਾਰਵਾਈਆ ਨਾਲ ਵਧੇਰੇ ਪ੍ਰਭਾਵਿਤ ਜਿਲ੍ਹੇ ਸਨ ਲਾਇਲਪੁਰ ਅਤੇ ਰਾਵਲਪਿੰਡੀ। 1907 ਵਿੱਚ ਸਾਰਾ ਵਾਤਾਵਰਣ ਬੇਚੈਨ ਹੋ ਚੁੱਕਾ ਸੀ। ਇਸ ਬੇਚੈਨੀ ਦੇ ਹੋਰ ਵੀ ਕਈ ਕਾਰਨ ਸਨ। ਸਰ ਰੈਜੀਨਲਡ ਕਰੈਡਾਕ ਅਨੁਸਾਰ, "**ਨਹਿਰੀ ਨੋ ਅਬਾਦੀਆਂ ਦਾ ਬਿਲ ਦਾ ਸਿਰਫ਼ ਇੱਕ ਬਹਾਨਾ ਸੀ ਅਸਲ ਕਾਰਨ ਤਾਂ ਬੰਗਾਲ ਦੇ ਅੰਦੋਲਨ ਨਾਲ ਹਮਦਰਦੀ ਪ੍ਰਗਟ ਕਰਨਾ ਸੀ।**[1] **ਗਰਮ ਦਲ ਦੇ ਨੇਤਾ ਲਾਲਾ ਲਾਜਪਤ ਰਾਏ, ਤਿਲਕ ਅਤੇ ਅਰਵਿੰਦ ਦੇ ਭਾਸ਼ਣਾਂ ਨੇ ਵੀ ਪੰਜਾਬ ਦੇ ਨੌਜ਼ਵਾਨਾਂ ਨੂੰ ਪ੍ਰਭਾਵਿਤ ਕੀਤਾ।**[2]

21 ਅਪ੍ਰੈਲ 1907 ਨੂੰ ਰਾਵਲਪਿੰਡੀ ਵਿੱਚ ਹੋਏ ਇਕ ਜਲਸੇ ਵਿੱਚ '**ਝੰਗਸਿਆਲ**' ਦੇ ਸੰਪਾਦਕ **ਬਾਂਕੇ ਦਿਆਲ** ਰਾਹੀਂ ਰਚਿਤ ਕਵਿਤਾ ਪੜੀ ਗਈ। '**ਪਗੜੀ ਸੰਭਾਲ ਓ ਜੱਟਾ**' ਇਹ ਕਵਿਤਾ ਪੰਜਾਬ ਦੇ ਕਿਸਾਨਾਂ ਅਤੇ ਆਮ ਲੋਕਾਂ ਵਿੱਚ ਹਰਮਨ ਪਿਆਰੀ ਹੋ ਗਈ ਤੇ ਅੰਦੋਲਨ ਇਸ ਕਵਿਤਾ ਦੇ ਸਿਰਲੇਖ "ਪਗੜੀ ਸੰਭਾਲ ਓ ਜੱਟਾ' ਦੇ

ਨਾਮ ਤੇ ਹੀ ਮਸ਼ਹੂਰ ਹੋ ਗਿਆ। ਇਸ ਮੀਟਿੰਗ ਵਿੱਚ **ਅਜੀਤ ਸਿੰਘ** ਨੇ ਇਸ ਬਿਲ ਦਾ ਵਿਰੋਧ ਕੀਤਾ ਤੇ ਕਿਹਾ ਕਿ "**ਕੀ ਦੇਸ਼ ਦੇ ਅਸਲ ਸ਼ਾਸਕ ਉਹ** (ਕਿਸਾਨ) ਹਨ,[3] ਉਸਨੇ ਕਿਸਾਨਾਂ ਨੂੰ ਕਿਹਾ" **ਜਿਨ੍ਹਾਂ ਚਿਰ ਕੀਮਤ ਨਹੀਂ ਘਟਦੀ ਜਮੀਨ ਵਾਹੁਣੀ ਬਿਜਣੀ ਛੱਡ ਦੇਣ**" ਉਸ ਨੇ ਕਿਹਾ "**ਬੰਗਾਲ ਤੋਂ ਬਾਦ ਪੰਜਾਬ ਵੀ ਨੀਂਦ ਤੋਂ ਜਾਗ ਪਿਆ ਹੈ।**"[4] ਡਿਪਟੀ ਕਮਿਸ਼ਨਰ ਨੇ ਜਲਸੇ ਦੇ ਪ੍ਰਬੰਧਕਾਂ ਤੇ ਅਜੀਤ ਸਿੰਘ ਨੂੰ ਵਿਦਰੋਹੀ ਭਾਸ਼ਣ ਦੇਣ ਲਈ ਗ੍ਰਿਫਤਾਰ ਕਰਕੇ ਦੇਸ਼ ਤੋਂ ਬਾਹਰ ਭੇਜ ਦਿੱਤਾ ਗਿਆ। ਭੜਕੇ ਹੋਏ ਲੋਕਾਂ ਨੇ ਡਿਪਟੀ ਕਮਿਸ਼ਨਰ ਦੇ ਘਰ ਅਤੇ ਸਰਕਾਰੀ ਜਾਇਦਾਦ ਦੀ ਤੋੜ ਫੋੜ ਕੀਤੀ। ਸਰਕਾਰ ਨੇ ਅੰਦੋਲਨ ਨਾਲ ਸਬੰਧਤ 68 ਵਿਅਕਤੀਆ ਗ੍ਰਿਫਤਾਰ ਕਰ ਲਿਆ।[5] ਸਰਕਾਰ ਡਰ ਗਈ, ਕਿਉਂਕਿ ਉਸ ਨੂੰ ਲਗਾਤਾਰ ਰਿਪੋਰਟਾਂ ਮਿਲ ਰਹੀਆਂ ਸਨ ਕਿ ਭਾਰਤੀ ਫ਼ੌਜ ਵਿੱਚ ਅਸੰਤੋਸ ਹੈ ਅਤੇ ਉਹ ਬਾਗੀਆਂ ਨਾਲ ਮਿਲ ਕੇ ਬਗਾਵਤ ਕਰ ਸਕਦੀ ਹੈ।[6] **ਲਾਲਾ ਪਿੰਡੀ ਦਾਸ ਜੋ 'ਇੰਡੀਆ' ਅਖਬਾਰ** ਦੇ ਸੰਪਾਦਕ ਸਨ, ਨੇ ਅਮਰੀਕਾ ਵਿੱਚ ਰਹਿ ਰਹੇ ਭਾਰਤੀ ਮੂਲ ਦੇ ਵਿਅਕਤੀ ਵੱਲੋਂ ਭੇਜੇ ਇਸ਼ਤਿਹਾਰ ਦੀ ਨਕਲ ਅਖ਼ਬਾਰ ਵਿੱਚ ਛਾਪ ਦਿੱਤੀ। ਇਸ਼ਤਿਹਾਰ ਦੇ ਲੇਖਕ ਵੱਲੋਂ ਹੋਰ ਗੱਲਾਂ ਤੋਂ ਇਲਾਵਾ ਭਾਰਤੀ ਸਿਪਾਹੀਆਂ ਨੂੰ ਸਵਾਲ ਕੀਤਾ ਸੀ ਕਿ "**ਉਹ ਆਪਣੇ ਦੇਸ਼ ਵਾਸੀਆਂ ਨੂੰ ਕਿਓ ਮਾਰਦਾ ਸੀ ਅਤੇ ਆਪਣੀ ਜਾਨ ਕਿਓ ਖਤਰੇ ਵਿੱਚ ਪਾਉਦਾ ਸੀ, ਕਿ ਉਹ ਆਪਣੇ ਮੁਲਕ ਦਾ ਵਫਾਦਾਰ ਨੌਕਰ ਸੀ** ?[7] ਅੰਗਰੇਜ਼ਾਂ ਵਿਰੁਧ ਭੜਕਾਓ ਇਸ਼ਤਿਹਾਰ ਛਾਪਣ ਤੇ ਲਾਲਾ **ਪਿੰਡੀ ਦਾਸ ਅਤੇ 'ਹਿੰਦੂਸਤਾਨ ਦੇ ਸੰਪਾਦਕ ਲਾਲ ਦੀਨਾ ਨਾਥ ਨੂੰ ਪੰਜ-ਪੰਜ ਸਾਲਾਂ ਦੀ ਸਖਤ ਕੈਦ ਦੀ ਸਜ਼ਾ ਮਿਲੀ।** ਅੰਗਰੇਜ਼ ਸਰਕਾਰ ਨੇ ਪ੍ਰੈਸ ਦਾ ਗਲਾ ਪੂਰੀ ਤਰ੍ਹਾਂ ਨਾਲ ਘੁੱਟਣ ਦੀ ਕੋਸ਼ਿਸ਼ ਕੀਤੀ। ਉਨ੍ਹਾਂ ਨੇ **'ਟ੍ਰਿਬਿਊਨ'** ਅਤੇ **'ਪੰਜਾਬੀ'** ਵਿਰੁੱਧ ਹੱਤਕ ਦੇ ਦਾਅਵੇ ਅੰਗਰੇਜ਼ ਅਫਸਰਾਂ ਨੇ ਕੀਤੇ। **ਇੰਡੀਆ' ਅਤੇ 'ਹਿੰਦੁਸਤਾਨ'** ਵਿਰੁੱਧ ਸਰਕਾਰ ਨੇ ਬਗਾਵਤ ਦੇ ਅਪਰਾਧ ਦੇ ਮੁਕੱਦਮੇ ਵੀ ਚਲਾਏ।[8] ਪੰਜਾਬ ਪਹੁੰਚ ਕੇ ਅਜੀਤ ਸਿੰਘ ਨੇ ਅੰਗਰੇਜ਼ ਸਰਕਾਰ ਵਿਰੁੱਧ ਸਾਹਿਤ ਛਪਵਾ ਕੇ ਪ੍ਰਚਾਰ ਕਰਨਾ ਆਰੰਭ ਕੀਤਾ।

ਭਾਵੇਂ ਸਰਕਾਰ ਨੇ ਪ੍ਰੈਸ ਦੀ ਅਜਾਦੀ ਦਾ ਦਮਨ ਕੀਤਾ ਪਰ ਕ੍ਰਾਂਤੀਕਾਰੀਆਂ ਨੇ 1907 ਤੋਂ 1908 ਦੇ ਵਿਚਕਾਰ ਇੱਕ **'ਭਾਰਤ ਮਾਤਾ'** ਪੁਸਤਕ ਏਜੰਸੀ ਰਾਹੀਂ ਸਾਹਿਤ ਛਾਪਣ ਤੇ ਵੰਡਣ ਦੀ ਮੁਹਿਮ ਚਲਾਈ।

ਉਨ੍ਹਾਂ ਨੇ ਕ੍ਰਾਂਤੀਕਾਰੀ ਸਾਹਿਤ ਛਪਵਾ ਕੇ ਆਮ ਲੋਕਾਂ ਵਿੱਚ ਵੰਡਣ ਦੀ ਮੁਹਿਤ ਆਰੰਭ ਕਰ ਦਿੱਤੀ। ਉਸ ਸਮੇਂ ਦੇ ਲਿਖੇ ਮਸ਼ਹੂਰ ਪੈਫਲੈਟ ਇਸ ਪ੍ਰਕਾਰ ਹਨ।

ਅਜੀਤ ਸਿੰਘ ਰਚਿਤ :

1. ਹਿੰਦੁਸਤਾਨ ਮੈਂ ਅੰਗਰੇਜ਼ੀ ਹਕੂਮਤ
2. ਜਲਵਤਨੀ I II III
3. ਹਿੰਦੁਸਤਾਨ ਦੇ ਮੌਜੂਦਾ ਹਾਲਾਤ
4. ਉਗਲੀ ਪਕੜ ਕੇ ਪਹੁੰਚਾ ਪਕੜ

5. ਹੱਕ
6. 1857 ਦਾ ਗਦਰ
7. ਮਹਿਬੂਬ-ਏ-ਵਤਨ (ਇਸ ਵਿੱਚ ਅਜ਼ਾਦੀ ਦੀ ਲੜਾਈ ਵਿੱਚ ਭਾਗ ਲੈਣ ਵਾਲਿਆਂ ਦਾ ਹਾਲ ਹੈ।)
8. ਦੇਸ਼ੀ ਫ਼ੌਜ਼ ਤੇ ਜਫਰ ਫ਼ੌਜ਼
9. ਡਿਵਾਇਡ ਐਡ ਕੋਕਰ

ਸਵਰਨ ਸਿੰਘ ਰਚਿਤ

1. ਗਦਰ
2. ਅਮਾਨਤ ਮੇ ਖਿਆਨਤ

ਕਿਸ਼ਨ ਸਿੰਘ ਅਤੇ ਸਵਰਾਜ ਸਿੰਘ ਰਚਿਤ

1. ਸਰਕਾਰੀ ਮੁਲਾਜਮਾਤ
2. ਕੌਮੇ ਕਿਸ ਤਰਾਂ ਜਿੰਦਾ ਰਹਿਤੀ ਹੈ।

ਹੋਰ ਅੰਬਾ ਪ੍ਰਸਾਦ ਕ੍ਰਿਤ 'ਬਾਗੀ ਮਸੀਹ' ਨੰਦ ਲਾਲ ਕ੍ਰਿਤ ਕੋਮੀ ਇਸਲਾਹ ਦੋ ਭਾਗ ਆਦਿ। ਇਸ ਸਾਹਿਤ ਦਾ ਨੋਜ਼ਵਾਨਾਂ ਤੇ ਬੜਾ ਪ੍ਰਭਾਵ ਪਿਆ। ਸਰਕਾਰ ਅਚਾਨਕ ਛਾਪੇ ਮਾਰ ਕੇ ਛਪੀਆਂ/ਛਪਵਾਈਆਂ ਕਿਤਾਬਾਂ ਲਿਜਾ ਕੇ ਨਸ਼ਟ ਕਰ ਦਿੰਦੀ ਸੀ। ਫਿਰ ਵੀ ਕੁਝ ਕਿਤਾਬਾਂ ਲੋਕਾਂ ਦੇ ਹੱਥਾ ਵਿੱਚ ਪਹੁੰਚ ਹੀ ਜਾਂਦੀਆਂ ਰਹੀਆਂ। ਇਸ ਦੇ ਇਲਾਵਾ ਯੂ. ਪੀ. ਦਿੱਲੀ, ਪੰਜਾਬ ਦੇ ਵੱਖ-ਵੱਖ ਸ਼ਹਿਰਾਂ ਆਦਿ ਵਿੱਚ ਸੈਂਟਰ ਕਾਇਮ ਕੀਤੇ ਗਏ।

ਪੰਜਾਬ ਵਿੱਚ ਲੋਕ ਅਸਾਂਤ ਹੋ ਰਹੇ ਸਨ। ਉਸ ਸਮੇਂ ਪੰਜਾਬ ਵਿੱਚ **ਲਾਜਾ ਲਾਜਪਤ ਰਾਏ ਅਤੇ ਅਜੀਤ ਸਿੰਘ** ਦਾ ਉਭਾਰ ਹੋਇਆ ਅਤੇ ਉਨ੍ਹਾਂ ਨੇ ਲਗਾਤਾਰ ਵਿਦਰੋਹੀ ਗਤੀਵਿਧੀਆ ਜਾਰੀ ਰੱਖੀਆਂ। ਅਜੀਤ ਸਿੰਘ ਦੀ ਪਹਿਚਾਣ ਇੱਕ ਵਕਤਾ ਦੇ ਰੂਪ ਵਿੱਚ ਹੋ ਰਹੀ ਸੀ। ਉਹ ਪਹਿਲਾਂ **'ਹਿੰਦੁਸਤਾਨ'** ਦਾ ਉਪ ਸੰਪਾਦਕ ਅਤੇ ਬਾਅਦ ਵਿੱਚ **'ਭਾਰਤ ਮਾਤਾ'** ਦਾ ਸੰਪਾਦਕ ਰਿਹਾ। ਅਜੀਤ ਸਿੰਘ ਨੂੰ 1897 ਵਿੱਚ ਅਤੇ 1901 ਵਿੱਚ ਦੋ ਵਾਰੀ ਸਜ਼ਾ ਹੋ ਚੁੱਕੀ ਸੀ। 1907 ਵਿੱਚ ਉਹ ਲਾਹੌਰ ਆ ਗਿਆ। 1907 ਵਿੱਚ ਚੱਲੀ ਲਹਿਰ ਅਤੇ ਕਿਸਾਨਾਂ ਦਾ ਉਨ੍ਹਾਂ ਨੂੰ ਪਥ ਪ੍ਰਦਸ਼ਕ ਮੰਨਿਆਂ ਜਾਂਦਾ ਸੀ।10 ਉਸਦੇ ਲਾਲਾ ਲਾਜਪਤ ਰਾਏ ਨਾਲ ਨੇੜੇ ਦੇ ਸਬੰਧ ਸਨ। ਲਾਜਪਤ ਰਾਏ ਨੇ ਮਾਰਚ 21 ਅਤੇ 22, 1907 ਨੂੰ ਲਾਇਲਪੁਰ ਵਿਖੇ ਇਕ ਜਨਤਕ ਇਕੱਠ ਵਿੱਚ ਭਾਸ਼ਣ ਦਿੱਤਾ। ਦੋਵੇਂ ਇਕੱਠੀਆਂ ਮੀਟਿੰਗਾਂ ਕਰਦੇ ਸਨ ਅਤੇ ਪ੍ਰੋਗਰਾਮ ਬਣਾਉਂਦੇ ਸਨ।11 ਅੰਗਰੇਜ਼ ਅਧਿਕਾਰੀਆ ਮੁਤਾਬਕ ਲਾਜਪਤ ਰਾਏ ਸੈਨਿਕਾਂ ਵਿੱਚ ਬਗਾਵਤ ਕਰਾਉਣ ਦਾ ਯਤਨ ਕਰ ਰਹੇ ਸਨ।[12] ਅੰਗਰੇਜ਼ ਸਰਕਾਰ ਨੇ ਲਾਲਾ ਲਾਜਪਤ ਰਾਏ ਨੂੰ 9 ਮਈ ਨੂੰ ਅਜੀਤ ਸਿੰਘ ਨੂੰ 3 ਜੂਨ ਵਿੱਚ ਗ੍ਰਿਫਤਾਰ ਕਰਕੇ ਜਲਾਵਤਨ ਕਰਕੇ ਮਾਂਡਲੇ (ਬਰਮਾ) ਭੇਂਜ ਦਿੱਤਾ। ਇਨ੍ਹਾਂ ਗ੍ਰਿਫਤਾਰੀਆ ਨਾਲ ਪੰਜਾਬ ਦੇ ਮਹੌਲ ਵਿੱਚ ਅੰਗਰੇਜ਼ਾਂ ਪ੍ਰਤੀ ਕੜਵਾਹਟ ਆ ਗਈ।

ਲਾਲਾ ਲਾਜਪਤ ਰਾਏ ਅਤੇ ਅਜੀਤ ਸਿੰਘ ਨੂੰ 18 ਨਵੰਬਰ 1907 ਨੂੰ ਰਿਹਾ

ਕਰ ਦਿੱਤਾ ਗਿਆ। ਬਿਲ ਦੀ ਅਲੋਚਨਾ ਅਤੇ ਸਿੱਖ ਸਿਪਾਹੀਆ ਵਿੱਚ ਫੈਲ ਰਹੀ ਬੇਚੈਨੀ ਕਰਕੇ ਲਾਰਡ ਮਿੰਟੋ ਨੇ ਆਬਕਾਰੀ ਬਿਲ ਰੱਦ ਕਰ ਦਿੱਤਾ ਅਤੇ ਜਮੀਨਾ ਦਾ ਮਾਲੀਆਂ ਤੇ ਜਲ ਕਰ ਘਟਾਏ ਗਏ। 1909 ਵਿੱਚ ਇੱਕ ਕ੍ਰਾਂਤੀ ਕਰਨ ਬਾਰੇ ਤਜ਼ਵੀਜ਼ ਬਣਾਈ ਗਈ ਪਰ ਅੰਗਰੇਜ਼ ਸਰਕਾਰ ਨੂੰ ਇਸਦੀ ਖਬਰ ਪਹਿਲਾਂ ਹੀ ਲੱਗ ਗਈ ਤਾਂ ਅੰਗਰੇਜ਼ ਸਰਕਾਰ ਚੌਕੰਨੀ ਹੋ ਗਈ ਸੀ। ਸਰਕਾਰ ਨੇ ਕ੍ਰਾਂਤੀਕਾਰੀਆਂ ਤੇ ਕਰੜੀ ਨਜ਼ਰ ਰੱਖਣੀ ਸ਼ੁਰੂ ਕਰ ਦਿੱਤੀ। ਅਜੀਤ ਸਿੰਘ ਦੇ ਰਿਸ਼ਤੇਦਾਰਾਂ ਦੇ ਘਰਾਂ ਦੀ ਤਲਾਸ਼ੀ ਲੈ ਕੇ ਸਰਕਾਰ ਨੇ ਕ੍ਰਾਂਤੀਕਾਰੀ ਸਾਹਿਤ ਆਪਣੇ ਕਬਜ਼ੇ ਵਿੱਚ ਲੈ ਲਿਆ। **ਸ. ਕ੍ਰਿਸ਼ਨ ਸਿੰਘ** ਫੜੇ ਗਏ ਤੇ ਉਨ੍ਹਾਂ ਨੂੰ ਲੰਬੀ ਕੈਦ ਦੀ ਸਜ਼ਾ ਹੋਈ। ਉਸਨੇ ਭਾਰਤ ਮਾਤਾ ਸੁਸਾਇਟੀ ਵੱਲੋਂ ਛਪੀਆਂ ਪੁਸਤਕਾਂ ਜਬਤ ਕਰਕੇ ਨਸ਼ਟ ਕਰ ਦਿੱਤੀਆਂ ਅਤੇ ਪੁਸਤਕਾਂ ਦੇ ਲੇਖਕਾਂ, ਪ੍ਰਸ਼ਾਸਕਾਂ ਅਤੇ ਛਾਪਕਾਂ ਨੂੰ ਗ੍ਰਿਫਤਾਰ ਕਰ ਲਿਆ। ਅਜੀਤ ਸਿੰਘ ਉੱਤੇ 23 ਮੁਕੱਦਮੇ ਬਣਾ ਦਿੱਤੇ ਗਏ। ਪਰ **ਅਜੀਤ ਸਿੰਘ ਅਤੇ ਸੂਫੀ ਅੰਬਾ ਪ੍ਰਸ਼ਾਦ** 'ਜੋ ਫਾਰਸ ਦੀ ਖਾੜੀ ਵਿੱਚ ਬੁਸ਼ੈਰ ਚਲੇ ਗਏ ਸਨ। **ਕਿਸ਼ਨ ਸਿੰਘ, ਨੰਦ ਲਾਲ, ਈਸ਼ਵਰੀ ਪ੍ਰਸ਼ਾਦ ਅਤੇ ਮੁਨਸੀ ਰਾਮ ਨੂੰ ਜੇਲ੍ਹ ਜਾਂ ਜਲਾਵਤਨੀ ਦੀਆਂ ਲੰਮੀਆਂ ਸਜ਼ਾਵਾਂ ਹੋਈਆਂ**[13], ਪਰ ਅਜੀਤ ਸਿੰਘ ਸਰਕਾਰ ਦੇ ਹੱਥ ਨਹੀਂ ਆਏ ਅਤੇ ਉਹ ਬੂਸ਼ੇਰ ਤੋਂ ਇਰਾਨ ਚਲੇ ਗਏ।

**ਸੂਫੀ ਅੰਬਾ ਪ੍ਰਸ਼ਾਦ ਈਰਾਨ ਵਿੱਚ ਅੰਗਰੇਜ਼ਾਂ ਹੱਥੋਂ ਸ਼ਹੀਦ ਹੋ ਗਏ।** ਈਰਾਨ ਵਿੱਚ ਅਜੀਤ ਸਿੰਘ ਨੇ ਅਜ਼ਾਦੀ ਲਹਿਰ ਸਬੰਧੀ ਇੱਕ ਰਸਾਲਾ ਕੱਢਿਆ। ਈਰਾਨ ਤੋਂ ਉਹ ਤੁਰਕੀ ਚਲੇ ਗਏ ਤੇ ਕਈ ਦੇਸ਼ਾਂ ਨਾਲ ਤਾਲਮੇਲ ਪੈਦਾ ਕੀਤਾ ਤੇ ਫਿਰ ਜਰਮਨ ਜਾ ਕੇ **ਇੰਡੀਅਨ ਫਰੀਡਮ ਫੋਰਮ** ਦੀ ਨੀਹ ਰੱਖੀ। ਫੇਰ ਆਪ ਬਰਾਜ਼ੀਲ ਗਏ। 1933-34 ਵਿੱਚ ਤੇਜ਼ ਸਿੰਘ ਸੁਤੰਤਰ ਅਤੇ ਗਦਰ ਪਾਰਟੀ ਦੇ ਮੈਂਬਰਾਂ ਨਾਲ ਯੂਰਪ ਗਏ। ਅਜੀਤ ਸਿੰਘ ਨੇਪਲਜ਼ ਯੂਨੀਵਰਸਿਟੀ ਵਿੱਚ ਈਸਟਰਨ ਅਕੈਡਮੀ ਦੇ ਇੰਚਾਰਜ਼ ਬਣਾਏ ਗਏ। ਉੱਥੇ ਫਰੈਡਜ਼ ਆਫ ਇੰਡੀਆ ਸੁਸਾਇਟੀ ਬਣਾਈ ਗਈ। ਦੂਜੀ ਵੱਡੀ ਜੰਗ ਦੇ ਸ਼ੁਰੂ ਹੋਣ ਤੇ ਜਰਮਨੀ ਤੇ ਇਟਲੀ ਦੀਆਂ ਸਰਕਾਰਾਂ ਨੇ ਅਜੀਤ ਸਿੰਘ ਦੀ ਇਸ ਸੁਸਾਇਟੀ ਨੂੰ ਹਿੰਦੁਸਤਾਨ ਦੀ ਸਰਕਾਰ ਪ੍ਰਵਾਨ ਕਰ ਲਿਆ। ਅਜੀਤ ਸਿੰਘ ਜੀ ਨੇ ਖੁਦ ਰੋਮ ਰੇਡੀਓ ਤੋਂ ਹਿੰਦੁਸਤਾਨ ਬਾਰੇ ਪ੍ਰੋਗਰਾਮ ਦੇਣਾ ਆਰੰਭ ਕੀਤਾ। ਜਿਸ ਵਿੱਚ ਉਹ ਭਾਰਤ ਵਾਸੀਆਂ ਵਿੱਚ ਏਕਤਾ ਅਤੇ ਦੇਸ਼ ਭਗਤੀ ਦੀ ਭਾਵਨਾ ਪੈਦਾ ਕਰ ਰਹੇ ਸਨ। 1944-45 ਵਿੱਚ ਇਟਲੀ ਦੀ ਹਾਰ ਹੋ ਜਾਣ ਤੇ ਅੰਗਰੇਜ਼ਾਂ ਦੇ ਹੱਥ ਆ ਗਏ। ਇਨ੍ਹਾਂ ਨੂੰ ਜਰਮਨ ਕੈਪਾਂ ਵਿੱਚ ਰੱਖਿਆ ਗਿਆ। ਰਿਹਾਈ ਤੋਂ ਪਿੱਛੋਂ 38 ਸਾਲ ਬਾਅਦ 14 ਮਾਰਚ 1947 ਨੂੰ ਦਿੱਲੀ ਪੁੱਜੇ ਫੇਰ ਲਾਹੌਰ ਆ ਗਏ। ਆਖਿਰ ਜਦੋਂ ਦੇਸ਼ ਆਜ਼ਾਦ ਹੋ ਗਿਆ ਅਤੇ ਅਜਾਦੀ ਦਾ ਸੁਪਨਾ ਪੂਰਾ ਹੋ ਗਿਆ ਤਾਂ 15 ਅਗਸਤ 1947 ਨੂੰ ਦੁਨੀਆ ਤੋਂ ਵਿਦਾ ਹੋ ਗਏ।

**ਸਰਕਾਰ ਅਜੀਤ ਸਿੰਘ ਦੀਆਂ ਕੁਰਬਾਨੀਆਂ ਨੂੰ ਮੁੱਖ ਰੱਖਦੇ ਹੋਏ ਲੋਕਮਾਨਿਆ ਤਿਲਕ ਨੇ ਆਖਿਆ ਸੀ ਕਿ ਸਰਦਾਰ ਜੀ ਬੜੇ ਸਨਮਾਨਯੋਗ ਵਿਅਕਤੀ ਸਨ ਅਤੇ ਆਪਣੇ ਭਾਰਤ ਦੇ ਪਹਿਲੇ ਰਾਸ਼ਟਰਪਤੀ ਹੋਣੇ ਚਾਹੀਦੇ ਸਨ।**

1907 ਦੀ ਇਸ ਭੂਮੀ ਸੁਧਾਰ ਲਹਿਰ ਨੇ ਪੰਜਾਬੀਆਂ ਦੀ ਦੇਸ਼ ਭਗਤੀ ਦਾ ਸਬੂਤ ਦਿੱਤਾ। ਆਉਣ ਵਾਲੀਆਂ ਲਹਿਰਾਂ ਨਾ ਸਿਰਫ਼ ਪੰਜਾਬ ਵਿੱਚ ਸਗੋਂ ਵਿਦੇਸ਼ਾਂ ਵਿੱਚ ਚਲੀਆ ਇੰਨਕਲਾਬੀਆਂ ਲਹਿਰਾਂ ਤੇ ਵੀ ਇਸ ਅੰਦੋਲਨ ਦਾ ਸਿੱਧਾ ਪ੍ਰਭਾਵ ਪਿਆ।[14]

## References :

1. Reginold Craddock, The Dilemma in India, London, 1929, p. 148.
2. Sedition Committee Report, Calcutta 1918, p. 141.
3. Home Political (Deposit) July, 1907.
4. Hindustan, Lahore, 3 May, 1907.
5. Home political–A No. 64-72, January, 1908 (Confidential) Punjab Government No. 14-S, B dated 3 January, 1908.
6. Weekly Report of the Director of Criminal Intelligence (Simla) Sept, 1907.
7. Home Political (Deposit) July, 1907 No. 3.
8. Home Political (Deposit) July, 1907 No. 108-80
9. Home Political (Deposit) Nos 108-18 (Confidential)
10. Home Political (Deposit) Nos 108-18 (cofidential) May 1910.
11. Home Political (Public) DO No. 246 August, 1907.
12. Home Political No. 25-26 Part-B January, 1910
13. MM Ahluwala, Freedom Struggle in India 1858-1909, Delhi 1965, pp. 355-57
14. Ibid

## ਅਧਿਆਇ—5
# ਗਦਰ ਲਹਿਰ

ਅਜ਼ਾਦੀ ਦੀ ਲੜਾਈ ਵਿੱਚ ਗਦਰ ਲਹਿਰ ਦਾ ਸਭ ਤੋਂ ਮਹੱਤਵਪੂਰਣ ਯੋਗਦਾਨ ਹੈ। ਅਸਲ ਵਿੱਚ ਇਹ ਕੈਨੇਡਾ, ਅਮਰੀਕਾ ਅਤੇ ਵਿਦੇਸ਼ਾਂ ਵਿੱਚ ਰਹਿੰਦੇ ਪੰਜਾਬੀਆਂ ਦੀ ਲਹਿਰ ਸੀ। ਜਿਹੜੇ ਕਿ ਉਨ੍ਹਾਂ ਦੇਸ਼ਾਂ ਵਿੱਚ ਰੋਜ਼ੀ ਕਮਾਉਣ ਵਾਸਤੇ ਗਏ ਸਨ। ਕਿਉਂਕਿ ਅੰਗਰੇਜ਼ੀ ਸ਼ਾਸਨ ਅਧੀਨ ਪੰਜਾਬ ਦੀ ਆਰਥਿਕ ਦਸ਼ਾ ਵਿਗੜ ਗਈ ਸੀ, ਅਤੇ ਹੋਰ ਵੀ ਕਈ ਕਾਰਨ ਸਨ, ਜਿੱਥੇ ਖੇਤੀਬਾੜੀ ਲਈ ਥੋੜੀ ਜਮੀਨਾਂ, ਚੀਜ਼ਾਂ ਦੀਆਂ ਕੀਮਤਾ ਵਿੱਚ ਵਾਧਾ, ਮਹਿੰਗਾਈ, ਭੂਮੀ ਕਰ ਦੀ ਭਾਰੀ ਮਾਤਰਾ ਅਤੇ ਜਬਰਦਸਤੀ ਉਗਰਾਹੀ ਦੇ ਕਾਰਨ ਕਿਸਾਨਾਂ ਦੀ ਹਾਲਤ ਖਰਾਬ ਹੋਣ ਲੱਗੀ ਸੀ। ਅੰਗਰੇਜ਼ਾਂ ਨੇ ਨਗਦ ਪ੍ਰਣਾਲੀ ਲਾਗੂ ਕਰਨ ਨਾਲ ਆਰਥਿਕਤਾ ਤੇ ਬਹੁਤ ਬੁਰਾ ਅਸਰ ਪਿਆ। ਟੈਕਸਾਂ ਦੀ ਅਦਾਇਗੀ ਨਗਦ ਹੋਣ ਕਰਕੇ ਕਿਸਾਨ ਆਪਣੀ ਜ਼ਮੀਨ ਵੇਚਣ ਜਾਂ ਸਾਹੂਕਾਰ ਕੋਲ ਗਿਰਵੀ ਰੱਖਣ ਲਈ ਮਜ਼ਬੂਰ ਹੋ ਗਏ। ਵਿਗੜਦੀ ਆਰਥਿਕ ਦਸ਼ਾ ਕਾਰਨ ਰੋਜ਼ੀ ਰੋਟੀ ਦੀ ਭਾਲ ਲਈ ਪੰਜਾਬੀ ਕਿਸਾਨ ਵਿਦੇਸ਼ਾਂ ਵੱਲ ਜਾਣ ਲੱਗੇ।[1] ਪੰਜਾਬੀਆਂ ਨੇ ਉਨ੍ਹਾਂ ਦੇਸ਼ਾਂ ਵਿੱਚ ਜਾਣ ਦਾ ਫੈਸਲਾ ਕਰ ਲਿਆ, ਜਿੱਥੇ ਉਨ੍ਹਾਂ ਨੂੰ ਰੋਜ਼ਗਾਰ ਦੇ ਚੰਗੇ ਮੌਕੇ ਜਾਂ ਅਵਸਰ ਮਿਲ ਸਕਣ। ਪੰਜਾਬੀ ਵੱਡੀ ਗਿਣਤੀ ਵਿੱਚ ਬਰਤਾਨਵੀ ਫ਼ੌਜ ਵਿੱਚ ਕੰਮ ਕਰਦੇ ਹੋਏ ਦੂਰ-ਦੂਰ ਤੱਕ ਸਫਰ ਕਰ ਚੁੱਕੇ ਸਨ। ਪੰਜਾਬੀ ਆਰਥਿਕ ਸੰਪਨ ਦੇਸ਼ਾਂ ਵੱਲ ਅਕਰਸ਼ਿਤ ਹੋਏ, ਖਾਸਕਰ ਕਨੇਡਾ ਅਤੇ ਅਮਰੀਕਾ ਵੱਲ ਜਾਣ ਲੱਗੇ।

ਇਨ੍ਹਾਂ ਪਰਵਾਸੀਆਂ ਨੂੰ ਲੱਕੜ ਦੀਆਂ ਮਿੱਲਾਂ, ਖਾਨਾਂ ਅਤੇ ਕੈਨੇਡੀਅਨ ਪੈਸੀਫਿਕ ਰੇਲਵੇ ਦੀ ਉਸਾਰੀ ਦੇ ਪ੍ਰੋਜੈਕਟ ਤੇ ਕੰਮ ਮਿਲਣ ਲੱਗੇ। ਪੰਜਾਬੀ ਵਿਸ਼ੇਸ਼ ਕਰਕੇ ਸਿੱਖ ਵੱਡੀ ਗਿਣਤੀ ਵਿੱਚ ਬਾਹਰ ਜਾਣ ਲੱਗੇ।[2] ਇਨ੍ਹਾਂ ਪਰਵਾਸੀ ਭਾਰਤੀਆਂ ਨੂੰ ਵਿਦੇਸ਼ਾਂ ਵਿੱਚ (ਅਮਰੀਕਾ ਅਤੇ ਕੈਨੇਡਾ ਵਿੱਚ ਦੂਜੇ ਦਰਜ਼ੇ ਦੇ ਨਾਗਰਿਕ ਮੰਨਿਆ ਜਾਂਦਾ ਸੀ। ਗੋਰੇ ਇਨ੍ਹਾਂ ਤੋਂ ਨਫਰਤ ਕਰਦੇ ਸਨ ਤੇ ਇਨ੍ਹਾਂ ਨੂੰ ਨਕਸਲੀ ਵਿਤਕਰੇ ਦਾ ਸਾਹਮਣਾ ਕਰਨਾ ਪਿਆ। ਉਨ੍ਹਾਂ ਨੇ ਆਰੰਭ ਵਿੱਚ ਬੇਨਤੀਆਂ, ਯਾਦ ਪੱਤਰ ਅਤੇ ਚਿੱਠੀਆਂ ਰਾਹੀਂ ਵਿਰੋਧ ਕੀਤਾ ਪਰ ਉਲਟਾ ਉਨ੍ਹਾਂ ਨੂੰ ਮਿਲੇ ਅਪਮਾਨ ਕਾਰਨ ਇਹ ਅਹਿਸਾਸ ਹੋ ਗਿਆ ਕਿ ਕਿਸੇ ਅਜ਼ਾਦ ਦੇਸ਼ ਦੇ ਲੋਕ ਹੀ ਦੂਸਰੇ ਦੇਸ਼ਾਂ ਵਿੱਚ ਮਾਣ ਇੱਜਤ ਪ੍ਰਾਪਤ ਕਰ ਸਕਦੇ ਹਨ।[3]

ਜਿਆਦਾਤਰ ਸੇਵਾ ਮੁਕਤ ਫ਼ੌਜੀ ਹੀ ਪਰਵਾਸੀ ਸਨ, ਜਿਨ੍ਹਾਂ ਨੇ ਅੰਗਰੇਜ਼ੀ ਹਕੂਮਤ ਲਈ ਲੜਾਈਆਂ ਲੜੀਆਂ। ਪਰ ਉਲਟਾ ਬਰਤਾਨਵੀ ਹਕੂਮਤ ਨੇ ਵਿਦੇਸ਼ਾ ਵਿੱਚ ਉਨ੍ਹਾਂ ਦੇ ਹੱਕਾਂ ਦੀ ਰਾਖੀ ਨਹੀਂ ਕੀਤੀ।[4]

ਕੈਨੇਡਾ ਤੇ ਅਮਰੀਕਾ ਵਿੱਚ ਪੰਜਾਬੀ ਪਰਵਾਸੀਆਂ ਦਾ ਗੁੱਸਾ ਅੰਗਰੇਜ਼ੀ ਹਕੂਮਤ ਵੱਲ ਹੋ ਗਿਆ, ਤੇ ਨਾਲ ਹੀ ਉਹ ਅਜ਼ਾਦੀ ਦਾ ਮਤਲਬ ਅਤੇ ਆਨੰਦ ਮਾਣ ਰਹੇ ਸਨ ਤਾਂ ਉਹ ਵੀ ਭਾਰਤ ਨੂੰ ਅਜ਼ਾਦ ਮੁਲਕ ਦੇ ਤੌਰ ਤੇ ਵੇਖਣਾ ਚਾਹੁੰਦੇ ਸਨ। ਅਮਰੀਕਾ ਵਿੱਚ ਵੀ 1907-08 ਦੇ ਦੌਰਾਨ ਭਾਰਤੀ ਮਜ਼ਦੂਰਾਂ ਤੇ ਗੋਰੇ ਕਾਮਿਆ ਨੇ ਕਈ ਵਾਰ ਹਮਲੇ ਕੀਤੇ।[5] ਭਾਰਤੀ ਕਾਮੇ ਗੋਰਿਆਂ ਤੋਂ ਘੱਟ ਮਜ਼ਦੂਰੀ ਤੇ ਰਾਜ਼ੀ ਹੋ ਜਾਂਦੇ ਸਨ, ਇਸ ਲਈ ਗੋਰੇ ਕਾਮੇ ਭਾਰਤੀਆਂ ਤੋਂ ਗੁੱਸੇ ਹੋ ਗਏ। ਪਰ ਪੰਜਾਬੀਆ ਦੇ ਗੋਰਿਆਂ ਦਾ ਡੱਟ ਕੇ ਮੁਕਾਬਲਾ ਕੀਤਾ।

ਪਰਵਾਸੀਆਂ ਨੇ ਸਭ ਤੋਂ ਪਹਿਲਾਂ 1907 ਵਿੱਚ ਵੈਨਕੂਵਰ ਵਿਖੇ **'ਖਾਲਸਾ ਦੀਵਾਨ ਸੋਸਾਇਟੀ'** ਸਥਾਪਿਤ ਕੀਤੀ। ਇਸ ਸੋਸਾਇਟੀ ਨੇ 25000 ਡਾਲਰ ਦੀ ਲਾਗਤ ਨਾਲ ਇੱਕ ਗੁਰਦੁਆਰਾ ਬਣਵਾਇਆ।[6] ਇਸ ਸਮੇਂ ਹੀ ਜਵਾਲਾ **ਸਿੰਘ ਤੇ ਸੰਤ ਵਾਸਖਾ ਸਿੰਘ** ਦੇ ਉਦਮ ਲਾਲ ਅਮਰੀਕਾ ਵਿੱਚ **ਪੈਸੇਫਿਕ ਕੋਸਟ ਖਾਲਸਾ ਦੀਵਾਨ ਸੋਸਾਇਟੀ** ਕਾਇਮ ਕੀਤੀ ਗਈ ਅਤੇ ਕੈਲੇਫੋਰਨੀਆਂ ਵਿੱਚ ਗੁਰਦੁਆਰਾ ਬਣਵਾਇਆ ਗਿਆ। ਇਹ ਗੁਰਦਵਾਰੇ ਸਿੱਖਾਂ ਦੇ ਧਾਰਮਿਕ ਕੇਂਦਰ ਹੋਣ ਤੋਂ ਇਲਾਵਾ ਜਾਗਰਤੀ ਦੇ ਕੇਂਦਰ ਵੀ ਬਣੇ।

ਗਦਰ ਲਹਿਰ ਕੈਨੇਡਾ ਤੇ ਅਮਰੀਕਾ ਦੇ ਹਾਲਤ ਦਾ ਉੱਥੇ ਗਏ ਭਾਰਤੀਆਂ ਉੱਤੇ ਉਪਜੇ ਪ੍ਰੀਤਰਮ ਤੋਂ ਪੈਦਾ ਹੋਈ। ਉਨ੍ਹਾਂ ਨੂੰ ਗੁਲਾਮੀ ਅਤੇ ਅਜ਼ਾਦੀ ਦਾ ਫਰਕ ਉੱਥੇ ਜਾ ਕੇ ਪਤਾ ਲੱਗਾ ਅਤੇ ਭਾਰਤ ਨੂੰ ਅਜਾਦ ਕਰਾਉਣ ਦਾ ਖਿਆਲ ਆਇਆ।[7] ਜਿਸ ਕਰਕੇ **ਲਾਲਾ ਲਾਜਪਤ ਰਾਏ, ਅਜੀਤ ਸਿੰਘ, ਭਾਈ ਪਰਮਾਨੰਦ, ਬਰਕਤਉਲਾ ਅਤੇ ਹਰਦਿਆਲ** ਦੀ ਸਲਾਹ ਮੰਨਦੇ ਹੋਏ ਅਮਰੀਕਾ ਅਤੇ ਕੈਨੇਡਾ ਦੇ ਭਾਰਤੀਆਂ ਨੇ ਇਕ ਸੰਸਥਾ ਸਥਾਪਤ ਕਰਨ ਦਾ ਨਿਸਚਾ ਕੀਤਾ। 21 ਅਪ੍ਰੈਲ 1913 ਨੂੰ ਅਮਰੀਕਾ ਦੇ ਨਗਰ ਐਸੋਟਰੀਆ ਵਿਖੇ ਹਿੰਦੀ **ਐਸੋਸੀਏਸ਼ਨ ਆਫ ਦੀ ਪੇਸਿਫਰਕ ਕੋਸਟ** ਦੀ ਸਥਾਪਨਾ ਕੀਤੀ ਗਈ। **ਸੋਹਣ ਸਿੰਘ ਭਕਨਾ** ਇਸ ਦਾ ਪਹਿਲਾ ਪ੍ਰਧਾਨ ਅਤੇ **ਹਰਦਿਆਲ** (ਜੋ ਐਮ. ਏ. ਪਾਸ ਸੀ ਅਤੇ ਅਮਰੀਕਾ ਦੀ ਸਟੈਨਫੋਰਡ ਯੂਨੀਵਰਸਿਟੀ ਵਿੱਚ ਭਾਰਤੀ ਫਿਲਾਸਫੀ ਦਾ ਲੈਕਚਰਾਰ ਰਹਿ ਚੁੱਕਾ ਸੀ) ਸਕੱਤਰ ਚੁਣਿਆ ਗਿਆ। ਇਸ ਦਾ ਸਾਨਫਰਾਂਸਿਸਕੋ ਵਿਖੇਂ **'ਯੁਗਾਂਤਰ ਆਸ਼ਰਮ'** ਨਾਮੀ ਦਫਤਰ ਖੋਲਿਆ ਗਿਆ। ਇਸ ਸੰਸਥਾਂ ਦਾ ਉਦੇਸ਼ ਭਾਰਤ ਨੂੰ ਬਰਤਾਵਨੀ ਗੁਲਾਮੀ ਤੋਂ ਹਥਿਆਰਬੰਦ ਇਨਕਲਾਬ ਰਾਹੀਂ ਅਜ਼ਾਦ ਕਰਾਉਣਾ ਸੀ ਅਤੇ ਬਰਾਬਰੀ ਦੇ ਅਸੂਲਾਂ ਤੇ ਅਧਾਰਿਤ ਲੋਕਤੰਤਰੀ ਗਣਤੰਤਰ ਸਥਾਪਿਤ ਕਰਨਾ ਸੀ।[8] ਸੰਸਥਾਂ ਦਾ ਨਾਂ **ਹਿੰਦੀ ਪੈਸੀਫਿਕ ਐਸੋਸੀਏਸ਼ਨ** ਰੱਖਿਆ ਗਿਆ। ਇਸ ਸੰਸਥਾਂ ਨੇ 'ਗਦਰ' ਨਾਂ ਦਾ ਇਕ ਹਫਤਾਵਾਰੀ ਪਰਚਾ ਉਰਦੂ, ਪੰਜਾਬੀ, ਹਿੰਦੀ ਅਤੇ ਹੋਰ ਭਾਰਤੀ ਜੁਬਾਨਾਂ ਵਿੱਚ ਪ੍ਰਕਾਸ਼ਿਤ ਕੀਤਾ। ਇਸ ਰਾਹੀਂ ਭਾਰਤ ਵਿੱਚ ਹਿੰਸ਼ਕ ਕ੍ਰਾਂਤੀ ਲਿਆਉਣ ਦਾ ਪ੍ਰਚਾਰ ਕੀਤਾ ਗਿਆ।[9] ਗਦਰ ਦੇ ਅੰਕ ਵਿੱਚ ਕਿਹਾ ਗਿਆ"

**ਅਸੀਂ ਅੰਗਰੇਜ਼ ਸਰਕਾਰ ਵਿਰੁੱਧ ਲੜਾਈ ਲੜ ਰਹੇ ਹਾਂ। ਸਾਡਾ ਉਦੇਸ਼ ਕੀ ਹੈ? ਗਦਰ**

**ਸਾਡਾ ਕੰਮ ਕੀ ਹੈ ? ਗਦਰ**

**ਗਦਰ ਕਿੱਥੇ ਫੈਲੇਗਾ ? ਭਾਰਤ ਵਿੱਚ**[10]

**ਗਦਰੀਆਂ ਦਾ ਨਾਅਰਾ ? 'ਬੰਦੇ ਮਾਤਰਮ' ਸੀ**

**'ਗਦਰ ਦੇ ਲੋੜ ਹੈ, ਕਾਲਮ ਵਿੱਚ ਸਮੇਂ ਸਮੇਂ ਹੇਠ ਲਿਖਿਆ ਇਸ਼ਤਿਹਾਰਕ ਛਪਦਾ ਰਹਿੰਦਾ ਹੈ।**

ਭਾਰਤ ਵਿੱਚ ਗਦਰ ਫੈਲਾਉਣ ਲਈ ਜ਼ੋਸ਼ੀਲੇ ਅਤੇ ਬਹਾਦਰ ਸਿਪਾਹੀਆਂ ਦੀ ਲੋੜ ਹੈ :

| | |
|---|---|
| ਤਨਖਾਹ | ਮੌਤ |
| ਇਨਾਮ | ਸ਼ਹਾਦਤ |
| ਪੈਨਸ਼ਨ | ਅਜ਼ਾਦੀ |
| ਕਾਰਜ ਖੇਤਰ | ਹਿੰਦੁਸਤਾਨ |

ਗਦਰ ਵਿੱਚ ਛਪੀਆਂ ਕਵਿਤਾਵਾਂ ਅਮਰੀਕਾ ਕੈਨੇਡਾ ਤੇ ਹੋਰ ਦੇਸ਼ਾਂ ਵਿੱਚ ਪੜ੍ਹੀਆ ਜਾਦੀਆਂ ਸਨ।[11] **ਗਦਰ ਦੇ ਮੁੱਖ ਪੰਨੇ ਤੇ ਹਿੰਦੁਸਤਾਨ ਦਾ ਨਕਸ਼ਾ ਅਤੇ ਹੱਥ ਵਿੱਚ ਤਲਵਾਰ ਲਏ ਭਾਰਤ ਮਾਤਾ ਦੇ ਚਿੱਤਰ ਛਪੇ ਹੁੰਦੇ ਸਨ।** ਪਾਰਟੀ ਵੱਲੋਂ ਪ੍ਰਕਾਸ਼ਿਤ ਹਰ ਚੀਜ਼ ਤੇ ਸਭ ਤੋਂ ਉਪਰ **ਬੰਦੇ ਮਾਤਰਮ** ਲਿਖਿਆ ਹੁੰਦਾ ਸੀ। ਗਦਰੀ ਲੀਡਰਾਂ ਨੇ ਭਾਰਤ ਦੇ ਕ੍ਰਾਂਤੀਕਾਰੀਆ ਨਾਲ ਸਬੰਧ ਸਥਾਪਿਤ ਕੀਤੇ। ਵਿਦੇਸ਼ਾਂ ਵਿੱਚ ਵਸਦੇ ਭਾਰਤੀਆਂ ਨੂੰ ਭਾਰਤ ਆਉਣ ਲਈ ਅਤੇ ਭਾਰਤ ਦੀ ਕ੍ਰਾਂਤੀ ਲਹਿਰ ਵਿੱਚ ਹਿੱਸਾ ਲੈਣ ਲਈ ਪ੍ਰੇਰਿਆ। ਉਧਰ ਕੈਨੇਡਾ ਵਿੱਚ 21 ਅਕਤੂਬਰ ਨੂੰ **ਭਾਈ ਮੇਵਾ ਸਿੰਘ** ਨੇ ਵਿਲੀਅਮ ਹਾਪਕਿਨਸ (ਇਹ ਐਮੀਗ੍ਰੇਸਨ ਮਹਿਕਮੇ ਦਾ ਅਫਸਰ ਸੀ ਜਿਸ ਦੀ ਜ਼ਿੰਮੇਦਾਰੀ ਗਦਰ ਸੰਗਠਨ ਨੂੰ ਤੋੜਨ ਤੇ ਲਾਈ ਗਈ ਸੀ) ਨੂੰ ਗੋਲੀ ਨਾਲ ਮਾਰ ਦਿੱਤਾ। **ਭਾਈ ਮੇਵਾ ਸਿੰਘ** ਨੂੰ ਫਾਂਸੀ ਦੀ ਸਜ਼ਾ ਹੋਈ, ਜਿਸ ਕਾਰਨ ਗਦਰ ਲਹਿਰ ਤੇਜ਼ ਹੋ ਗਈ। ਸੰਸਾਰ ਜੰਗ ਸ਼ੁਰੂ ਹੋ ਜਾਣ ਨਾਲ ਬਹੁਤ ਸਾਰੇ ਭਾਰਤੀ ਬਾਹਰਲੇ ਦੇਸ਼ਾਂ ਤੋਂ ਵਾਪਸ ਆ ਗਏ।[12] ਭਾਰਤ ਸਰਕਾਰ ਬੁਰੀ ਤਰ੍ਹਾਂ ਘਬਰਾ ਗਈ। 1914 ਵਿੱਚ ਵਾਪਰੇ ਕਾਮਾਗਾਟਾਮਾਰੂ ਦੇ ਦੁਖਾਂਤ ਨੇ ਵੀ ਪੰਜਾਬੀਆਂ ਦੇ ਮਨਾਂ ਵਿੱਚ ਅੰਗਰੇਜ਼ਾ ਦੇ ਖਿਲਾਫ਼ ਜਵਾਲਾ ਨੂੰ ਭੜਕਾਇਆ ਉਨ੍ਹਾਂ ਨੂੰ ਭਾਰਤ ਤੋਂ ਵਾਪਸ ਪਰਤਣ ਲਈ ਉਤੇਜਿਤ ਕੀਤਾ। ਅਮਰੀਕਾ ਅਤੇ ਕੈਨੇਡਾ ਤੋਂ ਸੱਤ ਹਜ਼ਾਰ ਇਨਕਲਾਬੀ ਜਹਾਜ਼ਾਂ ਰਾਹੀਂ ਭਾਰਤ ਆਏ।[13]

ਗਦਰੀਆਂ ਦਾ ਪਹਿਲਾ **ਜੱਥਾ ਜਵਾਲਾ ਸਿੰਘ** ਦੀ ਅਗਵਾਈ ਵਿੱਚ ਸਾਂਨਫਰਾਸਿਸਕੋ ਤੋਂ ਅਗਸਤ 1914 ਨੂੰ **ਕੋਰੀਆਂ ਨਾਮੀ ਜਹਾਜ਼** ਤੇ 60 ਗਦਰੀ ਸਵਾਰ ਹੋ ਕੇ ਆਏ ਅਤੇ ਰਸਤੇ ਵਿੱਚ ਕੈਂਟਨ ਵਿਖੇ 100 ਹੋਰ ਭਾਰਤੀ ਉਨ੍ਹਾਂ ਨਾਲ

ਮਿਲ ਗਏ। **ਰਾਮ ਚੰਦਰ** ਨੇ ਉਨ੍ਹਾਂ ਨੂੰ ਕਿਹਾ "ਤੁਹਾਡੀ ਜ਼ਿੰਮੇਵਾਰੀ ਹੈ ਕਿ ਭਾਰਤ ਪਹੁੰਚੋ। ਦੇਸ਼ ਦੇ ਕੋਨੇ-ਕੋਨੇ ਵਿੱਚ ਵਿਦਰੋਹ ਦੀ ਲਹਿਰ ਚਲਾਓ।"[14] **ਜਦੋਂ ਕੋਰੀਆਂ** ਕਲਕੱਤੇ ਦੀ ਬੰਦਰਗਾਹ ਤੇ ਪੁੱਜਿਆ ਤਾਂ ਮੋਹਰੀ ਲੀਡਰਾਂ ਨੂੰ ਜਵਾਲਾ ਸਿੰਘ ਸਾਹਿਤ ਫੜ ਲਿਆ ਗਿਆ। ਇਸ ਤਰ੍ਹਾਂ ਇੱਕ ਹੋਰ **ਤੋਸ਼ਾਮਾਰੂ ਨਾਮੀ ਜਹਾਜ਼** ਸੋਹਣ ਸਿੰਘ ਭਕਨਾ ਦੀ ਅਗਵਾਈ ਹੇਠ 173 ਗਦਰੀਆ ਨੂੰ ਲੈ ਕੇ ਕਲਕੱਤੇ ਪੁੱਜਿਆ। **ਕਰਤਾਰ ਸਿੰਘ 'ਨਿੱਪਮਾਰੂ'** ਜਹਾਜ਼ ਰਾਹੀਂ ਕੋਲੰਬੋ ਹੁੰਦਾ ਹੋਇਆ ਪੰਜਾਬ ਪੁੱਜਿਆ। ਇੰਨਕਲਾਬੀ ਹੋਰ ਕਈ ਜਹਾਜ਼ਾਂ ਰਾਹੀਂ ਜਿਵੇਂ **ਮਸ਼ੀਨਾਮਾਰੂ, ਕੈਨੇਡਾਮਾਰੂ, ਮੈਕਸੀਕੋਮਾਰੂ, ਐਸ. ਐਸ. ਕੋਰੀਆਂ** ਰਾਹੀਂ ਭਾਰਤ ਪੁੱਜੇ ਪਰ ਮੁਖਬਰਾਂ ਦੀ ਮਦਦ ਨਾਲ ਜਿਆਦਾਤਰ ਗਦਰੀਆਂ ਨੂੰ ਬੰਦਰਗਾਹ ਤੇ ਹੀ ਗ੍ਰਿਫਤਾਰ ਕਰ ਲਿਆ ਗਿਆ ਪਰ ਫਿਰ ਵੀ ਬਹੁਤ ਸਾਰੇ ਗਦਰੀ ਪੰਜਾਬ ਪਹੁੰਚ ਗਏ।

1915 ਦੇ ਸ਼ੁਰੂ ਵਿੱਚ ਗਦਰੀਆਂ ਨੇ ਪੰਜਾਬ ਨੂੰ ਆਪਣੀ ਗਤੀਵਿਧੀਆ ਦਾ ਕੇਂਦਰ ਬਣਾਇਆ। ਉਨ੍ਹਾਂ ਨੇ ਲਾਹੌਰ ਅੰਮ੍ਰਿਤਸਰ ਵਿੱਚ ਬੰਬ ਬਣਾਉਣ ਲਈ ਫੈਕਟਰੀਆਂ ਲਾਈਆਂ। ਦੇਸ਼ ਭਗਤਾਂ ਨੇ ਮੋਗੇ, ਫਗਵਾੜੇ, ਲੋਢੂਵਾਲ, ਬੱਦੋਵਾਲ, ਅੰਮ੍ਰਿਤਸਰ ਆਦਿ ਥਾਂਵਾਂ ਤੇ ਇਕੱਠ ਕੀਤੇ ਅਤੇ ਅੱਡੇ ਕਾਇਮ ਕੀਤੇ। ਗਦਰੀਆ ਨੇ ਅੰਮ੍ਰਿਤਸਰ, ਲੁਧਿਆਣਾ, ਗੁਰਦਾਸਪੁਰ, ਜਲੰਧਰ, ਅੰਬਾਲਾ ਅਤੇ ਹਿਸਾਰ ਜਿਲ੍ਹਿਆਂ ਦੇ ਕਈ ਇਲਾਕਿਆਂ ਵਿੱਚ ਡਾਕੇ ਮਾਰੇ। ਉਨ੍ਹਾਂ ਮੀਆਮੀਰ ਵਿਖੇ ਸਰਕਾਰੀ ਅਸਲਖਾਨਾ ਲੁੱਟਣ ਦੀ ਕੋਸ਼ਿਸ਼ ਕੀਤੀ ਜੋਂ ਨਾਕਾਮ ਰਹੀ। ਇਸ ਤਰ੍ਹਾਂ ਰੁਪਿਆ ਅਤੇ ਹਥਿਆਰ ਇਕੱਠੇ ਕੀਤੇ। ਪੰਜਾਬ ਦੇ ਗਦਰੀਆ ਨੇ ਬੰਗਾਲ ਦੇ ਕ੍ਰਾਂਤੀਕਾਰੀਆਂ ਤੇ ਦੂਸਰੇ ਕ੍ਰਾਂਤੀਕਾਰੀਆ ਨਾਲ ਸੰਪਰਕ ਕਾਇਮ ਕੀਤਾ। ਜਿਸ ਕਾਰਨ 25 ਜਨਵਰੀ 1915 ਨੂੰ **ਰਾਸ ਬਿਹਾਰੀ ਬੋਸ** ਅਤੇ **ਵੀ. ਜੀ. ਪਿੰਗਲੇ** (ਮਰਾਠਾ ਗਦਰੀ ਜੋ ਅਮਰੀਕਾ ਤੋਂ ਭਾਰਤ ਆ ਗਿਆ ਸੀ। ਅੰਮ੍ਰਿਤਸਰ ਵਿਖੇ ਪਹੁੰਚ ਗਏ। **ਰਾਸ ਬਿਹਾਰੀ ਬੋਸ** ਨੇ ਗਦਰੀ ਗਤੀਵਿਧੀਆਂ ਚਲਾਉਣ ਲਈ ਮਾਰਗ ਦਰਸ਼ਨ ਕੀਤਾ ਅਤੇ ਗਦਰ ਪਾਰਟੀ ਦਾ ਮੁੱਖ ਕੇਦਰ ਲਾਹੌਰ ਵਿਖੇ ਖੋਲਿਆ ਗਿਆ। ਫ਼ੌਜੀ ਛਾਉਣੀਆਂ ਵਿੱਚ ਜਾ ਕੇ ਗਦਰੀਆਂ ਨੇ ਗਦਰ ਦਾ ਪ੍ਰਚਾਰ ਕੀਤਾ।[15]

21 ਫਰਵਰੀ 1915 ਨੂੰ ਵਿਦਰੋਹ ਦੀ ਮਿਤੀ ਨਿਯਤ ਕੀਤੀ ਗਈ। ਉਸ ਸਮੇਂ ਕ੍ਰਿਪਾਲ ਸਿੰਘ (ਜੋ ਕਿ ਅੰਗਰੇਜ਼ਾਂ ਦਾ ਸੂਹੀਆ ਸੀ) ਰਾਸ ਬਿਹਾਰੀ ਬੋਸ ਦਾ ਨਜ਼ਦੀਕੀ ਸਾਥੀ ਬਣ ਗਿਆ। ਉਸਨੇ ਸਾਰੀ ਯੋਜਨਾ ਬ੍ਰਿਟਿਸ਼ ਪੁਲਿਸ ਨੂੰ ਦੱਸ ਦਿੱਤੀ। **ਕਰਤਾਰ ਸਿੰਘ ਸਰਾਭਾ**, ਵੀ. ਜੀ. ਪਿੰਗਲੇ ਅਤੇ ਬਹੁਤ ਸਾਰੇ ਹੋਰ ਗਦਰੀ ਗ੍ਰਿਫਤਾਰ ਹੋ ਗਏ।[16] ਰਾਸ ਬਿਹਾਰੀ ਬੋਸ ਨਿਰਾਸ਼ ਹੋ ਕੇ ਪੰਜਾਬ ਛੱਡ ਕੇ ਚਲੇ ਗਏ।[17] ਪੰਜਾਬ ਵਿੱਚ ਲਹਿਰ ਦੋਰਾਨ 12 ਕਤਲ ਹੋਏ ਅਤੇ 8 ਮੁਕੱਦਮੇ ਚੱਲੇ।[18] ਪਹਿਲੇ ਮੁਕੱਦਮੇ ਵਿੱਚ 64 ਸਤੰਤਰਤਾ ਸੰਗਰਾਮੀਆਂ ਨੂੰ ਸਜ਼ਾ ਹੋਈ। **ਇਸ ਕੇਸ ਵਿੱਚ ਹੀ ਕਰਤਾਰ ਸਿੰਘ ਸਰਾਭਾ, ਜਗਤ ਸਿੰਘ ਅਤੇ ਹੋਰ 6 ਗਦਰੀਆ ਨੂੰ 16 ਨਵੰਬਰ 1915 ਵਾਲੇ ਦਿਨ ਲਾਹੌਰ ਜੇਲ੍ਹ**

ਵਿੱਚ ਫਾਂਸੀ ਦੇ ਦਿੱਤੀ ਅਤੇ 51 ਪੰਜਾਬੀਆਂ ਨੂੰ ਉਮਰ ਕੈਦ, ਦੇਸ਼ ਨਿਕਾਲਾ, ਕਾਲੇ ਪਾਣੀ ਤੇ ਜਾਇਦਾਦਾਂ ਜਬਤ ਕਰਨ ਦੀ ਸਜ਼ਾਵਾ ਹੋਈਆਂ। ਇਨ੍ਹਾਂ ਵਿੱਚ ਬਾਬਾ ਸੋਹਣ ਸਿੰਘ ਭਕਨਾ, ਬਾਬਾ ਜੁਆਲਾ ਸਿੰਘ, ਬਾਬਾ ਜੁਆਲਾ ਸਿੰਘ, ਬਾਬਾ ਵਾਸਾਖਾ ਸਿੰਘ ਆਦਿ ਵੀ ਸਨ।[19]

ਦੂਜੇ ਮੁਕੱਦਮੇ ਵਿੱਚ 5 ਦੇਸ਼ ਭਗਤਾਂ ਨੂੰ ਫਾਂਸੀ ਹੋਈ ਅਤੇ 64 ਨੂੰ ਉਮਰ ਕੈਦ ਹੋਈ. ਤੀਜ਼ੇ ਮੁਕੱਦਮੇ ਵਿੱਚ 7 ਪੰਜਾਬੀਆਂ ਨੂੰ ਉਮਰ ਕੈਦ ਤੇ 50 ਨੂੰ ਫਾਂਸੀ ਦੀ ਸਜ਼ਾ ਹੋਈ। ਇਸੇ ਤਰ੍ਹਾਂ ਹੀ ਹੋਰ ਮੁਕੱਦਮੇ ਜਿਵੇਂ ਮੰਡੀ ਸਾਜਿਸ਼ ਕੇਸ, ਬਨਾਰਸ ਸਾਜ਼ਸ ਕੇਸ, ਬਰਮਾ ਦੇ ਮੁਕੱਦਮੇ ਜਿਸ ਵਿੱਚ 5 ਗਦਰੀਆਂ ਨੂੰ ਫਾਂਸੀ ਅਤੇ ਪੰਜਾਂ ਨੂੰ ਹੀ ਉਮਰ ਕੈਦ ਹੋਈ। ਸਾਂਨ ਫਰਾਂਸਿਸਕੋ ਵਿੱਚ 6 ਗਦਰੀਆ ਨੂੰ ਕੈਦ ਕਰ ਲਿਆ ਗਿਆ ਤੇ ਫ਼ੌਜ ਵਿੱਚ ਕੋਰਟ ਮਾਰਸ਼ਲ ਕਰਕੇ ਰਸਾਲਾ ਨੰਬਰ 23 ਦੇ 12 ਗਦਰੀਆਂ ਨੂੰ ਗੋਲੀ ਨਾਲ ਉੱਡਾ ਦਿੱਤਾ ਗਿਆ। ਮੇਰਠ ਛਾਉਣੀ ਵਿੱਚ 2 ਗਦਰੀਆ ਨੂੰ ਫਾਂਸੀ ਹੋਈ। 128 ਨੰਬਰ ਪਲਟਣ ਵਿੱਚ ਇੱਕ ਪੰਜਾਬੀ ਨੂੰ ਫਾਂਸੀ ਦਿੱਤੀ ਗਈ। ਫੈਜ਼ਾਬਾਦ ਵਿੱਚ ਵੀ ਕੋਰਟ ਮਾਰਸ਼ਲ ਕਰਕੇ ਕਈ ਪੰਜਾਬੀਆਂ ਨੂੰ ਮੋਤ ਤੇ ਕੈਦ ਦੀਆਂ ਸਜ਼ਾਂਵਾਂ ਦੀ ਗਿਣਤੀ ਇਸ ਪ੍ਰਕਾਰ ਹੈ। ਫਾਂਸੀ ਲੱਗੇ 64 ਤੇ ਉਮਰ ਕੈਦ ਤੋਂ ਲੈ ਕੇ ਵੱਖ-ਵੱਖ ਸਜਾਂਵਾਂ ਦੀ ਗਿਣਤੀ 194 ਬਣਦੀ ਹੈ। ਸਿੰਘਾਪੁਰ ਵਿੱਚ 41 ਫੌਜ਼ੀਆਂ ਨੂੰ ਕੋਰਟ ਮਾਰਸ਼ਲ ਕਰਕੇ ਗੋਲੀ ਨਾਲ ਉਡਾ ਦਿੱਤਾ ਗਿਆ ਅਤੇ 125 ਨੂੰ ਵੱਖ-ਵੱਖ ਕੈਦਾਂ ਦੀ ਸਜ਼ਾ ਹੋਈ। ਸੱਤ ਜਦੋ ਜਹਿਦ ਸਮੇਂ ਮਾਰੇ ਅਤੇ ਅਤੇ 20 ਕ੍ਰਾਂਤੀਕਾਰੀਆਂ ਨੂੰ ਜੇਲਾਂ ਵਿੱਚ ਤਸੀਹੇ ਦੇ ਕੇ ਮਾਰ ਦਿੱਤਾ ਗਿਆ।

ਗਦਰੀਆ ਨੇ ਭਾਰਤ ਤੋਂ ਬਾਹਰ ਸਿੰਗਾਪੁਰ, ਬਰਮਾ, ਸਿਆਮ, ਸੰਘਾਈ, ਹਾਂਗਕਾਂਗ, ਕਾਬਲ (ਅਫਗਾਨਿਸਤਾਨ) ਆਦਿ ਸਥਾਂਨਾਂ ਤੇ ਵੀ ਅੰਗਰੇਜ਼ਾਂ ਦੇ ਵਿਰੁੱਧ ਵਿਦਰੋਹ ਕਰਨ ਦੇ ਯਤਨ ਕੀਤੇ ਜੋ ਅਸਫਲ ਰਹੇ। ਮਹਾਂ-ਯੁੱਧ ਦੋਰਾਨ ਜਰਮਨੀ ਦੀ ਸਹਾਇਤਾਂ ਨਾਲ ਗਦਰੀਆ ਨੇ ਕਾਬਲ ਵਿਖੇ ਅੰਤਰਿਮ ਸਰਕਾਰ (Provisional Government) ਬਣਾ ਲਈ। ਰਾਜਾ ਮਹਿੰਦਰ ਪ੍ਰਤਾਪ ਨੂੰ ਪ੍ਰੈਜ਼ੀਡੈਂਟ (ਪ੍ਰਧਾਨ) ਅਤੇ ਬਰਕਤ ਉਲਾਹ ਨੂੰ ਪ੍ਰਧਾਨ ਮੰਤਰੀ ਘੋਸ਼ਿਤ ਕਰ ਦਿੱਤਾ ਗਿਆ। ਉਨ੍ਹਾਂ ਨੇ ਪੱਛਮੀ ਏਸ਼ੀਆ ਦੇ ਮੁਸਲਿਮ ਹਾਕਮਾਂ ਅਤੇ ਰੂਸੀਆ ਦਾ ਸਮਰਥਨ ਪ੍ਰਾਪਤ ਕਰਨ ਦਾ ਯਤਨ ਕੀਤਾ। ਉਨ੍ਹਾਂ ਨੇ ਭਾਰਤੀ ਕ੍ਰਾਂਤੀਕਾਰੀਆਂ ਨੂੰ ਰੇਸ਼ਮ ਉੱਤੇ ਲਿਖੀਆਂ ਚਿੱਠੀਆਂ ਅੰਦਰੋਂ ਕੱਪੜਿਆਂ ਵਿੱਚ ਸੀਉਕੇ ਭੇਜੀਆਂ। ਇਨ੍ਹਾਂ ਵਿੱਚੋਂ ਕੁਝ ਚਿੱਠੀਆ ਸਰਕਾਰ ਦੇ ਹੱਥ ਆ ਗਈਆਂ। ਸਾਜ਼ਿਸ਼ ਦਾ ਪਤਾ ਲੱਗ ਜਾਣ ਤੇ ਸਰਕਾਰ ਨੇ ਅਪਰਾਧੀਆ ਵਿਰੁੱਧ ਮੁਕੱਦਮਾਂ ਚਲਾਇਆ ਜੋ Silk Letters Conspiracy Case ਦੇ ਨਾਂ ਨਾਲ ਪ੍ਰਸਿੱਧ ਹੈ।

ਅਸਲ ਵਿੱਚ ਗਦਰੀਆ ਨੂੰ ਵਾਤਾਵਰਣ ਅਨੁਕੂਲ ਨਹੀਂ ਮਿਲਿਆ। ਨੈਸ਼ਨਲ ਕਾਂਗਰਸ ਦੇ ਨੇਤਾ ਬਰਤਾਨਵੀ ਹਕੂਮਤ ਦੇ ਹਮਾਇਤੀ ਸਨ। ਮਹਾਤਮਾਂ ਗਾਂਧੀ ਨੇ ਡਾਕਟਰੀ ਸੇਵਾ ਲਈ ਵਲੰਟੀਅਰ ਭਰਤੀ ਕੀਤੇ। ਸਿੱਖਾਂ ਦੀ ਨੁਮਾਇੰਦੀ ਕਰਦੀ ਸਿਆਸੀ ਪਾਰਟੀ ਚੀਫ ਖਾਲਸਾ ਦੀਵਾਨ ਅੰਗਰੇਜ਼ ਰਾਜ ਦਾ ਦਮ ਭਰਦੀ ਸੀ। ਸੋ ਗਦਰੀਆਂ ਨੂੰ ਚੰਗਾ ਵਾਤਾਵਰਨ ਨਹੀਂ ਮਿਲਿਆ।

## ਭਾਈ ਰਣਧੀਰ ਸਿੰਘ ਦਾ ਯੋਗਦਾਨ

ਅਜ਼ਾਦੀ ਦਾ ਦੀਵਾਨਾਪਨ, ਜਨੂਨ ਅਤੇ ਦੇਸ਼ ਪ੍ਰੇਮ ਦੀ ਵਿਚਾਰਧਾਰਾ ਲੈ ਕੇ 7 ਜੁਲਾਈ 1878 ਨੂੰ ਭਾਈ ਸਾਹਿਬ ਰਣਧੀਰ ਸਿੰਘ ਜੀ ਨਾਰੰਗਵਾਲ ਜਿਲ੍ਹਾ ਲੁਧਿਆਣਾ ਵਿਖੇ ਨੱਥਾ ਸਿੰਘ ਜੱਜ ਨਾਭਾ ਕੋਰਟ ਅਤੇ ਮਾਤਾ ਪੰਜਾਬ ਕੌਰ ਦੇ ਘਰ ਪੈਦਾ ਹੋਏ। ਉਸ ਸਮੇਂ ਉਨ੍ਹਾਂ ਦਾ ਨਾਮ ਬਸੰਤ ਸਿੰਘ ਰੱਖਿਆ ਗਿਆ। 1896 ਵਿੱਚ ਗੋਰਮਿੰਟ ਕਾਲਜ਼, ਲਾਹੋਰ ਤੋਂ ਐਫ. ਏ ਕੀਤੀ। ਪਰ ਆਪ ਬੀ. ਏ ਦੀ ਪੜ੍ਹਾਈ ਵਿੱਚੋਂ ਹੀ ਛੱਡ ਕੇ ਵਾਪਸ ਆ ਗਏ, ਕਿਉਂਕਿ ਆਪ ਜੀ ਦਾ ਮਨ ਦੁਨਿਆਵੀ ਸੁੱਖ ਸੁਵਿਧਾਵਾਂ ਤੋਂ ਉਚਾਟ ਹੋ ਗਿਆ ਤੇ ਅਧਿਆਤਮਕਵਾਦ ਵੱਲ ਲੱਗਣਾ ਸ਼ੁਰੂ ਹੋ ਗਿਆ। 1902 ਨੂੰ ਲੁਧਿਆਣੇ ਦੀ ਸਮਰਾਲਾ ਤਹਿਸੀਲ ਵਿਖੇ ਨਾਇਬ ਤਹਿਸੀਲਦਾਰ ਨਿਯੁਕਤ ਹੋਏ। ਪਿਤਾ ਦੀ ਪ੍ਰੇਰਣਾ ਸਦਕਾ ਆਪ ਜੀ ਦਾ ਝੁਕਾਅ ਗੁਰੂ, ਗੁਰਬਾਣੀ ਅਤੇ ਨਾਮ ਸਿਮਰਣ ਵੱਲ ਹੋ ਗਿਆ। 1903 ਵਿੱਚ ਬਸੰਤ ਸਿੰਘ ਨੇ ਫਿਲੌਰ ਦੇ ਨੇੜੇ ਪਿੰਡ ਬਕਾਰਪੁਰ ਵਿਖੇ ਅੰਮ੍ਰਿਤ ਸੰਚਾਰ ਸਮਾਗਮ ਵਿੱਚ ਅੰਮ੍ਰਿਤ ਛੱਕ ਕੇ ਭਾਈ ਰਣਧੀਰ ਸਿੰਘ ਬਣ ਗਏ।[20]

ਭਾਈ ਸਾਹਿਬ ਜੀ ਨੂੰ ਕਈ ਨੌਕਰੀਆਂ ਕਰਨ ਦਾ ਅਸਵਰ ਮਿਲਿਆ ਪਰ ਆਪ ਜੀ ਦਾ ਮਨ ਨੌਕਰੀਆ ਵਿੱਚ ਨਹੀਂ ਲੱਗਿਆ ਕਿਉਂਕਿ ਆਪ ਜੀ ਦਾ ਮਨ ਤਾਂ ਗੁਲਾਮੀ ਦੀਆਂ ਜ਼ੰਜ਼ੀਰਾਂ ਨੂੰ ਤੋੜਨ ਲਈ ਉਤਾਵਲਾ ਹੋ ਰਿਹਾ ਸੀ। ਸਿੱਖ ਰਾਜ ਦੇ ਜਾਣ ਤੋਂ ਬਾਅਦ ਆਮ ਲੋਕਾਂ ਵਿੱਚ ਬੇਚੈਨੀ ਫੈਲ ਗਈ, ਕਈ ਚਾਪਲੂਸਾਂ ਨੇ ਲੋਕ ਭਾਵਨਾ ਨੂੰ ਠੇਸ ਪਹੁੰਚਾਈ। ਭਾਈ ਸਾਹਿਬ ਦੇ ਦਿਲ ਵਿੱਚ ਇੰਨਕਲਾਬ ਦੀ ਜਵਾਲਾ ਭੜਕ ਉਠੀ। ਉਨ੍ਹਾਂ ਨੂੰ ਇਹ ਸਮਝ ਆ ਗਿਆ ਕਿ ਕੋਈ ਵੀ ਅੰਦੋਲਨ ਨੈਤਿਕ ਅਤੇ ਆਤਮਿਕ ਪੁਨਰ ਜਾਗਰਤੀ ਤੋਂ ਬਿਨਾਂ ਸਫਲ ਨਹੀਂ ਹੋ ਸਕਦਾ। ਇਸ ਮਨੋਰਥ ਦੀ ਪੂਰਤੀ ਨੂੰ ਭਾਈ ਸਾਹਿਬ ਨੇ ਆਪਣਾ ਜੀਵਨ ਮਿਸ਼ਨ ਬਣਾਇਆ। ਧਾਰਿਮਕ ਅਤੇ ਰਾਜਨੀਤਿਕ ਅਜ਼ਾਦੀ ਦੇ ਸੰਘਰਸ਼ ਲਈ ਲੋਕਾਂ ਨੂੰ ਲਾਮਬੰਦ ਕਰਨ ਲਈ ਆਪਦਾ ਸਮੁੱਚਾ ਜੀਵਨ ਅਰਪਨ ਕਰ ਦਿੱਤਾ। 1914 ਵਿੱਚ ਵਾਇਸਰਾਏ ਦੀ ਰਿਹਾਇਸ਼ ਨੂੰ ਜਾਂਦਾ ਸੜਕ ਨੂੰ ਸਿੱਧਾ ਕਰਨ ਲਈ ਗੁਰਦੁਆਰਾ ਰਕਾਬਗੰਜ਼ ਸਾਹਿਬ ਦੀ ਬਾਹਰਲੀ ਦੀਵਾਰ ਤੋੜ ਦਿੱਤੀ ਗਈ। ਸਿੱਖ ਸੰਗਠਨਾਂ ਨੇ ਇਸ ਦਾ ਵਿਰੋਧ ਕੀਤਾ। ਭਾਈ ਸਾਹਿਬ ਜੀ ਨੇ 1914 ਨੂੰ ਵਿਸਾਖੀ ਵਾਲੇ ਦਿਨ ਪੱਟੀ ਵਿਖੇ ਇੱਕ ਵਿਸ਼ਾਲ ਪੰਥਕ ਕਾਨਫਰੰਸ ਕੀਤੀ। ਇਸ ਵਿੱਚ ਸਰਕਾਰ ਵੱਲੋਂ ਦੀਵਾਰ ਦੀ ਪੁਨਰ ਉਸਾਰੀ ਦੀ ਮੰਗ ਕੀਤੀ ਗਈ। ਤੱਤ ਖ਼ਾਲਸਾ ਨਾਰੰਗਵਾਲ ਵੱਲੋਂ ਉਨ੍ਹਾਂ ਦੇ ਵਾਇਸਰਾਏ ਨੂੰ ਪਹਿਲੀ ਤਾਰ ਭੇਜੀ ਗਈ ਜਿਸ ਵਿੱਚ ਕੰਧ ਨੂੰ ਢਾਹੁਣ ਦੀ ਵਿਰੋਧਤਾ ਕੀਤੀ ਗਈ। ਭਾਈ ਸਾਹਿਬ ਨੇ ਉਸ ਸਮੇਂ ਸਿੱਖਾਂ ਵਿੱਚ ਜਾਗਰਤੀ ਪੈਦਾ ਕਰਨ ਦੀ ਕੰਮ ਵੀ ਕਾਤਾ ਜੋ ਗੁਰਦੁਆਰਾ ਸੁਧਾਰ ਲਹਿਰ ਦਾ ਇੱਕ ਹਿੱਸਾ ਸੀ। ਉਨ੍ਹਾਂ ਵੱਲੋਂ ਗੁਰਦਵਾਰਿਆਂ ਵਿੱਚ ਮਹੰਤਾਂ ਦੇ ਆਚਰਣ ਤੇ ਨਾ ਸਿਰਫ਼ ਸਵਾਲ ਉਠਾਏ ਗਏ ਸਗੋਂ ਅੱਗੇ ਹੋ ਕੇ ਲੋਕਾਂ ਦੀ ਅਗਵਾਈ ਵੀ ਕੀਤੀ। ਖਾਸਕਰ ਚਮਕੌਰ ਸਾਹਿਬ ਦੇ ਗੁਰਦੁਆਰਾ ਕਤਲਗੜ ਵਿੱਚ

ਮਹੰਤਾ ਦੇ ਖ਼ਿਲਾਫ ਖੁਦ ਭਾਈ ਸਾਹਿਬ ਨੇ ਮੋਰਚਾ ਲਾਇਆ। ਜਿਸ ਵਿੱਚ ਉਹ ਗੁਰਦਵਾਰੇ ਨੂੰ ਮਹੰਤਾਂ ਤੋਂ ਅਜ਼ਾਦ ਕਰਾਉਣ ਵਿੱਚ ਸਫਲ ਹੋਏ। ਭਾਵੇਂ ਇਹ ਗੁਰਦਵਾਰਾ ਸੁਧਾਰ ਅੰਦੋਲਨ ਦਾ ਅਗਾਜ਼ ਸੀ, ਪਰ ਜਲਦੀ ਹੀ ਜਾਗਰੂਕ ਸੰਗਤ ਨੇ ਮੋਰਚੇ ਲਾਏ ਤੇ ਗੁਰਦਵਾਰੇ ਮਹੰਤਾਂ ਤੋਂ ਅਜ਼ਾਦ ਕਰਵਾ ਲਏ। ਆਖਿਰ ਇਹ ਲਹਿਰ ਦੇਸ਼ ਦੀ ਅਜ਼ਾਦੀ ਦੇ ਸੰਘਰਸ਼ ਦਾ ਰੂਪ ਧਾਰਨ ਕਰ ਗਈ।

ਵਿਦੇਸ਼ਾਂ ਵਿੱਚ ਗਏ ਪੰਜਾਬੀ ਆਖਿਰ ਭਾਰਤ ਮਾਂ ਦੀ ਗੁਲਾਮੀ ਦੀਆਂ ਜ਼ੰਜੀਰਾਂ ਤੋੜਨ ਲਈ ਹਿੰਦੁਸਤਾਨ ਵੱਲ ਆਉਣੇ ਸ਼ੁਰੂ ਹੋ ਗਏ। ਕਨੇਡਾ ਦੀ ਧਰਤੀ ਤੋਂ ਕਾਮਾਗਾਟਾਮਾਰੂ ਜਹਾਜ਼ ਕਲਕੱਤੇ ਬਜ਼ਬਜ਼ ਘਾਟ ਤੇ ਆ ਪਹੁੰਚਿਆ ਜਿੱਥੇ ਕਈ ਨਿਰਦੋਸ਼ ਯਾਤਰੀਆਂ ਨੂੰ ਮੌਤ ਦੇ ਘਾਟ ਉਤਾਰ ਦਿੱਤਾ ਗਿਆ। ਇਨ੍ਹਾਂ ਸਾਰੇ ਤੱਥਾਂ ਤੋਂ ਭਾਈ ਸਾਹਿਬ ਇਸ ਨਤੀਜੇ ਤੇ ਪਹੁੰਚ ਕਿ ਅੰਗਰੇਜ਼ਾਂ ਦੇ ਵਿਰੁੱਧ ਸਾਂਤਮਈ ਅੰਦੋਲਨ ਵਿਰੁੱਧ ਗਦਰ ਪਾਰਟੀ ਵਿੱਚ ਸ਼ਾਮਿਲ ਹੋ ਗਏ, ਅਤੇ ਹਥਿਆਰਬੰਦ ਕ੍ਰਾਂਤੀ ਵਿੱਚ ਸ਼ਾਮਿਲ ਹੋਣਾ ਆਪਣਾ ਆਦਰਸ਼ ਬਣਾਇਆ। ਗਦਰੀਆਂ ਨੇ ਅਜ਼ਾਦੀ ਦੀ ਪ੍ਰਾਪਤੀ ਲਈ ਸੰਘਰਸ਼ ਸ਼ੁਰੂ ਕੀਤਾ ਤੇ ਇਨ੍ਹਾਂ ਦਾ ਸੰਪਰਕ 1914 ਵਿੱਚ ਭਾਈ ਸਾਹਿਬ ਨਾਲ ਬਣਿਆ। ਭਾਈ ਨਿਧਾਨ ਸਿੰਘ ਚੁੱਘਾ, ਗਾਂਧਾ ਸਿੰਘ ਕੱਚਰਭਨ, ਉੱਤਮ ਸਿੰਘ ਹਾਂਸ, ਈਸ਼ਰ ਸਿੰਘ ਢੁਡੀਕੇ ਤੇ ਕਰਤਾਰ ਸਿੰਘ ਸਰਾਭਾ ਆਪ ਜੀ ਨਾਲ ਲਗਾਤਾਰ ਮੀਟਿੰਗਾ ਕਰਦੇ ਰਹੇ। ਆਖਿਰ ਸਾਰੇ ਕ੍ਰਾਂਤੀਕਾਰੀਆਂ ਨੇ ਫਰਵਰੀ 1914 ਵਿੱਚ ਅੱਡ-ਅੱਡ ਛਾਉਣੀਆਂ ਵਿੱਚ ਹਿੰਦੁਸਤਾਨੀ ਫ਼ੌਜਾਂ ਤੋਂ ਬਗਾਵਤ ਕਰਵਾ ਕੇ ਦੇਸ਼ ਅਜ਼ਾਦ ਕਰਵਾਉਣ ਦੀ ਯੋਜਨਾ ਬਣਾਈ।

ਜਦੋਂ ਭਾਈ ਰਣਧੀਰ ਸਿੰਘ ਸਾਥੀਆਂ ਸਮੇਤ ਫਿਰੋਜ਼ਪੁਰ ਛਾਉਣੀ ਉੱਤੇ ਕਬਜ਼ਾ ਕਰਨ ਲਈ, ਪਹੁੰਚੇ, ਪਰ ਸਰਕਾਰ ਕੋਲ ਪਹਿਲਾਂ ਹੀ ਮੁਖਬਰ ਕ੍ਰਿਪਾਲ ਸਿੰਘ ਨੇ ਖਬਰ ਪਹੁੰਚਾ ਦਿੱਤੀ। ਇਸ ਲਈ ਸਰਕਾਰ ਨੇ ਸਾਰੀ ਹਿੰਦੁਸਤਾਨੀ ਫ਼ੌਜਾਂ ਤੋਂ ਹਥਿਆਰ ਜਮਾ ਕਰਕੇ ਆਪਣੀ ਫ਼ੌਜ ਨੂੰ ਪ੍ਰਬੰਧ ਦੇ ਦਿੱਤਾ। ਇਸ ਤਰ੍ਹਾਂ ਯੋਜਨਾ ਅਸਫਲ ਹੋ ਗਈ। ਫਿਰ ਅੰਗਰੇਜ਼ੀ ਸਰਕਾਰ ਨੇ ਭਾਈ ਸਾਹਿਬ ਜੀ ਦੇ ਗ੍ਰਿਫਤਾਰੀ ਦੇ ਹੁਕਮ ਦੇ ਦਿੱਤੇ। ਭਾਈ ਸਾਹਿਬ ਨੂੰ ਲਾਹੌਰ ਸਾਜ਼ਿਸ਼ ਕੇਸ ਤਹਿਤ ਅੰਗਰੇਜ਼ੀ ਸਰਕਾਰ ਦਾ ਤਖਤਾ ਉਲਟਾਉਣ ਦੇ ਦੋਸ਼ ਵਿੱਚ ਉਮਰ ਕੈਦ ਦੀ ਸਜ਼ਾ ਹੋਈ ਤੇ ਸਾਰੀ ਜਾਇਦਾਦ ਜਬਤ ਕਰਨ ਦੇ ਹੁਕਮ ਕੀਤੇ ਗਏ। ਭਾਈ ਸਾਹਿਬ ਦੀ ਇਹ ਵੱਡੀ ਖ਼ੂਬੀ ਸੀ ਕਿ ਉਨ੍ਹਾਂ ਨੇ ਆਪਣੀ ਜ਼ਮੀਨ ਜਾਇਦਾਦ ਦੀ ਵਾਪਸੀ ਲਈ ਕਦੀ ਅਰਜ਼ੀ ਤੱਕ ਨਹੀਂ ਦਿੱਤੀ।[21]

ਲਾਹੌਰ ਸਾਜਿਸ਼ ਨੰਬਰ 2 ਕੇਸ ਵਿੱਚ ਦੋਸੀ ਗਰਦਾਨੇ ਗਏ ਭਾਈ ਸਾਹਿਬ ਮਈ 1915 ਵਿੱਚ ਗ੍ਰਿਫਤਾਰ ਹੋਏ ਅਤੇ ਅਕਤੂਬਰ 1930 ਤੱਕ ਵੱਖ-ਵੱਖ ਜੇਲ੍ਹਾਂ ਵਿੱਚ ਕੈਦ ਰਹੇ। ਜਿਵੇਂ ਮੁਲਤਾਨ ਜੇਲ੍ਹ, ਹਜ਼ਾਰੀ ਬਾਗ ਜੇਲ੍ਹ, ਰਾਜਮੰਦਰੀ ਜੇਲ੍ਹ ਅਤੇ ਨਾਗਪੁਰ ਜੇਲ੍ਹ ਆਦਿ, ਜਿੱਥੇ ਉਨ੍ਹਾਂ ਨੂੰ ਭਾਰੀ ਤਸ਼ੱਦਦ ਦਾ ਸਾਹਮਣਾ ਕਰਨਾ ਪਿਆ। ਬੇੜੀਆਂ ਅਤੇ ਹੱਥਕੜੀਆਂ ਦੀਆਂ ਸ਼ਜਾਂਵਾਂ ਭੁਗਤੀਆਂ, ਚਾਲੀ-ਚਾਲੀ ਦਿਨ ਲਗਾਤਾਰ ਭੁੱਖ ਹੜਤਾਲ ਕਰਨੀ ਪਈ, ਕਿਉਂਕਿ ਧਾਰਨ ਕੀਤੇ ਅਨੁਸ਼ਾਸਨ

ਅਨੁਸਾਰ ਬੇਅੰਮ੍ਰਿਤੀਏ ਦੇ ਹੱਥ ਦਾ ਨਹੀਂ ਛਕਦੇ ਸਨ। ਜਦੋਂ ਭਾਈ ਸਾਹਿਬ ਜੀ ਟਰਾਂਸਫਰ ਹੋ ਕੇ ਨਾਗਪੁਰ ਜੇਲ੍ਹ ਤੋਂ ਲਾਹੌਰ ਜੇਲ੍ਹ ਆ ਗਏ ਤਾਂ ਉਸ ਸਮੇਂ ਭਗਤ ਸਿੰਘ ਉਸੇ ਜੇਲ੍ਹ ਵਿੱਚ ਸੀ।[22] ਭਗਤ ਸਿੰਘ ਨੂੰ ਅਦਾਲਤ ਵੱਲੋਂ ਫਾਂਸੀ ਦਾ ਹੁਕਮ ਜਾਰੀ ਹੋਇਆ ਸੀ। ਭਾਈ ਸਾਹਿਬ ਨੇ ਆਪਦੀ ਕਿਤਾਬ ਜੇਲ੍ਹ ਚਿੱਠੀਆਂ ਵਿੱਚ ਵਰਨਣ ਕੀਤਾ ਹੈ ਕਿ 4 ਅਕਤੂਬਰ 1930 ਨੂੰ ਉਨ੍ਹਾਂ ਦੀ ਮੁਲਾਕਾਤ ਭਗਤ ਸਿੰਘ ਨਾਲ ਹੋਈ ਜੋ ਕਿ ਇਤਿਹਾਸ ਦੀ ਇੱਕ ਬੜੀ ਮਹੱਤਵਪੂਰਨ ਘਟਨਾ ਸੀ। ਅਕਤੂਬਰ 1930 ਵਿੱਚ ਆਪ ਜੇਲ੍ਹ ਤੋਂ ਰਿਹਾ ਹੋਏ। ਆਪਦਾ ਨਿੱਘਾ ਸੁਆਗਤ ਕੀਤਾ ਗਿਆ। ਜੇਲ੍ਹ ਦੀ ਰਿਹਾਈ ਪਿੱਛੋਂ ਕੀਰਤਨ ਮੰਡਲ ਫਿਰ ਚਾਲੂ ਹੋ ਗਏ।[23] 1931 ਤੋਂ 1961 ਤੱਕ ਦਾ ਸਮਾਂ ਭਾਈ ਸਾਹਿਬ ਨੇ ਅਖੰਡ ਪਾਠਾਂ, ਅਖੰਡ ਕੀਰਤਨ ਮੰਡਲਾ ਵਿੱਚ ਹਿੱਸਾ ਲੈਂਦੇ ਹੋਏ ਬਿਤਾਇਆ। ਸ੍ਰੀ ਅਕਾਲ ਤਖਤ ਸਾਹਿਬ ਵੱਲੋਂ ਆਪ ਦੀ ਅਡੋਲ ਦ੍ਰਿੜਤਾ ਨਿਸ਼ਕਾਮ ਕੁਰਬਾਨੀ ਅਤੇ ਗੁਰੂ ਪੰਥ ਦੀ ਉਘੀ ਸੇਵਾ ਲਈ ਪ੍ਰਸ਼ੰਸ਼ਾ ਕੀਤੀ ਗਈ। ਤਖਤ ਸ੍ਰੀ ਕੇਸਗੜ ਵੱਲੋਂ ਆਪ ਜੀ ਘਾਲ ਯਾਤਰਾ ਪ੍ਰਵਾਨ ਹੈ ਦਾ ਹੁਕਮ ਹੋਇਆ। ਹੋਰ ਅਣਗਿਣਤ ਜੱਥੇਬੰਦੀਆਂ ਵੱਲੋਂ ਆਪ ਨੂੰ ਸਨਮਾਨਤ ਕੀਤਾ ਗਿਆ। ਜੇਲ੍ਹ ਤੋਂ ਰਿਹਾ ਹੋਣ ਤੋਂ ਬਾਅਦ ਲਗਭਗ ਇਕੱਤੀ ਵਰ੍ਹੇ ਕੀਤਰਨ ਅਖਾੜਿਆਂ ਦਾ ਆਨੰਦ ਮਾਨਣ ਉਪਰੰਤ 16 ਅਪ੍ਰੈਲ 1961 ਇਹ ਸੋਨ ਚਿੜੀ ਅਕਾਸ਼ ਵਿੱਚ ਉਡਾਰੀ ਮਾਰ ਗਈ।[24] ਭਾਈ ਰਣਧੀਰ ਸਿੰਘ ਜੀ ਵੱਡੇ ਦੇਸ਼ ਭਗਤ ਸਨ, ਜਿਨ੍ਹਾਂ ਨੇ ਆਪਦਾ ਸਮੁੱਚਾ ਜੀਵਨ ਪੰਥ ਲਈ ਅਤੇ ਦੇਸ਼ ਲਈ ਲਾ ਦਿੱਤਾ।

## References :


1. Waiz, S.A., Indian Abroad, Citizen Association, Bombay, 1917, p. 648.
2. Khushwant Singh & Satinder Singh, Ghadar, New Delhi, 1966, p. 120.
3. Randhir Singh, "The Ghadar Heroes, Bombay," 1945, pp. 6-7.
4. ਗੁਰਚਰਨ ਸਿੰਘ ਸਹਿੰਸਰਾ, ਗਦਰ ਪਾਰਟੀ ਦਾ ਇਤਿਹਾਸ, ਜਲੰਧਰ, 1961, ਪੰਨੇ 21-23.
5. -ਉਹੀ- ਪੰਨੇ 81-82
6. Khushwant Singh & Satinder Singh, op. cit, p. 14
7. G.S. Deol, The Role of the Ghadar Party in the National Movement, Sterling Publisher, Delhi, 1969, pp. 5-11.
8. ਹਰਨਾਮ ਸਿੰਘ ਟੁੰਡੀਲਾਟ ਅਤੇ ਬਾਬਾ ਸ਼ੋਹਣ ਸਿੰਘ ਭਕਨਾ ਦਾ ਬਿਆਨ। ਦੇਸ਼ ਭਗਤ ਮੈਮੋਰੀਅਲ ਹਾਲ, ਜਲੰਧਰ।

9. R.C. Mazumdar, History of Freedom Movement In India, Vol. II, P. 355.
10. Ghadar, 1 November, 1913.
11. Ghadar Di Gunj, Vol. I, No. 4 & 23.
12. Lord Harding, My Indian Years, 1910-16, p. 116.
13. Lahore Consipiracy Case, No. II., Judgement, dated 30th March, 1916, p. 27.
14. Ibid
15. Govt of India, Proceeding, Home Political, October, 1915, F. No. 91A.
16. Ibid
17. Michael O'Dwyer, India as I knew it. 1885-1925, London, 1925, pp. 225-26.
18. G. S. Deol, op. cit, Appendix A to C, pp 203-222.
19. Ibid
20. Khalsa Advocates Editors is dated 26 June, 1915 and 18 Sept, 1915, N.M.M.L, New Delhi.
21. Judgement : re (Bai) Randhir Singh, Accused No. 69 (Manuscript), p. 280.
22. ਡਾਕਟਰ ਗੁਲਜ਼ਾਰ ਸਿੰਘ ਕੰਗ, ਭਾਈ ਰਣਧੀਰ ਸਿੰਘ ਜੀਵਨ ਤੇ ਰਚਨਾ, ਪੰਜਾਬੀ ਯੂਨੀਵਰਸਿਟੀ ਪਬਲੀਕੇਸ਼ਨ, 2003।
23. The Ghadar Directory, Punjabi University, Patila. 1997.
24. ਜ਼ੈਤੇਗ ਸਿੰਘ ਅਨੰਤ, ਗਦਰ ਲਹਿਰ ਦੀ ਕਹਾਣੀ, ਹਰਿਆਦਲ ਮੈਮੋਰੀਅਲ ਇੰਟਰਨੈਸ਼ਨਲ ਟਰੱਸ਼ਟ, ਕੈਨੇਡਾ, 2014.

## ਅਧਿਆਇ—6
# ਕਾਮਾਗਾਟਾਮਾਰੂ

ਹਾਲਾਂਕਿ ਕਾਮਾਗਾਟਾਮਾਰੂ ਦੀ ਘਟਨਾ ਭਾਰਤੀ ਯਾਤਰੀਆਂ ਦੀ ਸਮੁੰਦਰੀ ਯਾਤਰਾਂ ਦਾ ਦਰਦਨਾਕ ਵਾਕਿਆ ਹੈ, ਪਰ ਇਹ ਯਾਤਰਾ ਭਾਰਤੀਆਂ ਦੀ ਗੁਲਾਮੀ ਨੂੰ ਦਰਸਾਉਂਦੀ ਹੈ ਕਿ ਕਿਸ ਤਰ੍ਹਾਂ ਉਨ੍ਹਾਂ ਨਾਲ ਭੇਦਭਾਵ ਅਤੇ ਜ਼ੁਲਮ ਅੱਤਿਆਚਾਰ ਹੁੰਦੇ ਸਨ। ਅੰਗਰੇਜ਼ਾਂ ਦੀਆਂ ਆਰਥਿਕ ਸ਼ੋਸ਼ਣ ਦੀਆਂ ਨੀਤੀਆਂ ਕਾਰਣ ਭਾਰਤੀਆਂ ਨੂੰ ਰੋਜ਼ੀ ਰੋਟੀ ਦੀ ਤਲਾਸ਼ ਵਿੱਚ ਵਿਦੇਸ਼ਾਂ ਵਿੱਚ ਭਟਕਣਾ ਪੈ ਰਿਹਾ ਸੀ। **ਕਾਮਾਗਾਟਾਮਾਰੂ ਇਕ ਜਪਾਨੀ ਭਾਸ਼ਾ ਦਾ ਸ਼ਬਦ ਹੈ ਜੋ ਕਿ ਇੱਕ ਸਮੁੰਦਰੀ ਜਹਾਜ਼ ਦਾ ਨਾਮ ਸੀ, ਭਾਰਤੀ ਸੁਤੰਤਰਤਾ ਸੰਗਰਾਮ ਦਾ ਸੂਚਕ ਬਣ ਗਿਆ, ਸਤੰਤਰਤਾ ਸੰਗਰਾਮੀਆਂ ਲਈ ਪ੍ਰੇਰਣਾ ਸ੍ਰੋਤ। 20ਵੀ ਸਦੀ ਦੇ ਸ਼ੁਰੂਆਤ ਵਿੱਚ ਭਾਰਤ ਵਿੱਚ ਅਜ਼ਾਦੀ ਦੀ ਮੰਗ ਉੱਠਣ ਲੱਗੀ ਸੀ,** ਉਸ ਸਮੇਂ 1913 ਵਿੱਚ ਗਦਰ ਅੰਦੋਲਨ ਦੀ ਸਥਾਪਨਾ ਹੋਈ. ਕਾਮਾਗਾਟਾਮਾਰੂ ਦੀ ਘਟਨਾ ਘਟਣ ਨਾਲ ਅਜ਼ਾਦੀ ਦੀ ਲੜਾਈ ਬੜੀ ਤੇਜ਼ੀ ਨਾਲ ਚੱਲਣੀ ਸ਼ੁਰੂ ਹੋ ਗਈ।

ਉਨੀਵੀਂ ਸਦੀ ਦੇ ਪਿਛਲੇ ਪੱਖ ਵਿੱਚ ਅੰਗਰੇਜ਼ਾ ਨੇ ਪੰਜਾਬ ਵਿੱਚ ਆਪਣੇ ਸਵਾਰਥ ਹਿੱਤ ਕਾਰਣ ਪੰਜਾਬ ਦੀ ਆਰਥਿਕ ਸਥਿਤੀ ਇਤਨੀ ਵਿਗਾੜ ਦਿੱਤੀ ਸੀ ਕਿ ਪੰਜਾਬੀ ਹੁਣ ਰੋਜ਼ੀ ਰੋਟੀ ਲਈ ਪ੍ਰਦੇਸਾਂ ਵੱਲ ਤੁਰਨ ਲੱਗੇ। ਅੰਗਰੇਜ਼ਾਂ ਦੁਆਰਾ ਕਲੋਨੀਅਨ ਨੀਤੀ ਅਪਣਾ ਕੇ ਪੰਜਾਬ ਨੂੰ ਮੰਡੀ ਬਣਾਇਆ ਗਿਆ। ਲਗਾਨ ਰੇਟ ਵਧਾਇਆ ਗਿਆ। ਅਕਾਲ ਦੇ ਦਿਨਾਂ ਵਿੱਚ ਵੀ ਲਗਾਨ ਲੈਣਾ ਕੁਝ ਅਜਿਹੇ ਕਾਰਨ ਸੀ ਕਿ ਪੰਜਾਬ ਵਿੱਚ ਗਰੀਬੀ ਵੱਧ ਗਈ।[1] ਉਪਜ਼ ਦਾ ਬਹੁਤ ਸਾਰਾ ਹਿੱਸਾ ਵੇਚ ਕੇ ਮਸਾਂ ਲਗਾਨ ਦੀ ਰਕਮ ਹੀ ਪੂਰੀ ਹੁੰਦੀ ਸੀ। ਜੇਕਰ ਕੋਈ ਨਵਾਂ ਡੰਗਰ ਲੈਣਾ ਪਵੇ ਜਾਂ ਵਿਆਹ ਸ਼ਾਦੀ ਹੋਵੇ ਤਾਂ ਮਜ਼ਬੂਰ ਹੋ ਕੇ ਕਿਸਾਨਾਂ ਨੂੰ ਸ਼ਾਹੂਕਾਰ ਕੋਲੋਂ ਕਰਜ਼ਾ ਲੈਣਾ ਪੈਂਦਾ ਸੀ। ਗਰੀਬੀ ਤੋਂ ਤੰਗ ਆ ਕੇ ਪੰਜਾਬੀ ਵਿਦੇਸ਼ਾਂ ਵਿੱਚ ਰੋਜ਼ੀ ਰੋਟੀ ਦੀ ਤਲਾਸ਼ ਵਿੱਚ ਜਾਣ ਲੱਗੇ। **ਸ਼ੁਰੂ ਸ਼ੁਰੂ ਵਿੱਚ ਪੰਜਾਬੀਆਂ ਨੇ ਬਰਮਾ ਮਲਾਇਆ ਸਿੰਘਾਪੁਰ ਹਾਂਗਕਾਂਗ ਅਤੇ ਸੰਘਈ ਅਤੇ ਚੀਨ ਦੀਆਂ ਬੰਦਰਗਾਹਾਂ ਉੱਤੇ ਜਾ ਕੇ ਚੌਕੀਦਾਰੀ, ਪੁਲਿਸਮੈਨ ਜਾਂ ਟੈਕਸੀ ਡਰਾਈਵਰ ਦੇ ਤੋਰ ਤੇ ਕੰਮ ਕਰਨਾ ਸ਼ੁਰੂ ਕੀਤਾ।**[2] ਦੂਜੇ ਦੇਸ਼ਾਂ ਵਿੱਚ ਇਨ੍ਹਾਂ ਦੀ ਮੁਲਾਕਾਤ ਕਨੇਡਾ ਅਤੇ ਅਮਰੀਕਾ ਵਿੱਚੋਂ ਹੋ ਕਿ ਆਏ ਲੋਕਾਂ ਨਾਲ ਹੁੰਦੀ ਸੀ, ਉੱਥੇ ਦੀ ਆਰਥਿਕ ਖੁਸ਼ਹਾਲੀ ਦੀਆਂ ਗੱਲਾਂ ਸੁਣਕੇ ਹੁਣ ਉਹ ਵੀ ਕਨੇਡਾ ਅਤੇ ਅਮਰੀਕਾ ਜਾਣ ਦੀ ਸੋਚਣ ਲੱਗੇ। ਉਨ੍ਹਾਂ ਦਾ ਹੋਸਲਾਂ ਹੋਰ ਵੱਧ ਗਿਆ, ਜਦੋਂ ਕਨੇਡਾ ਦੀ ਨਵ ਉਸਾਰੀ ਲਈ ਮਿਹਨਤੀ ਕਾਮਿਆਂ ਦੀ ਲੋੜ ਸੀ। ਕਨੇਡਾ ਦਾ ਪੱਛਮੀ ਪਾਸਾ ਅਜੇ ਨਵਾਂ ਆਬਾਦ ਹੋ ਰਿਹਾ ਸੀ। ਉਨ੍ਹਾਂ ਦਿਨਾਂ ਵਿੱਚ ਕਨੇਡਾ ਵਿੱਚ ਮਜ਼ਦੂਰੀ ਡੇਢ-ਦੋ-

ਡਾਲਰ ਆਮ ਮਿਲ ਜਾਂਦੀ ਸੀ।[3] ਉਸ ਸਮੇਂ 30000 ਹਜ਼ਾਰ ਭਾਰਤੀ ਅਮਰੀਕਾ ਅਤੇ ਕਨੇਡਾ ਪਹੁੰਚ ਗਏ। ਭਾਵੇਂ ਇਹ ਜਨਗਣਨਾ ਰਿਪੋਰਟ ਵਿੱਚ ਰਿਕਾਰਡ ਨਹੀਂ ਮਿਲਦਾ[4] ਪਰ 1904 ਤੋਂ 1908 ਤੱਕ ਰਿਕਾਰਡ ਅਨੁਸਾਰ ਪੰਜਾ ਹਜ਼ਾਰ ਭਾਰਤੀ ਕਨੇਡਾ ਪਹੁੰਚ ਗਏ।[5] ਉਸ ਸਮੇਂ ਪ੍ਰਾਈਵੇਟ ਸਮੁੰਦਰੀ ਜਹਾਜ਼ਾਂ ਦੀਆਂ ਕੰਪਨੀਆਂ ਭਾਰਤੀਆਂ ਨੂੰ ਬ੍ਰਿਟਿਸ਼ ਕੰਲੋਬੀਆਂ ਜਾਣ ਲਈ ਸਸਤੀਆਂ ਟਿਕਟਾਂ ਵੇਚਦੀਆਂ ਸਨ ਅਤੇ ਉਨ੍ਹਾਂ ਦੇ ਏਜੰਟ ਪਿੰਡਾਂ ਵਿੱਚ ਜਾ ਕੇ ਪ੍ਰਚਾਰ ਕਰਦੇ ਸਨ। ਜਿਸ ਨਾਲ ਲੋਕਾਂ ਦਾ ਕਨੇਡਾ ਜਾਣ ਦਾ ਅਕਰਸ਼ਨ ਵਧ ਗਿਆ।[6]

ਇਸ ਤੋਂ ਇਲਾਵਾ ਕਨੇਡੀਅਨ ਪੈਸੀਫਿਕ ਕੰਪਨੀ ਜੋ ਨਵੀਆਂ ਰੇਲ ਲਾਈਨਾਂ ਵਿਛਾ ਰਹੀ ਸੀ ਅਤੇ ਸੜਕਾਂ ਬਣਾ ਰਹੀ ਸੀ ਨੇ ਵੀ ਕਈ ਥਾਂਵਾਂ ਤੇ ਆਪਣੇ ਏਜੰਟ ਛੱਡੇ ਹੋਏ ਸਨ।[7] ਅਮਰੀਕਾ ਤੇ ਕਨੇਡਾ ਦੀ ਉੱਚ ਵਿਦਿਆ ਤੋਂ ਪ੍ਰਭਾਵਿਤ ਹੋ ਕੇ ਕਈ ਨੌਜਵਾਂਨਾਂ ਨੇ ਉੱਚ ਵਿਦਿਆ ਲਈ ਇਨ੍ਹਾਂ ਦੇਸ਼ਾਂ ਵਿੱਚ ਜਾਣ ਸ਼ੁਰੂ ਕਰ ਦਿੱਤਾ।

ਕਨੇਡਾ ਵਿੱਚ ਦਿਨੋਂ ਦਿਨ ਵੱਧ ਰਹੀ ਭਾਰਤੀਆਂ ਦੀ ਗਿਣਤੀ ਦੇ ਕਾਰਣ ਉੱਥੋਂ ਦੇ ਗੋਰੇ ਮਜ਼ਦੂਰਾਂ ਅੰਦਰ ਈਰਖਾ ਜਾਗ ਪਈ ਕਿਉਂਕਿ ਭਾਰਤੀ ਮਜ਼ਦੂਰ ਉਨ੍ਹਾਂ ਤੋਂ ਸਸਤੇ ਅਤੇ ਸਰੀਰਕ ਤੋਰ ਤੇ ਬਿਹਤਰ ਸਨ। ਭਾਰਤੀਆਂ ਨਾਲ ਘਟੀਆਂ ਨਸਲਵਾਦ ਦਾ ਵਤੀਰਾ ਹੋਣ ਲੱਗ ਪਿਆ ਸੀ।[8] ਗੋਰਿਆਂ ਨੇ ਏਸ਼ੀਅਨ ਨਸਲਬਾਦ ਵਿਰੁੱਧ ਅਭਿਆਨ ਛੇੜ ਦਿੱਤਾ। 1907 ਵਿੱਚ ਜਦੋਂ ਆਰਥਿਕ ਮੰਦਵਾੜਾ (ਰਿਸੈਸ਼ਨ) ਆਇਆ ਤਾਂ ਕਈ ਥਾਂਈ ਫਸਾਦ ਹੋਏ। ਵੈਨਕੂਵਰ ਅਤੇ ਵਿਕਟੋਰੀਆ ਵਿੱਚ ਚੀਨੀ ਅਤੇ ਜਪਾਨੀ ਮਜ਼ਦੂਰਾਂ ਦੇ ਘਰ ਸਾੜ ਦਿੱਤੇ ਗਏ।[9] ਭਾਰਤੀਆਂ ਤੇ ਕਈ ਹਮਲੇ ਹੋਏ। ਚੀਨ ਅਤੇ ਜਾਪਾਨ ਸਰਕਾਰਾਂ ਨੇ ਇਨ੍ਹਾਂ ਹਮਲਿਆਂ ਦੇ ਵਿਰੁਧ ਰੋਸ ਦਰਜ਼ ਕੀਤਾ ਪਰ ਭਾਰਤੀਆਂ ਤੇ ਹੋਏ ਹਮਲਿਆਂ ਦਾ ਰੋਸ ਦਰਜ਼ ਨਹੀਂ ਹੋਇਆ, ਕਿਉਂਕਿ ਭਾਰਤ ਗੁਲਾਮ ਦੇਸ਼ ਸੀ। ਭਾਰਤੀਆਂ ਨੂੰ ਸਮਝ ਆਉਣ ਲੱਗਾ ਕਿ ਦੂਸਰੇ ਦੇਸ਼ਾਂ ਵਿੱਚ ਸਨਮਾਨ ਸਿਰਫ਼ ਅਜ਼ਾਦ ਦੇਸ਼ਾਂ ਦੇ ਲੋਕਾਂ ਨੂੰ ਹੀ ਮਿਲਦਾ ਹੈ।[10]

ਕਨੇਡਾ ਸਰਕਾਰ ਨੇ 1908 ਵਿੱਚ ਭਾਰਤੀਆਂ ਦੇ ਖਿਲਾਫ਼ ਇਕ ਸਾਜ਼ਿਸ਼ ਰਚੀ ਕਿ ਕਨੇਡਾ ਵਿੱਚ ਰਹਿਣ ਵਾਲੇ ਸਾਰੇ ਭਾਰਤੀਆਂ ਨੂੰ ਇਕ ਹਾਡੂਰਸ ਨਾਂ ਦੇ ਅੰਗਰੇਜ਼ੀ ਟਾਪੂ ਵਿੱਚ ਭੇਜਿਆ ਜਾਵੇ। ਇਸ ਟਾਪੂ ਦੀ ਹਾਲਤ ਕਾਫ਼ੀ ਖਰਾਬ ਸੀ, ਕਈ ਬਿਮਾਰੀਆਂ ਸਨ ਅਤੇ ਮਜ਼ਦੂਰੀ ਵੀ ਕਾਫੀ ਘੱਟ ਸੀ, ਸੋ ਭਾਰਤੀਆਂ ਨੇ ਉੱਥੇ ਜਾਣ ਤੋਂ ਇਨਕਾਰ ਕਰ ਦਿੱਤਾ। ਕਨੇਡਾ ਸਰਕਾਰ ਦੀ ਵਿਧਾਨ ਸਭਾ ਨੇ 1907 ਨੇ ਕਈ ਕਾਨੂੰਨ ਪਾਸ ਕੀਤੇ ਤਾਂ ਜੋ ਭਾਰਤੀ ਪ੍ਰਵਾਸੀਆਂ ਨੂੰ ਆਉਣ ਤੋਂ ਰੋਕਿਆ ਜਾ ਸਕੇ। ਪਰ **ਵਿਲਫਰੇਡ ਲੁਰਿਆਰ (Sir Wilfred Laurier) ਕਨੇਡੀਅਨ ਪ੍ਰਧਾਨ ਮੰਤਰੀ ਨੇ ਕਿਹਾ ਕਿ ਬ੍ਰਿਟਿਸ਼ ਕੋਲੰਬੀਆ ਦਾ (climate) ਪੌਣ ਪਾਣੀ ਭਾਰਤੀਆਂ ਲਈ ਅਨੁਕੂਲ ਨਹੀਂ ਹੈ, ਉਹਨਾਂ ਦੇ ਬ੍ਰਿਟਿਸ਼ ਕੋਲੰਬੀਆ ਵਿੱਚ ਆਉਣ ਨਾਲ ਉਨ੍ਹਾਂ ਦੇ ਉਦਯੋਗਾਂ ਅਤੇ ਆਰਥਿਕ ਹਾਲਤ ਬੜੇ ਗੰਭੀਰ ਰੂਪ ਵਿੱਚ ਘਾਤਕ ਹੋ ਸਕਦੇ ਹਨ।**[11]

ਕਨੇਡਾ ਸਰਕਾਰ ਨੇ ਭਾਰਤੀਆਂ ਦੀ ਆਮਦ ਰੋਕਣ ਲਈ ਸਖ਼ਤ ਕਦਮ ਚੁੱਕਣੇ

ਸ਼ੁਰੂ ਕਰ ਦਿੱਤੇ। ਮਈ 1908 ਵਿੱਚ ਕਨੇਡੀਅਨ ਸਰਕਾਰ ਨੇ ਆਰਡਰ ਪਾਸ ਕੀਤਾ ਕਿ ਜੋ ਵਿਅਕਤੀ ਕਨੇਡਾ ਆਉਣਾ ਚਾਹੁੰਦਾ ਹੈ ਉਹ ਆਪਣੇ ਦੇਸ਼ (ਜਨਮ ਅਸਥਾਨ) ਤੋਂ ਸਿੱਧਾ ਟਿਕਟ ਲੈ ਕੇ ਲਗਾਤਾਰ ਯਾਤਰਾ ਕਰਕੇ ਕਨੇਡਾ ਆਵੇਗਾ, ਇਸ ਤੋਂ ਤੁਰੰਤ ਬਾਅਦ ਜੂਨ 1908 ਵਿੱਚ ਇਕ ਹੋਰ ਆਰਡਰ ਪਾਸ ਕੀਤਾ ਗਿਆ ਕਿ ਸਾਰੇ ਏਸ਼ੀਆਂ ਤੋਂ ਕਨੇਡਾ ਦੀ ਆਰਡਰ ਇਨ ਕੌਂਸਿਲ ਨੇ ਪੁਰਾਣੇ ਕਾਨੂੰਨਾਂ ਵਿੱਚ ਸੁਧਾਰ ਕਰਕੇ ਇੱਕ ਨਵਾਂ ਕਾਨੂੰਨ Immigration Act ਪਾਸ ਕਰਕੇ ਮਈ 1910 ਨੂੰ ਇਕ ਨਵਾਂ ਇਤਿਹਾਸਕ ਫੈਸਲਾ ਲਾਗੂ ਕਰ ਦਿੱਤਾ ਕਿ ਉਹੋ ਹੀ ਵਿਦੇਸ਼ੀ ਕਨੇਡਾ ਆ ਸਕਦੇ ਹਨ ਜੋ ਆਪਣੇ ਦੇਸ਼ ਤੋਂ ਸਿੱਧੀ ਯਾਤਰਾ ਕਰਕੇ ਅਤੇ 200 ਡਾਲਰ ਨਗਦ ਨਾਲ ਲਿਆਉਣ। ਪਰ ਚੀਨੀਆਂ ਅਤੇ ਜਪਾਨੀਆ ਨੂੰ ਇਸ ਤੋਂ ਛੋਟ ਦੇ ਦਿੱਤੀ ਗਈ।

ਭਾਰਤੀਆਂ ਨਾਲ ਕੀਤੇ ਗਏ ਵਿਤਕਰੇ ਨਾਲ ਵਿਦੇਸ਼ਾਂ ਵਿੱਚ ਰਹਿ ਰਹੇ ਭਾਰਤੀਆਂ ਅਤੇ ਦੇਸ਼ ਅੰਦਰ ਗੁੱਸੇ ਦੀ ਲਹਿਰ ਦੌੜ ਗਈ। ਦੇਸ਼ ਨੂੰ ਅੰਗਰੇਜ਼ਾਂ ਤੋਂ ਅਜ਼ਾਦ ਕਰਾਉਣ ਵਾਲੇ ਸੁਤੰਤਰਤਾ ਸੰਗਰਾਮੀਆਂ ਨੂੰ ਅਹਿਮ ਮੁੱਦਾ ਮਿਲ ਗਿਆ ਤੇ ਉਨ੍ਹਾਂ ਦੇ ਦਿਲਾਂ ਅੰਦਰ ਦੇਸ਼ ਭਗਤੀ ਦੀ ਭਾਵਨਾਂ ਹੋਰ ਤੀਬਰ ਹੋ ਗਈ। ਪਰਦੇਸ਼ ਵਿੱਚ ਉਪਜੀ ਦੇਸ਼ ਭਗਤੀ ਦੀ ਭਾਵਨਾਂ ਨਾਲ ਸਮਾਂ ਆਉਣ ਤੇ **ਗਦਰ ਲਹਿਰ ਨੂੰ ਬੜੀ ਸ਼ਕਤੀ ਮਿਲੀ ਅਤੇ ਆਪਣੀ ਮਾਤਰ ਭੂਮੀ ਨੂੰ ਸੁਤੰਤਰ ਕਰਾਉਣ ਲਈ ਤਨ ਮਨ ਵਾਰ ਸੁੱਟਣ ਦੀ ਭਾਵਨਾ ਜਾਗ ਗਈ।**

ਇਨ੍ਹਾਂ ਸਖਤ ਨਿਯਮਾਂ ਕਾਰਨ ਹੀ ਹੁਣ ਕਨੇਡਾ ਵਿੱਚ ਰਹਿ ਰਹੇ ਭਾਰਤੀ ਜੋ ਉੱਥੋਂ ਦੇ ਨਾਗਰਿਕ ਬਣ ਗਏ ਸਨ ਪਰ ਆਪਣੇ ਪਰਿਵਾਰਾਂ ਨੂੰ ਕਨੇਡਾ ਵਿੱਚ ਨਹੀਂ ਲਿਆ ਸਕਦੇ ਸਨ।

ਕਨੇਡਾ ਤੋਂ ਇਲਾਵਾ ਬਾਕੀ ਦੇਸ਼ਾ ਵਿੱਚ ਰਹਿੰਦੇ ਭਾਰਤੀਆਂ ਨਾਲ ਵੀ ਭੈੜਾ ਸਲੂਕ ਹੁੰਦਾ ਸੀ। ਹੌਲੀ-ਹੌਲੀ ਉਨ੍ਹਾਂ ਵਿੱਚ ਜਾਗਰੂਕਤਾ ਆਉਂਦੀ ਗਈ ਤੇ ਉਨ੍ਹਾਂ ਨੇ ਆਪਣੇ ਹੱਕਾਂ ਲਈ ਕਈ ਸੰਸਥਾਵਾਂ ਬਣਾਈਆਂ। ਇਨ੍ਹਾਂ ਵਿੱਚੋਂ **ਖਾਲਸਾ ਦੀਵਾਨ ਸੁਸਾਇਟੀ** ਨੇ ਭਾਰਤੀਆਂ ਨਾਲ ਬੁਰੇ ਵਿਵਹਾਰ ਦਾ ਬੜਾ ਵਿਰੋਧ ਕੀਤਾ। **ਖਾਲਸਾ ਦੀਵਾਨ ਸੁਸਾਇਟੀ** ਦੀ ਸਥਾਪਨਾ 1907 ਵਿੱਚ ਵੈਨਕੂਵਰ ਵਿੱਚ ਕੀਤੀ ਗਈ, ਜਿਸ ਨੇ ਸਿੱਖਾਂ ਵਿੱਚ ਅਤੇ ਵਿਦੇਸ਼ਾਂ ਵਿੱਚ ਰਹਿੰਦੇ ਭਾਰਤੀਆਂ ਵਿੱਚ ਆਪਣੇ ਹੱਕਾਂ ਪ੍ਰਤੀ ਜਾਗਰਤੀ ਪੈਦਾ ਕਰ ਦਿੱਤੀ। ਕਨੇਡਾ ਵਿੱਚ ਰਹਿੰਦੇ ਭਾਰਤੀਆਂ ਨੇ ਆਪਣੇ ਹੱਕਾਂ ਦੀ ਰਾਖੀ ਲਈ ਅੰਦੋਲਨ ਸ਼ੁਰੂ ਕਰ ਦਿੱਤਾ। **ਖਾਲਸਾ ਦੀਵਾਨ ਸੁਸਾਇਟੀ ਨੇ 1908 ਨੂੰ ਵੈਨਕੂਵਰ ਵਿਕੇ ਅਤੇ 1912 ਵਿੱਚ ਵਿਕਟੋਰੀਆ ਵਿਖੇ ਗੁਰੂਦਵਾਰੇ ਉਸਾਰੇ।**

ਇਨ੍ਹਾਂ ਗੁਰਦਵਾਰਿਆਂ ਵਿੱਚ ਹੁਣ ਪਰਵਾਸੀਆ ਨਾਲ ਸਬੰਧਤ ਸਮੱਸਿਆਵਾਂ ਅਤੇ ਨਸਲੀ ਵਿਤਕਰੇ ਦੀਆਂ ਵਾਰਦਾਤਾਂ ਦੀਆਂ ਚਰਚਾਂਵਾ ਹੋਣ ਲੱਗ ਪਈਆਂ। ਇਸ ਤੋਂ ਬਾਅਦ ਵੈਨਕੂਵਰ ਵਿੱਚ **ਯੁਨਾਈਟਡ ਇੰਡੀਆ ਲੀਗ** ਕਾਰਜਸ਼ੀਲ ਹੋ ਗਈ। ਇੱਕ ਹੋਰ ਸੰਸਥਾਂ **ਹਿੰਦੁਸਤਾਨ ਐਸੋਸੀਏਸ਼ਨ** ਆਸਟਰੀਆ ਵਿਖੇ ਸਥਾਪਿਤ ਹੋ ਗਈ।

ਜ਼ਵਾਲਾ ਸਿੰਘ ਅਤੇ ਹਰਦਿਆਲ ਦੀ ਪਹਿਲ ਕਦਮੀ ਤੇ ਸਟਾਕਟਨ ਵਿਖੇ ਅਵਾਸੀਆ ਨੇ ਹਿੰਦੁਸਤਾਨੀ ਵਰਕਰਜ਼ ਆਫ ਦੀ ਪੈਸੀਫਿਕ ਕੋਰਟ ਸੰਸਥਾਂ ਬਣਾਈ। ਸੋਹਣ ਸਿੰਘ ਭਕਨਾ ਇਸ ਦਾ ਪ੍ਰਧਾਨ ਅਤੇ ਹਰਦਿਆਲ ਸਕੱਤਰ ਚੁਣੇ ਗਏ।[13] **ਸਾਨਫਰਾਂਸਿਸਕੋ** ਵਿਖੇ ਦਫਤਰ ਬਣਾ ਲਿਆ ਅਤੇ ਇਕ ਪੱਤਰ ਪ੍ਰਕਾਸ਼ਤ ਕਰਨਾ ਆਰੰਭ ਕਰ ਦਿੱਤਾ, ਇਸ ਪੱਤਰ ਦੇ ਨਾਮ **ਗਦਰ** ਤੇ ਹੀ ਇਹ ਸੰਸਥਾ ਪ੍ਰਸਿੱਧ ਹੋ ਗਈ।

ਭਾਰਤੀਆਂ ਨੇ ਕਈ ਪ੍ਰਕਾਰ ਦੇ ਕੇਸ ਕੋਲੰਬੀਆਂ ਦੀ ਹਾਈਕਰੋਟ ਵਿੱਚ ਦਾਇਰ ਕੀਤੇ ਪਰ ਕੋਈ ਸੰਤੋਸ਼ਜਨਕ ਹੱਲ ਨਹੀਂ ਮਿਲਿਆ। ਹੁਣ ਭਾਰਤੀ ਕਨੇਡਾ ਜਾਣ ਲਈ ਕਈ ਤਰ੍ਹਾਂ ਦੀਆਂ ਪਰੇਸ਼ਾਨੀਆਂ ਸਹਿਣ ਕਰ ਰਹੇ ਸਨ ਅਤੇ ਇੱਧਰ ਉੱਧਰ ਭਟਕ ਰਹੇ ਸਨ। ਉਸ ਸਮੇਂ ਬਾਬਾ **ਗੁਰਦਿੱਤ ਸਿੰਘ** ਇਕ ਅਮੀਰ ਅਤੇ ਪ੍ਰਭਾਵਸ਼ਾਲੀ ਠੇਕੇਦਾਰ ਸੀ ਜੋ ਸਿੰਘਾਪੁਰ ਵਿੱਚ ਰਹਿੰਦਾ ਸੀ। ਦਸੰਬਰ 1913 ਵਿੱਚ ਅਚਾਨਕ **ਗੁਰਦਿੱਤ ਸਿੰਘ** ਨੂੰ ਹਾਂਗਕਾਂਗ ਵਿੱਚ ਜਾਣਾ ਪਿਆ ਤਾਂ ਉੱਥੇ ਉਸਨੇ ਵੇਖਿਆ ਕਿ ਸੈਕੜੇ ਪੰਜਾਬੀ ਕਨੇਡਾ ਜਾਣ ਲਈ ਫਸੇ ਹੋਏ ਸਨ ਪਰ ਉੱਥੋਂ ਦੇ ਸਖਤ ਨਿਯਮਾਂ ਕਾਰਨ ਉਹ ਉੱਥੇ ਜਾਣ ਦੀ ਸਥਿਤੀ ਵਿੱਚ ਨਹੀਂ ਸਨ। **ਗੁਰਦਿੱਤ ਸਿੰਘ** ਬੜਾ ਪ੍ਰਭਾਵਿਤ ਹੋਇਆ ਅਤੇ ਉਸ ਨੇ ਭਾਰਤੀਆਂ ਨੂੰ ਕਨੇਡਾ ਲੈ ਕੇ ਜਾਣ ਦੀ ਇੱਕ ਯੋਜਨਾ ਬਣਾਈ।[14]

ਜਨਵਰੀ 1914 ਵਿੱਚ **ਗੁਰਦਿੱਤ ਸਿੰਘ** ਨੇ ਜਪਾਨੀ ਕੰਪਨੀ **ਸੀਨੇਈਕਿਸ਼ੇਨ ਗੋਸ਼ੀ ਕਾਈਸਾ** ਤੋਂ ਕਾਮਾਗਾਟਾਮਾਰੂ ਨਾਮ ਦਾ ਇੱਕ ਚਾਰਟਰ ਜਹਾਜ਼ 8 ਮਹੀਨੇ ਲਈ ਕਿਰਾਏ ਤੇ ਲਿਆ ਜਿਸਦਾ ਹਰ ਮਹੀਨੇ ਦਾ ਕਿਰਾਇਆ 11000 ਡਾਲਰ ਸੀ। ਇਸ ਜਹਾਜ਼ ਨੂੰ ਲਿਜਾਣ ਤੋਂ ਪਹਿਲਾ ਆਗਿਆ ਪੱਤਰ ਪ੍ਰਾਪਤ ਕੀਤਾ ਗਿਆ। ਇਸ ਜਹਾਜ਼ ਨਾਮ **ਗੁਰੂ ਨਾਨਕ ਜਹਾਜ਼** ਰੱਖਿਆ ਗਿਆ।

ਕਾਮਾਗਾਟਾਮਾਰੂ ਹਾਂਗਕਾਂਗ ਤੋਂ ਚੱਲਿਆ ਪਰ ਇੱਥੇ ਸਿਰਫ਼ 165 ਯਾਤਰੀ ਹੀ ਮਿਲੇ। 8 ਅਪ੍ਰੈਲ ਨੂੰ ਸੰਘਈ ਪਹੁੰਚਿਆ ਉੱਥੇ 111 ਯਾਤਰੀ ਜਹਾਜ਼ ਤੇ ਚੜੇ। 16 ਅਪ੍ਰੈਲ ਨੂੰ ਯੋਕੋਹਾਮਾ ਵਿੱਚ ਸੀ ਜਿੱਥੇ 14 ਯਾਤਰੀ ਚੜੇ। ਹੁਣ ਕਾਮਾਗਾਟਾਮਾਰੂ ਵਿੱਚ ਕੁੱਲ 376 ਯਾਤਰੀ ਸਨ, ਜਿਨ੍ਹਾਂ ਵਿੱਚੋਂ 340 ਪੰਜਾਬੀ (ਸਿੱਖ) ਸਨ।

ਗੁਰਦਿੱਤ ਸਿੰਘ ਨੇ ਜਹਾਜ਼ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੀੜ ਰੱਖੀ ਅਤੇ ਲਗਾਤਾਰ ਉਸਦੇ ਸ਼ਬਦ ਯਾਤਰਾ ਦੀ ਸ਼ੁਰੂਆਤ ਹਾਂਗਕਾਂਗ ਤੋਂ ਲੈ ਵੈਨਕੂਵਰ ਤੱਕ ਗਾਏ ਜਾ ਰਹੇ ਸਨ। ਜਹਾਜ਼ ਵਿੱਚ ਇਕ ਢਾਡੀ ਜੱਥਾ ਆਪਣੇ ਸਾਜੋ ਸਮਾਨ ਸਮੇਤ ਮੌਜੂਦ ਸੀ ਜੋ ਦੇਸ਼ ਭਗਤੀ ਦੇ ਗੀਤ ਗਾ ਰਿਹਾ ਸੀ।[15]

ਗਦਰ ਪਾਰਟੀ ਦਾ ਪ੍ਰਚਾਰ ਅਮਰੀਕਾ ਅਤੇ ਕਨੇਡਾ ਵਿੱਚ ਵੱਧ ਰਿਹਾ ਸੀ। ਗਦਰ ਪਾਰਟੀ ਦਾ ਪ੍ਰਚਾਰ ਵਧਣ ਕਾਰਨ ਕਾਮਾਗਾਟਾਮਾਰੂ ਦੇ ਰਸਤੇ ਵਿੱਚ ਆਉਣ ਵਾਲੇ ਟਾਪੂਆਂ ਤੇ ਵੀ ਇਸ ਪ੍ਰਭਾਵ ਪੈ ਰਿਹਾ ਸੀ। **ਸਭ ਥਾਂਈ ਗਦਰ ਪਾਰਟੀ ਦੇ ਵਰਕਰਾਂ ਨੂੰ ਬੰਡਲਾਂ ਦੇ ਬੰਡਲ ਗਦਰ ਅਖਬਾਰ ਅਤੇ ਹੋਰ ਦਰੀ ਸਾਹਿਤ ਗੁਪਤ ਰੂਪ ਵਿੱਚ ਪਹੁੰਚ ਰਿਹਾ ਸੀ।** ਹਾਂਗਕਾਂਗ ਤੋਂ ਚੱਲ ਕੇ ਵੈਨਕੂਵਰ ਤੱਕ ਲਗਭਗ ਹਰੇਕ ਬੰਦਰਗਾਹ ਉੱਤੇ ਕਾਮਾਗਾਟਾਮਾਰੂ ਦੇ ਮੁਸਾਫਰਾਂ ਨੂੰ ਗਦਰੀ ਸਾਹਿਤ ਪਹੁੰਚਣ ਲੱਗ

ਪਿਆ ਸੀ। ਮੁਸਾਫਰਾਂ ਨੂੰ **ਗਦਰ ਦੀ ਗੂੰਜ** ਤੇ ਕਵਿਤਾਵਾ ਪੜ੍ਹ ਕੇ ਸੁਣਾਈਆਂ ਜਾਂਦੀਆਂ ਸਨ।

ਕਾਮਾਗਾਟਾਮਾਰੂ ਅੱਗੇ ਵਧਦਾ ਹੋਇਆ **ਮੋਜੀ** (ਜੋ ਜਾਪਾਨੀ ਬੰਦਰਗਾਹਾਂ ਵਿੱਚੋਂ ਸੀ ਪਹੁੰਚਿਆ। ਉੱਥੇ ਪ੍ਰਸਿੱਧ ਦੇਸ਼ ਭਗਤ **ਬਲਵੰਤ ਸਿੰਘ** ਨਾਲ ਗੁਰਦਿੱਤ ਸਿੰਘ ਦੀ ਮੁਲਾਕਾਤ ਹੋਈ। ਫਿਰ ਜਹਾਜ਼ ਯੋਕੋਹਾਮਾ ਪਹੁੰਚਿਆ। ਉੱਥੇ ਹੀ **ਗਿਆਨੀ ਭਗਵਾਨ ਸਿੰਘ ਅਤੇ ਮੌਲਵੀ ਬਰਕਤੁੱਲਾ** (ਪ੍ਰਸਿੱਧ ਗਦਰੀ ਦੇਸ਼ ਭਗਤ) ਗੁਰਦਿੱਤ ਸਿੰਘ ਨੂੰ ਮਿਲਣ ਲਈ ਆਏ। ਬਹੁਤ ਸਾਰਾ ਗਦਰ ਸਾਹਿਤ ਗੁਪਤ ਰੂਪ ਵਿੱਚ ਉਨ੍ਹਾਂ ਦੁਆਰਾ ਵੰਡਿਆ ਜਾਣਾ ਸੀ। ਉਨ੍ਹਾਂ ਰਾਹੀਂ ਬਹੁਤ ਸਾਰਾ ਇੰਨਕਲਾਬੀ ਸਾਹਿਤ ਕਾਮਾਗਾਟਾਮਾਰੂ ਦੇ ਮੁਸਾਫਰਾਂ ਨੂੰ ਵੰਡਿਆ ਗਿਆ। 23 ਮਈ 1914 ਨੂੰ ਕਾਮਾਗਾਟਾਮਾਰੂ ਵਿਕਟੋਰੀਆਂ ਦੀ ਬੰਦਰਗਾਹ ਦੀ ਹੱਦ ਵਿੱਚ ਪਹੁੰਚ ਗਿਆ। ਕਨੇਡਾ ਸਰਕਾਰ ਨੇ ਪਹਿਲਾਂ ਹੀ ਭਾਰਤ ਦੀ ਅੰਗਰੇਜ਼ੀ ਸਰਕਾਰ ਨਾਲ ਮਿਲ ਕੇ ਫੈਸਲਾ ਕੀਤਾ ਹੋਇਆ ਸੀ ਕਿ ਜਹਾਜ਼ ਨੂੰ ਬੰਦਰਗਾਹ ਤੇ ਲੱਗਣ ਨਹੀਂ ਦੇਣਾ।[16] ਉਸ ਸਮੇਂ ਲੰਡਨ ਦੀ ਅਖਬਾਰ ਦਾ ਟਾਈਮਜ਼, ਨੇ ਲਿਖਿਆ ਕਿ **"ਏਸ਼ੀਅਨ ਸਾਡੇ ਦਰਵਾਜ਼ੇ ਤੇ ਆ ਗਏ ਹਨ ਅਤੇ ਦਰਵਾਜ਼ਾ ਖੜਕਾ ਰਹੇ ਹਨ। ਅੱਗੇ ਲਿਖਦੇ ਹਨ ਕਿ ਪੂਰਬ ਪੂਰਬ ਹੈ ਅਤੇ ਪੱਛਮ ਪੱਛਮ, ਇਹ ਪੂਰਬ ਦਾ ਮਹਾਨ ਹਮਲਾ ਹੈ।"**

ਕੇਵਲ 22 ਆਦਮੀ ਹੀ ਉਤਰਨ ਦਿੱਤੇ ਗਏ ਜਿਹੜੇ ਇਹ ਸਾਬਤ ਕਰਦੇ ਹਨ ਕਿ ਉਹ ਕਨੇਡਾ ਦੇ ਪੱਕੇ ਨਿਵਾਸੀ ਹਨ। ਬਾਕੀਆਂ ਨੂੰ ਵਾਪਸ ਪਰਤ ਜਾਣ ਲਈ ਆਦੇਸ਼ ਦਿੱਤੇ ਗਏ। ਬਰਤਾਨਵੀ ਕੋਲੰਬੀਆ ਦੇ ਪ੍ਰਧਾਨ ਮੰਤਰੀ, ਸਰ ਰਿਚਰਡ ਮੈਕਬਰਾਈਡ ਨੇ ਸਪਸ਼ਟ ਤੌਰ ਤੇ ਕਿਹਾ, **"ਪੂਰਬ ਵਾਸੀਆਂ ਦੇ ਭਾਰੀ ਗਿਣਤੀ ਵਿੱਚ ਦਾਖਲ ਹੋਣ ਨਾਲ ਅੰਤ ਗੋਰੇ ਲੋਕ ਖ਼ਤਮ ਹੋ ਜਾਣਗੇ ਅਤੇ ਅਸੀਂ ਇਸ ਗੱਲ ਵੱਲ ਧਿਆਨ ਦਿੰਦੇ ਹਾਂ ਕਿ ਇਸ ਨੂੰ ਗੋਰੇ ਲੋਕਾਂ ਦੇ ਦੇਸ਼ ਵੱਜੋਂ ਸੁਰੱਖਿਅਤ ਰੱਖਿਆ ਜਾਵੇ।"**

ਕਨੇਡਾ ਸਰਕਾਰ ਦੇ ਹੁਕਮ ਅਨੁਸਾਰ ਕੋਈ ਵੀ ਯਾਤਰੀ ਕਨੇਡਾ ਦੀ ਧਰਤੀ ਤੇ ਪੈਰ ਨਹੀਂ ਰੱਖ ਸਕਦਾ ਸੀ। ਗੁਰਦਿੱਤ ਸਿੰਘ ਨੇ **ਖਾਲਸਾ ਕਮੇਟੀ, ਗੁਰਦੁਆਰਾ ਵੈਨਕੂਵਰ**, ਵਾਇਸਰਾਏ ਭਾਰਤ ਸਰਕਾਰ, ਜਾਰਜ਼ ਪੰਜਵਾਂ ਲੰਡਨ ਆਦਿ ਨੂੰ ਕਨੇਡਾ ਸਰਕਾਰ ਦੀਆਂ ਕੀਤੀਆਂ ਜਾ ਰਹੀਆਂ ਵਧੀਕੀਆਂ ਦੀ ਜਾਣਕਾਰੀ ਦਿੱਤੀ।[17] ਪੰਜਾਬ ਦੇ ਬਹੁਤ ਸਾਰੇ ਸ਼ਹਿਰਾਂ ਵਿੱਚ ਪਬਲਿਕ ਜਲਸੇ ਹੋਏ।

**ਖਾਲਸਾ ਦੀਵਾਨ ਵੈਨਕੂਵਰ** ਦੀ ਸਹਾਇਤਾ ਨਾਲ ਜੇ. ਈ ਬਰਫ ਨਾ ਦਾ ਇੱਕ ਅੰਗਰੇਜ਼ ਵਕੀਲ ਕੀਤਾ ਗਿਆ ਪਰ ਉਸਨੂੰ ਨਾ ਤਾਂ ਗੁਰਦਿੱਤ ਸਿੰਘ ਨੂੰ ਮਿਲਣ ਦੀ ਆਗਿਆ ਦਿੱਤੀ ਗਈ ਅਤੇ ਨਾ ਹੀ ਕਾਮਾਗਾਟਾਮਾਰੂ ਤੇ ਆਉਣ ਦੀ ਇਜਾਜ਼ਤ। ਗੁਰਦਿੱਤ ਸਿੰਘ ਨੇ ਫਿਰ ਕਨੇਡਾ ਸਰਕਾਰ ਤੇ ਜਹਾਜ਼ ਨੂੰ ਬ੍ਰਾਜ਼ੀਲ ਲੈ ਕੇ ਜਾਣ ਦੀ ਆਗਿਆ ਮੰਗੀ ਪਰ ਸਰਕਾਰ ਨੇ ਸਾਫ ਨਾ ਕਰ ਦਿੱਤੀ। ਅਮਰੀਕਾ ਤੇ ਕਨੇਡਾ ਵਿੱਚ ਰਹਿਣ ਵਾਲੇ ਭਾਰਤੀ ਕਾਮਾਗਾਟਾਮਾਰੂ ਦੀ ਮਦਦ ਲਈ ਦਿਲਚਸਪੀ ਲੈ ਰਹੇ ਸਨ ਅਤੇ ਉਨ੍ਹਾਂ ਨੇ ਵੈਨਕੂਵਰ ਵਿੱਚ ਕਾਮਾਗਾਟਾਮਾਰੂ ਦੀ ਸਹਾਇਤਾ ਲਈ ਇਕ **ਕਾਮਾਗਾਟਾਮਾਰੂ ਸਹਾਇਤਾ ਕਮੇਟੀ** ਬਣਾਈ ਅਤੇ ਇੱਕ ਫੰਡ ਬਣਾਇਆ ਜਿਸ ਵਿੱਚ

60 ਹਜ਼ਾਰ ਡਾਲਰ ਇਕੱਠੇ ਹੋਏ। ਅਮਰੀਕਾ ਵਿੱਚ ਗਦਰ ਲਹਿਰ ਦੀ ਅਗਵਾਈ ਹੇਠ ਕਈ ਥਾਂਵਾਂ ਤੇ ਜਲਸੇ ਹੋਏ। **ਗਦਰ ਅਖਬਾਰ ਨੇ ਖਾਸ ਤੌਰ ਤੇ ਕਾਮਾਗਾਟਾਮਾਰੂ ਨੰਬਰ ਛਾਪਿਆ।**[18] ਕਾਮਾਗਾਟਾਮਾਰੂ ਤੇ ਇਤਨੀ ਸਖਤੀ ਕਾਰਨ ਗੁਰਦਿੱਤ ਸਿੰਘ ਲਈ ਜਹਾਜ਼ ਦੀ ਅਗਲੀ ਕਿਸ਼ਤ ਜਿਹੜੀ ਕਿ 22000 ਡਾਲਰ ਸੀ, ਭਰਨੀ ਔਖੀ ਹੋ ਗਈ ਸੀ।

ਕੋਈ ਸੁਣਵਾਈ ਨਹੀਂ ਹੋ ਰਹੀ ਸੀ। 21 ਜੂਨ ਤੱਕ ਮੁਸਾਫਰਾਂ ਦਾ ਰਾਸ਼ਨ ਖ਼ਤਮ ਹੋ ਚੁੱਕਾ ਸੀ ਅਤੇ ਪੀਣ ਲਈ ਪਾਣੀ ਵੀ ਨਹੀਂ ਸੀ। ਬੱਚੇ ਬਿਨਾਂ ਪਾਣੀ ਦੇ ਬੇਹੋਸ਼ ਹੋ ਰਹੇ ਸਨ। ਮੁਸਾਫਰਾਂ ਨੂੰ ਭੁੱਖੇ ਪਿਆਸੇ ਰਹਿੰਦੇ ਚਾਰ ਦਿਨ ਹੋ ਗਏ ਸਨ। ਪਰ ਕਨੇਡੀਅਨ ਇਮੀਗਰੇਸ਼ਨ ਵਿਭਾਗ ਨੇ ਕੁਝ ਵੀ ਦੇਣ ਤੋਂ ਇਨਕਾਰ ਕਰ ਦਿੱਤਾ ਅਤੇ ਨਾ ਹੀ ਗੁਰਦਿੱਤ ਸਿੰਘ ਨੂੰ ਭੋਜਨ ਦਾ ਪ੍ਰਬੰਧ ਕਰਨ ਲਈ ਹੇਠਾਂ ਉਤਰਣ ਦੀ ਪ੍ਰਵਾਨਗੀ ਦਿੱਤੀ। ਕਾਮਾਗਾਟਾਮਾਰੂ ਦੀਆਂ ਮੁਸੀਬਤਾਂ ਭਰੀਆਂ ਖਬਰਾਂ ਸੁਣ ਕੇ ਵੈਨਕੂਵਰ ਵਿੱਚ ਰਹਿੰਦੇ ਭਾਰਤੀਆਂ ਨੇ ਗੁਰਦਵਾਰੇ ਵਿੱਚ ਇੱਕ ਮੀਟਿੰਗ ਕੀਤੀ ਅਤੇ ਇਹ ਫੈਸਲਾ ਕੀਤਾ ਕਿ ਯਾਤਰੀਆਂ ਦੀ ਮਦਦ ਲਈ ਰਾਸ਼ਨ ਪਹੁੰਚਾਇਆ ਜਾਵੇ ਅਤੇ 150 ਬੋਰੀ ਰਾਸ਼ਨ ਇਕੱਠੀ ਕਾਤਾ। ਇਸ ਲਈ ਰਾਤ ਨੂੰ ਇੱਕ ਅਗਨਬੋਟ ਦੁਆਰਾ ਯੋਜਨਾਬੱਧ ਤਰੀਕੇ ਨਾਲ ਗੋਰਿਆਂ ਦੀ ਨਜ਼ਰ ਤੋਂ ਬਚਾ ਕੇ ਜਹਾਜ਼ ਵਿੱਚ ਰਾਸ਼ਨ ਅਤੇ ਪਾਣੀ ਪਹੁੰਚਾ ਦਿੱਤਾ ਗਿਆ।[19] ਭਾਵੇਂ ਇਸ ਲਈ ਪੁਲਿਸ ਨੇ ਕੁਝ ਵਿਅਕਤੀਆ ਨੂੰ ਗ੍ਰਿਫਤਾਰ ਕਰ ਲਿਆ। ਕਨੇਡਾ ਸਰਕਾਰ ਨੇ ਯਾਤਰੀਆਂ ਵਿੱਚ ਫੁੱਟ ਪਾਉਣ ਦੀ ਕੋਸ਼ਿਸ਼ ਕੀਤੀ ਅਤੇ ਆਖਿਰ 19 ਜੁਲਾਈ 1914 ਨੂੰ ਕਾਮਾਗਾਟਾਮਾਰੂ ਨੂੰ ਵਾਪਸ ਜਾਣ ਦਾ ਹੁਕਮ ਦੇ ਦਿੱਤਾ ਗਿਆ।

ਕਨੇਡਾ ਸਰਕਾਰ ਵੱਲੋਂ ਭਾਰਤੀ ਮੁਸਾਫਰਾਂ ਨਾਲ ਕੀਤੀਆਂ ਜਾ ਰਹੀਆਂ ਵਧੀਕੀਆਂ ਤੇ ਮੁਸਾਫਰਾਂ ਨੂੰ ਭੁੱਖੇ ਭਾਣੇ ਸਮੁੰਦਰ ਵਿੱਚ ਕੈਦ ਕਰਨ ਦੀਆਂ ਖ਼ਬਰਾਂ ਸਾਰੀ ਦੁਨੀਆਂ ਵਿੱਚ ਫੈਲ ਰਹੀਆਂ ਸਨ। ਗਦਰ ਅਖ਼ਬਾਰ ਇਸ ਦੀਆਂ ਖਬਰਾ ਪ੍ਰਮੁੱਖਤਾ ਨਾਲ ਛਾਪ ਰਿਹਾ ਸੀ। ਪੰਜਾਬ ਵਿੱਚ ਕਈ ਜਗ੍ਹਾ ਜਲਸੇ ਹੋ ਰਹੇ ਸਨ। ਪੂਰਾ ਡੇਢ ਮਹੀਨਾ ਹੋ ਚੁੱਕਾ ਸੀ। ਕਾਮਾਗਾਟਾਮਾਰੂ ਦੇ ਮੁਸਾਫਰ ਇਸ ਸਮੁੰਦਰੀ ਕੈਦ ਤੋਂ ਉਕਤਾ ਚੁੱਕੇ ਸਨ। ਜਹਾਜ਼ ਕਮੇਟੀ ਸਮਝ ਗਈ ਸੀ ਕਿ ਕਨੇਡਾ ਸਰਕਾਰ ਧਰਤੀ ਤੇ ਉਤਰਣ ਦੀ ਅਗਿਆ ਨਹੀਂ ਦੇਵੇਗੀ ਸੋ ਉਹ ਵਾਪਸ ਜਾਣ ਲਈ ਤਿਆਰ ਸਨ, ਜੇ ਸਰਕਾਰ ਵਾਪਸ ਜਾਣ ਦਾ ਰਾਸ਼ਨ ਦੇਣਾ ਮੰਨ ਜਾਵੇ।

ਪਰ ਅਚਾਨਕ 18 ਜੁਲਾਈ ਨੂੰ ਅੱਧੀ ਰਾਤ ਨੂੰ ਇਕ ਜੰਗੀ ਜਹਾਜ਼ ਕਾਮਾਗਾਟਾਮਾਰੂ ਵੱਲ ਵੱਧ ਰਿਹਾ ਸੀ। ਸਮੁੰਦਰੀ ਸੇਰ ਨਾਂ ਦੇ ਜੰਗੀ ਜਹਾਜ਼ ਵਿੱਚ 150 ਹਥਿਆਰਬੰਧ ਪੁਲਿਸ ਕਰਮਚਾਰੀ ਕਾਮਾਗਾਟਾਮਾਰੂ ਤੇ ਹਮਲਾ ਕਰਨ ਲਈ ਤਿਆਰ ਸਨ। ਮੁਸਾਫਰਾਂ ਨੇ ਜਵਾਬੀ ਤਿਆਰੀ ਕਰਨੀ ਸ਼ੁਰੂ ਕਰ ਦਿੱਤੀ। ਜੰਗੀ ਜਹਾਜ਼ ਤੋਂ ਕੋਲਿਆਂ ਦੀ ਬੁਛਾੜ ਸ਼ੁਰੂ ਕਰ ਦਿੱਤੀ। ਪੁਲਿਸ ਨੇ ਅੱਗੋਂ ਗੋਲੀਆਂ ਚਲਾਉਣੀਆਂ ਸ਼ੁਰੂ ਕਰ ਦਿੱਤੀਆਂ। ਆਖਿਰ ਜੰਗੀ ਜਹਾਜ਼ ਵਾਪਸ ਚਲਾ ਗਿਆ। ਉੱਧਰ ਕਨੇਡਾ ਸਰਕਾਰ ਨੇ ਮੰਨ ਲਿਆ ਕਿ ਮੁਸਾਫਰ ਬਾਗੀ ਹੋ ਗਏ ਹਨ ਤੇ ਫ਼ੌਜੀ

ਕਾਰਵਾਈ ਦੀਆਂ ਤਿਆਰੀਆਂ ਸ਼ੁਰੂ ਹੋ ਗਈਆਂ। ਫ਼ੌਜਾਂ ਜਹਾਜ਼ ਵੱਲ ਵਧਣੀਆ ਸ਼ੁਰੂ ਹੋ ਗਈਆਂ। ਸਰਕਾਰ ਦੀਆਂ ਤਿਆਰੀਆ ਮੁਕੰਮਲ ਹੋ ਗਈਆਂ ਅਤੇ[20] 21 ਜੁਲਾਈ ਨੂੰ ਰੇਨਬੋ ਨਾ ਦਾ ਇਕ ਜੰਗੀ ਜਹਾਜ਼ ਵੈਨਕੂਵਰ ਦੀ ਖਾੜੀ ਵਿੱਚ ਆ ਕੇ ਖੜਾ ਹੋ ਗਿਆ। ਜਿਸ ਵਿੱਚ ਤੋਪਖਾਨਾ ਲੱਗਿਆ ਹੋਇਆ ਸੀ ਅਤੇ ਜਿਸ ਦਾ ਮੂੰਹ ਕਾਮਾਗਾਟਾਮਾਰੂ ਵੱਲ ਸੀ। ਕਾਮਾਗਾਟਾਮਾਰੂ ਨੂੰ 2 ਘੰਟਿਆਂ ਵਿੱਚ ਬੰਦਰਗਾਹ ਛੱਡਣ ਲਈ ਕਿਹਾ ਗਿਆ। ਪਰ ਯਾਤਰੀ ਭੁੱਖੇ ਪਿਆਸੇ ਤੁਰਨ ਲਈ ਤਿਆਰ ਨਹੀਂ ਸਨ। ਮੁਸਾਫਰਾਂ ਨੇ ਫੈਸਲਾਂ ਕੀਤਾ ਕਿ ਰਸਤੇ ਵਿੱਚ ਭੁੱਖਾ ਪਿਆਸਾ ਮਰਨ ਨਾਲੋਂ ਇੱਥੇ ਹੀ ਮਰਨਾ ਚੰਗਾ ਹੋਵੇਗਾ। ਮੁਸਾਫਰਾਂ ਵੱਲੋਂ ਪੂਰੀ ਤਿਆਰ ਕਰ ਲਈ ਗਈ। ਕਾਮਾਗਾਟਾਮਾਰੂ ਦੇ ਯਾਤਰੀਆ ਵੱਲੋਂ ਕੋਰਾ ਜਵਾਬ ਮਿਲਨ ਤੇ ਗੋਰੇ ਅਫਸਰਾ ਨੇ ਜਹਾਜ਼ ਨੂੰ ਘੇਰਾ ਪਾਉਣ ਦੀ ਕੋਸ਼ਿਸ਼ ਕੀਤੀ। ਗੋਰੇ ਅਫ਼ਸਰਾਂ ਨੇ ਮੁਸਾਂਫਰਾਂ ਤੇ ਪੰਪਾਂ ਰਾਹੀਂ ਸੜਦਾ ਬਲਦਾ ਪਾਣੀ ਸੁੱਟਿਆ। ਤੋਪਾਂ, ਮਸ਼ੀਨਗੰਨਾ ਅਤੇ ਬੰਦੂਕਾਂ ਵਿਖਾ ਕੇ ਮੁਸਾਫਰਾ ਨੂੰ ਡਰਾਉਣ ਦੀ ਕੋਸ਼ਿਸ਼ ਕੀਤੀ ਗਈ। ਉਧਰੋ ਵੈਨਕੂਵਰ ਦੀ ਸੀ. ਆਈ. ਡੀ. ਨੂੰ ਭਾਰਤੀਆਂ ਵੱਲੋਂ ਸ਼ਹਿਰ ਸਾੜ ਦੇਣ ਦੀ ਸ਼ਾਜਿਸ਼ ਦਾ ਪਤਾ ਲੱਗਿਆ ਤਾਂ ਸਰਕਾਰ ਡਰ ਗਈ ਅਤੇ ਉਸਨੇ ਰੇਨਬੋ ਨੂੰ ਵਾਪਸ ਬੁਲਾ ਗਿਆ। ਆਖਿਰ ਕਨੇਡਾ ਸਰਕਾਰ ਰਾਸ਼ਨ ਅਤੇ ਪਾਣੀ ਦੇਣ ਲਈ ਤਿਆਰ ਹੋ ਗਈ। ਕਾਮਾਗਾਟਾਮਾਰੂ ਵਿੱਚ ਸਾਰਾ ਜ਼ਰੂਰੀ ਸਮਾਨ ਪਹੁੰਚ ਗਿਆ ਅਤੇ ਜਹਾਜ਼ ਨੇ 23 ਜੁਲਾਈ 1914 ਨੂੰ ਬਾਰੀ ਜੱਦੋਂ ਜਹਿਦ ਤੋਂ ਬਾਦ ਵੈਨਕੂਵਰ ਨੂੰ ਛੱਡ ਦਿੱਤਾ।

ਸਾਂਨਫਰਾਂਸਿਸਕੋ ਵਿੱਚ ਜਦੋਂ ਗਦਰ ਪਾਰਟੀ ਦੇ ਆਗੂਆਂ ਨੂੰ ਪਤਾ ਲੱਗਿਆ ਕਿ ਕਾਮਾਗਾਟਾਮਾਰੂ ਵਾਪਸ ਜਾ ਰਿਹਾ ਹੈ ਤਾਂ ਪਾਰਟੀ ਦੀ ਗੁਪਤ ਮੀਟਿੰਗ ਹੋਈ ਅਤੇ ਪਾਰਟੀ ਪ੍ਰਧਾਨ ਸੋਹਣ ਸਿੰਘ ਭਕਨਾ ਨੂੰ ਯੋਕੋਹਾਮਾ ਪੁੱਜਣ ਤੇ ਮੁਸਾਫਰਾਂ ਨੂੰ ਮਿਲਣ ਲਈ ਕਿਹਾ ਗਿਆ। ਕਾਮਾਗਾਟਾਮਾਰੂ 25 ਦਿਨਾਂ ਬਾਦ 16 ਅਗਸਤ 1914 ਨੂੰ ਯੋਕੋਹਾਮਾ ਪਹੁੰਚ ਗਿਆ। ਬਾਬਾ ਸੋਹਣ ਸਿੰਘ ਭਕਨਾ ਨੇ ਗਦਰ ਸਾਹਿਤ ਅਤੇ 200 ਆਟੋਮੈਟਿਕ ਪਿਸਤੋਲਾਂ ਯਾਤਰੀਆਂ ਨੂੰ ਵੰਡੀਆਂ ਅਤੇ ਉਨ੍ਹਾਂ ਨਾਲ ਗੱਲਬਾਤ ਕੀਤੀ। ਅੱਗੇ ਜਹਾਜ਼ 21 ਅਗਸਤ ਨੂੰ ਕੋਬੇ ਪਹੁੰਚ ਗਿਆ। ਕੁਝ ਯਾਤਰੀ ਕੋਬੇ ਉੱਤਰ ਗਏ। 3 ਸਤੰਬਰ 1914 ਨੂੰ ਕੋਬੇ ਤੋਂ ਚੱਲ ਕੇ ਜਹਾਜ਼ 16 ਸਤੰਬਰ ਨੂੰ ਸਿੰਘਾਪੁਰ ਪਹੁੰਚ ਗਿਆ। ਸਿੰਘਾਪੁਰ ਵਿੱਚ ਕਿਸੇ ਮੁਸਾਫਰ ਨੂੰ ਉਤਰਣ ਦੀ ਆਗਿਆ ਨਹੀਂ ਮਿਲੀ। ਭਾਵੇਂ ਗੁਰਦਿੱਤ ਸਿੰਘ ਸਿੰਘਾਪੁਰ ਵਿੱਚ ਹੀ ਰਹਿੰਦੇ ਸਨ ਪਰ ਨਾ ਉਨ੍ਹਾਂ ਨੂੰ ਜਹਾਜ਼ ਤੋਂ ਉਤਰਣ ਦੀ ਆਗਿਆ ਮਿਲੀ ਅਤੇ ਨਾ ਹੀ ਰਾਸ਼ਨ ਲੈਣ ਲਈ ਕਿਸੇ ਯਾਤਰੀ ਨੂੰ ਉਤਰਣ ਦੀ ਆਗਿਆ ਮਿਲੀ।

ਦੂਜਾ ਸੰਸਾਰ ਯੁੱਧ ਸ਼ੁਰੂ ਹੋਣ ਨਾਲ ਗਦਰ ਪਾਰਟੀ ਦੀਆਂ ਸਰਗਰਮੀਆਂ ਵੱਧ ਚੁੱਕੀਆਂ ਸਨ। ਭਾਰਤ ਸਰਕਾਰ ਦੂਜੇ ਦੇਸ਼ਾਂ ਤੋਂ ਆਉਣ ਵਾਲੇ ਲੋਕਾਂ ਨੂੰ ਸ਼ੱਕ ਦੀ ਨਜ਼ਰ ਨਾਲ ਵੇਖਣ ਲੱਗੀ। ਭਾਰਤ ਸਰਕਾਰ ਨੇ ਸਿੰਘਾਪੁਰ ਅਥਾਰਟੀ ਨੂੰ ਹਦਾਇਤ ਕੀਤੀ ਕਿ ਕਾਮਾਗਾਟਾਮਾਰੂ ਨੂੰ ਮਦਰਾਸ ਬੰਦਰਗਾਹ ਉੱਪਰ ਭੇਜਿਆ ਜਾਵੇ। ਪਰ ਯਾਤਰੀਆਂ ਦੇ ਕਲਕੱਤੇ ਜਾਣ ਦੀ ਜਿੱਦ ਤੇ ਅੜਣ ਤੇ ਆਖਿਰ ਤਿੰਨ ਦਿਨ ਜਹਾਜ਼

ਸਿੰਘਾਪੁਰ ਅਟਕਣ ਤੋਂ ਬਾਅਦ 19 ਸਤੰਬਰ ਨੂੰ ਕਲਕੱਤੇ ਵੱਲ ਤੁਰ ਪਿਆ। ਗੁਰਦਿੱਤ ਸਿੰਘ ਨੇ ਭਾਰਤ ਪੁੱਜਣ ਤੋਂ ਪਹਿਲਾਂ ਗਦਰੀ ਸਾਹਿਤ ਤੇ ਹਥਿਆਰਾਂ ਦੀਆਂ ਪੇਟੀਆਂ (ਜਿਨ੍ਹਾਂ ਨੂੰ ਜੰਗ ਲੱਗ ਚੁੱਕਾ ਸੀ) ਨੂੰ ਸਮੁੰਦਰ ਵਿੱਚ ਸੁੱਟ ਦਿੱਤਾ।[21]

26 ਸਤੰਬਰ ਨੂੰ ਜਹਾਜ਼ ਹੁਗਲੀ ਵਿੱਚ ਪ੍ਰਵੇਸ਼ ਕੀਤਾ। ਜਹਾਜ਼ ਰਾਤ ਕਾਲਪੀ ਹੀ ਰੁਕਿਆ ਜਿੱਥੇ ਅਗਲੇ ਦਿਨ ਸਾਰੇ ਯਾਤਰੀਆਂ ਦੀ ਤਲਾਸੀ ਹੋਈ ਪਰ ਕੁਝ ਵੀ ਪ੍ਰਾਪਤ ਨਾ ਹੋਇਆ।[22] 29 ਸਤੰਬਰ ਨੂੰ ਜਹਾਜ਼ ਬਜ ਬਜ ਘਾਟ ਪਹੁੰਚ ਗਿਆ। ਇਹ ਜਗ੍ਹਾ ਕਲਕੱਤੇ ਤੋਂ 27 ਕਿਲੋਮੀਟਰ ਦੂਰ ਸੀ। ਉੱਥੇ ਦੇ ਡਿਪਟੀ ਕਮਿਸ਼ਨਰ ਨੇ ਗੁਰਦਿੱਤ ਸਿੰਘ ਨੂੰ ਕਿਹਾ ਕਿ ਸਾਰੇ ਮੁਸਾਫਰ ਬਜ ਬਜ ਰੇਵਲੇ ਸਟੇਸ਼ਨ ਤੇ ਪੰਜਾਬ ਜਾਣ ਵਾਲੀ ਰੇਲ ਗੱਡੀ ਵਿੱਚ ਚਲੇ ਜਾਓ। ਪਰ ਗੁਰਦਿੱਤ ਸਿੰਘ ਜਾਣਦੇ ਸਨ ਕਿ ਪੰਜਾਬ ਜਾਣ ਵਾਲੀਆਂ ਗੱਡੀਆਂ ਹਾਵੜਾ ਤੋਂ ਚਲਦੀਆਂ ਸਨ ਨਾ ਕਿ ਬਜ ਬਜ ਤੋਂ। ਉਨ੍ਹਾਂ ਨੂੰ ਸਰਕਾਰ ਦੀ ਨੀਯਤ ਤੇ ਸ਼ੱਕ ਪੈਂਦਾ ਹੋ ਗਿਆ ਕਿ ਸਰਕਾਰ ਸਾਨੂੰ ਅਸਾਮ ਵਾਲੇ ਪਾਸੇ ਲਿਜ਼ਾ ਦੇ ਨਜ਼ਰਬੰਦ ਕਰਨਾ ਚਾਹੁੰਦੀ ਹੈ।

ਪੁਲਿਸ ਅਫਸਰ ਨੇ ਆ ਕੇ ਯਾਤਰੀਆ ਨੂੰ ਅਲਟੀਮੇਟਮ ਦਿੱਤਾ ਕਿ ਉਤਰ ਜਾਣ ਨਹੀਂ ਤਾਂ ਮਾਰੇ ਜਾਓਗੇ। ਪਹਿਲਾਂ ਮੁਸਾਫਰਾ ਨੇ ਉਤਰਣ ਤੋਂ ਇਨਕਾਰ ਕਰ ਦਿੱਤਾ ਜਦ ਤੱਕ ਉਹ ਮੁਸਾਰਫਾਂ ਨੂੰ ਪੰਜਾਬ ਲੈ ਕੇ ਜਾਣ ਦਾ ਠੀਕ ਤਰ੍ਹਾਂ ਪ੍ਰਬੰਧ ਨਹੀਂ ਕਰਦੇ ਉਹ ਨਹੀਂ ਉਤਰਣਗੇ, ਦੂਜਾ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਪੂਰੇ ਅਦਬ ਨਾਲ ਹਾਵੜਾ ਦੇ ਗੁਰਦੁਆਰੇ ਵਿੱਚ ਪਹੁੰਚਾਣਾ ਚਾਹੁੰਦੇ ਸਨ। ਤੀਜ਼ਾ ਕਾਮਾਗਾਟਾਮਾਰੂ ਜਹਾਜ਼ ਜਪਾਨੀ ਕੰਪਨੀ ਤੋਂ 6 ਮਹੀਨਿਆ ਲਈ ਕਿਰਾਏ ਤੇ ਲਿਆ ਗਿਆ ਸੀ, ਜਿਸ ਦੀ ਮਿਆਦ ਮੁੱਕਣ ਵਾਲੀ ਸੀ, ਇਸ ਨੂੰ ਖਰੀਦਣ ਬਾਰੇ ਵੀ ਕੰਪਨੀ ਨਾਲ ਗੱਲਬਾਤ ਚੱਲ ਰਹੀ। ਚੋਥਾ ਜਹਾਜ਼ ਵਿੱਚ ਮੁਸਾਫਰਾਂ ਦਾ ਬਹੁਤ ਸਾਰਾ ਸਮਾਨ ਪਿਆ ਹੋਇਆ ਸੀ ਜੋ ਕਿਸੇ ਵਕੀਲ ਦੇ ਸਪੁਰਦ ਕਰਨਾ ਚਾਹੁੰਦੇ ਸਨ। ਪੰਜਵਾਂ ਜਿਆਦਾਤਰ ਮੁਸਾਫਰ ਪੰਜਾਬੀ ਸਨ, ਜਿਹੜੇ ਕਿ ਆਪਣਾ ਘਰ ਬਾਰ ਵੇਚ ਕੇ ਬਾਹਰ ਨਿਕਲੇ ਸਨ। ਹੁਣ ਖਾਲੀ ਹੱਥ ਘਰ ਨਹੀਂ ਜਾਣਾ ਚਾਹੁੰਦੇ ਸਨ। ਛੇਵਾਂ ਇਹ ਮੁਸਾਫਰ ਛੇ ਮਹੀਨਿਆਂ ਤੋਂ ਇਕੱਠੇ ਰਹਿ ਰਹੇ ਸਨ। ਇਨ੍ਹਾਂ ਨੇ ਆਪਣਾ ਕਈ ਪ੍ਰਕਾਰ ਦਾ ਲੈਣ ਦੇਣ ਕਰਨਾ ਸੀ ਜੋ ਕਲਕੱਤੇ ਜਾ ਕੇ ਹੀ ਹੋ ਸਕਦਾ ਸੀ। ਸੱਤਵਾਂ ਜਹਾਜ਼ ਵਿੱਚ ਲੱਦਿਆ ਮਾਲ ਟਿਕਾਣੇ ਲਗਾਉਣਾ ਸੀ। ਅੱਠਵਾਂ ਉਨ੍ਹਾਂ ਨੇ ਮੁਸਾਫਰਾਂ ਕੋਲੋਂ 25000 ਡਾਲਰ ਵਸੂਲ ਕਰਨੇ ਸਨ, ਜਿਹੜੇ ਉਹ ਆਸ ਕਰਦੇ ਸਨ ਕਿ ਕਲਕੱਤੇ ਵਿੱਚ ਰਿਸ਼ਤੇਦਾਰਾਂ ਪਾਸੋਂ ਲੈ ਕੇ ਉਤਾਰ ਦੇਣਗੇ।

ਪੁਲਿਸ ਨੇ 45 ਯਾਤਰੀ ਜ਼ਬਰਦਸਤੀ ਰੇਲਗੱਡੀ ਵਿੱਚ ਬਿਠਾ ਦਿੱਤੇ ਪਰ ਬਾਕੀ 250 ਮੁਸਾਫਰਾਂ ਨੇ ਅਰਦਾਸ ਕੀਤੀ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਚੁੱਕੇ ਕੇ ਇਕ ਜਲੂਸ ਦੀ ਸ਼ਕਲ ਵਿੱਚ ਪੈਦਲ ਹੀ ਕਲਕੱਤੇ ਵੱਲ ਚੱਲ ਗਏ। ਪੁਲਿਸ ਕਮਿਸ਼ਨਰ ਫਰੈਡਰਿਕ ਹੇਲੀਡੇ ਨੇ ਕੱਲਕੱਤੇ ਹੈਡਕੁਆਟਰ ਤੇ ਹੋਰ ਪੁਲਿਸ ਮੰਗਵਾ ਲਈ। ਪੁਲਿਸ ਅਤੇ ਇਕ ਫ਼ੌਜ਼ੀ ਟੁਕੜੀ ਉਨ੍ਹਾਂ ਨੂੰ ਅੱਗੇ ਵੱਧਣ ਤੇ ਰੋਕ ਦਿੱਤਾ। ਰੌਲਾ ਪੈ ਗਿਆ। ਪੁਲਿਸ ਨੇ ਗੋਲੀ ਚਲਾਈ ਜਿਸ ਨਾਲ 18 ਆਦਮੀ ਮਾਰੇ ਗਏ ਅਤੇ 25 ਜ਼ਖਮੀ ਹੋ ਗਏ।

**ਗੁਰਦਿੱਤ ਸਿੰਘ ਅਤੇ 28 ਹੋਰ ਸਾਥੀ ਬਚ ਕੇ ਨਿਕਲ ਗਏ।** ਬਾਕੀਆਂ ਨੂੰ ਘੇਰ ਲਿਆ ਗਿਆ ਅਤੇ ਪੰਜਾਬ ਭੇਜ ਦਿੱਤਾ ਗਿਆ। ਇਨ੍ਹਾਂ ਨੂੰ ਇਨਗਰੇਸ ਆਰਡੀਨੈਸ ਅਧੀਨ ਕਾਲ ਕੋਠੜੀਆਂ ਵਿੱਚ ਸੁੱਟ ਦਿੱਤਾ।[23]

ਬਜ ਬਜ ਦੀ ਘਟਨਾ ਨੇ ਪੰਜਾਬੀਆਂ ਦੇ ਦਿਲਾਂ ਵਿੱਚ ਅੰਗਰੇਜ਼ਾਂ ਬਾਰੇ ਨਫਰਤ ਪੈਦਾ ਕਰ ਦਿੱਤੀ। ਗਦਰੀਆਂ ਨੇ ਜਿਹੜੇ ਭਾਰਤੀ ਕਨੇਡਾ ਅਤੇ ਅਮਰੀਕਾ ਵਿੱਚ ਰਹਿੰਦੇ ਸਨ ਨੂੰ ਅਹਿਸਾਸ ਕਰਵਾਇਆ ਕਿ ਹੁਣ ਸਮਾਂ ਆ ਗਿਆ ਹੈ ਕਿ ਭਾਰਤ ਨੂੰ ਵਿਦੇਸ਼ੀ ਤਾਕਤਾਂ ਨੂੰ ਅਜਾਦ ਕਰਵਾਇਆ ਜਾਵੇ।

ਗਦਰ ਅੰਦੋਲਨ ਅਤੇ ਕਾਮਾਗਾਟਾਮਾਰੂ ਦੀਆਂ ਘਟਨਾਂਵਾਂ ਨਾਲ ਨਾਲ ਹੋਈਆਂ ਅਤੇ ਇੱਕ ਦੂਜੇ ਨੂੰ ਪ੍ਰਭਾਵਿਤ ਕਰਦੀਆਂ ਰਹੀਆਂ। ਦੋਵਾਂ ਦਾ ਸਬੰਧ ਜਿਆਦਾ ਪੰਜਾਬ ਨਾਲ ਸੀ। ਜਦੋਂ ਕਾਮਾਗਾਟਾਮਾਰੂ ਦੇ ਮੁਸਾਫਰਾਂ ਤੇ ਜ਼ੁਲਮ ਅੱਤਿਆਚਾਰਾਂ ਦੀਆਂ ਖਬਰਾਂ ਬਾਹਰ ਆਉਂਦੀਆਂ ਤਾਂ ਤੁਰੰਤ ਗਦਰ ਅੰਦੋਲਨ ਨੂੰ ਜੋਸ਼ ਮਿਲਦਾ ਸੀ ਅਤੇ ਗਦਰੀ ਆਪਣਾ ਮਿਸ਼ਨ ਪੂਰਾ ਕਰਨ ਵਿੱਚ ਲੱਗ ਜਾਂਦੇ। ਬਜ ਬਜ ਦੀਆਂ ਘਟਨਾਂਵਾਂ ਨੇ ਤਾਂ ਗਦਰੀਆਂ ਨੂੰ ਭਾਰਤ ਵਿੱਚ ਆ ਕੇ ਆਪਣਾ ਦੇਸ਼ ਵਿਦੇਸ਼ੀਆਂ ਤੋਂ ਸੁਤੰਤਰ ਕਰਵਾਉਣ ਦੀ ਪ੍ਰੇਰਨਾ ਮਿਲੀ ਅਤੇ ਉਨ੍ਹਾਂ ਨੇ ਇਸ ਲਈ ਆਪਣੀਆਂ ਗਤੀਵਿਧੀਆ ਸ਼ੁਰੂ ਕਰ ਦਿੱਤੀਆਂ ਅਤੇ ਅੰਜਾਮ ਤੱਕ ਪਹੁੰਚਾਉਣ ਦੀ ਕੋਸ਼ਿਸ਼ ਕੀਤੀ।

## Notes and References :


1. Inderjit Sharma, "Punjab Famines and the British Policy in the 19th Century", History Conference Proceeding, Punjabi University, Patila, 1979, pp. 184, 185-189.
2. G.S. Charbra, Advances History of the Punjab, Vol. II, 1972, Jullundhar, p. 483.
3. Waiz, S. A. Indian Abroad, Citizents Accocats, Bombay, 1917, p. 684.
4. Gurcharan Singh Sahansra, Ghadar Party Da Itihas, Jullundhar, 1961, pp. 21-23
5. S.P. Sinha, "Indian Immirgration in the colonies" Indian Review, Vol. XX, January-June, 1920, p. 55.
6. T.R. Sareen, Indian Revolutionary Movement Abroad, Sterling Publishers, Delhi, 1979, p. 61.
7. Gurcharan Singh Sahansra, op. cit., p. 43.
8. Sucheng Chan, "Overseas Sikhs in the context of International Mogrations," Sikh Studies, Cooperative Perspective on a Changingtration (ed Mark Juergensmeyer and

Gerald Barrier) Graduate Theological Union, Berkelay, 1979, p. 205.

9. According to Sohan Singh Bhakhna, nearly seven attacks were made on the Indians who were beaten severely by the white worker, For detailed information on this see Gurcharan Singh Sahansra, op. cit., p. 81-83.
10. G. S. Deol, The Role of the Ghadar Party in the National Movement, Sterling Publishers, Delhi, 1969, p. 5-11.
11. Order in Council March, 2, 1908, quoted Khushwant Singh, A History of the Sikhs, Vol, II, London, 1966, p. 170.
12. Governor General in Council of Canada Order dated 3 June, 1908.
13. "Khushwant Singh & Satinder Singh," Ghadar, New Delhi, 1986, p. 14.
14. Isemonger, F. C. and Slattery, An Accounts of the Ghadar Conpiracy Lahore, 1919, p. 36.
15. Ibid, p. 37.
16. Gurcharan Singh Sahansra, op. cit., p. 129.
17. Gurdit Singh, "Voyage of Komagatamary," Calcutta, n.d.p.56.
18. Gurcharan Singh Sahansra, op. cit., p. 43.
19. Gurdit Singh, op. cit, p. 58.
20. For detailed study of the struggle, see Home political, November, 1914, Proceedings, No. 97-177
21. Report of Komagatamaru Committee, p. 14.
22. Gurdit Singh, op. cit, Part-II, pp. 31-34.
23. The Report of the Enquiry Commission, Government of India, Home Department.

## ਅਧਿਆਇ—7
# ਜਲਿਆਂਵਾਲੇ ਬਾਗ ਦਾ ਸਾਕਾ

ਪੰਜਾਬ ਵਾਸੀਆਂ ਦੇ ਦੇਸ਼ ਦੀ ਅੰਜ਼ਾਦੀ ਲਈ ਦਿੱਤੀਆਂ ਕੁਰਬਾਨੀਆਂ ਦੀ ਇੱਕ ਕੜੀ ਹੀ ਜਲ੍ਹਿਆਂ ਵਾਲੇ ਬਾਗ ਦਾ ਸਾਕਾ ਹੈ। ਇਹ ਘਟਨਾ ਅੰਗਰੇਜ਼ੀ ਹਕੂਮਤ ਦੀਆਂ ਗ਼ਲਤ ਨੀਤੀਆਂ ਅਤੇ ਹਿੰਦੋਸਤਾਨੀਆਂ ਵਿਚਕਾਰ ਟੱਕਰ ਦਾ ਨਤੀਜ਼ਾ ਸੀ। ਇਸ ਸਾਕੇ ਨੂੰ ਸਮਝਣ ਲਈ ਕਤਲੇਆਮ ਹੋਣ ਤੋਂ ਪਹਿਲਾਂ ਦੀਆਂ ਘਟਨਾਂਵਾਂ ਨੂੰ ਸਮਝਣਾ ਬੜਾ ਜ਼ਰੂਰੀ ਹੈ।[1]

ਕ੍ਰਾਂਤੀਕਾਰੀ ਗਦਰ ਲਹਿਰ ਦਾ ਮੁੱਖ ਉਦੇਸ਼ ਭਾਰਤ ਦੀ ਅਜ਼ਾਦੀ ਹਾਸਲ ਕਰਨਾ ਸੀ। ਪਰ ਉਸ ਦਾ ਮੁੱਖ ਖੇਤਰ ਪੰਜਾਬ ਸੀ। 1914 ਵਿੱਚ ਕਾਮਾਗਾਟਾਮਾਰੂ ਦੀ ਘਟਨਾ ਵਿੱਚ ਬਜ਼ਬਜ਼ ਨਾਮ ਸਥਾਨ ਤੋਂ 18 ਵਿਅਕਤੀਆਂ ਨੂੰ ਗੋਲੀ ਨਾਲ ਮਾਰ ਦਿੱਤਾ ਗਿਆ ਅਤੇ 25 ਜ਼ਖਮੀ ਹੋ ਗਏ। ਗਦਰੀਆਂ ਨੇ ਪੰਜਾਬ ਦੇ ਪਵਿੱਤਰ ਅਸਥਾਨਾਂ ਜਿਵੇਂ ਕਿ ਅੰਮ੍ਰਿਤਸਰ, ਤਰਨਤਾਰਨ ਅਤੇ ਨਨਕਾਣਾ ਸਾਹਿਬ ਜਾ ਕੇ ਲੋਕਾਂ ਨੂੰ ਹਕੂਮਤ ਤੋਂ ਬਾਗੀ ਹੋਣ ਲਈ ਉਕਸਾਇਆ। ਗਦਰੀਆਂ ਨੇ ਇਨਕਲਾਬੀ ਸਰਗਰਮੀਆਂ ਕੀਤੀਆਂ। ਖੁਦ ਸਰ ਮਾਈਕਲ ਅਡਵਾਇਰ ਜ਼ਿਕਰ ਕਰਦਾ ਹੈ :

**"1915 ਤੱਕ ਗਦਰੀਆਂ ਨੇ ਕੋਈ ਪੰਨਤਾਲੀ ਵਾਰਦਾਤਾਂ ਕੀਤੀਆਂ। ਇਨ੍ਹਾਂ ਵਿੱਚ ਰੇਲ ਗੱਡੀਆਂ, ਰੇਲਵੇ ਸਟੇਸ਼ਨਾਂ, ਸਰਕਾਰੀ ਖਜ਼ਾਨਿਆਂ ਅਤੇ ਪੁਲਿਸ ਕਰਮਚਾਰੀਆਂ ਉੱਪਰ ਹਮਲੇ ਸ਼ਾਮਲ ਹਨ।"**[2]

ਗਦਰੀਆਂ ਵਿਰੁੱਧ ਸਰਕਾਰ ਨੇ ਸਖਤੀ ਤੋਂ ਕੰਮ ਲਿਆ। 64 ਗਦਰੀਆਂ ਨੂੰ ਫਾਂਸੀ ਦੇ ਦਿੱਤੀ ਗਈ। 194 ਨੂੰ ਉਮਰ ਕੈਦ/ਕਾਲੇ ਪਾਣੀ ਦੀ ਸਜ਼ਾ ਅਤੇ ਵੱਖ-ਵੱਖ ਸਜ਼ਾਵਾਂ ਹੋਈਆਂ ਅਤੇ ਬਹੁਤ ਸਾਰਿਆਂ ਨੂੰ ਕੁਝ ਸਾਲਾਂ ਦੀਆਂ ਸਜ਼ਾਵਾਂ ਹੋਈਆਂ।[3] ਭਾਵੇਂ 1915 ਤੋਂ ਬਾਅਦ ਗਦਰੀਆਂ ਦੀ ਸ਼ਕਤੀ ਨਾ ਮਾਤਰ ਹੀ ਸੀ, ਪਰ ਫਿਰ ਵੀ ਉਨ੍ਹਾਂ ਦੇ ਲੜਾਕੂ ਜੋਸ਼ ਨੇ ਲੋਕਾਂ ਦੇ ਮਨਾਂ ਵਿੱਚ ਇਹ ਗੱਲ ਜ਼ਰੂਰ ਬਿਠਾ ਦਿੱਤੀ ਸੀ ਕਿ ਸਰਕਾਰ ਦੇ ਦਬਦਬੇ ਤੇ ਹੁਕਮ ਨੂੰ ਵੰਗਾਰਿਆਂ ਜਾ ਸਕਦਾ ਹੈ। ਜਦੋਂ ਪਹਿਲਾਂ ਵਿਸ਼ਵ ਯੁੱਧ ਸ਼ੁਰੂ ਹੋਇਆ ਤਾਂ ਉਸ ਸਮੇਂ ਪੰਜਾਬ ਵਿੱਚ ਵੱਡੇ ਪੈਮਾਨੇ ਤੇ ਫ਼ੌਜ਼ ਦੀ ਭਰਤੀ ਕੀਤੀ ਗਈ, ਕਿਉਂਕਿ ਪੰਜਾਬੀ ਫ਼ੌਜੀਆਂ ਦੀ ਫਰੰਟ ਤੇ ਬੜੀ ਮੰਗ ਸੀ। ਇਸ ਲਈ ਪੰਜਾਬ ਵਿੱਚੋਂ ਹੋਰ ਸਾਰੇ ਸੂਬਿਆਂ ਤੋਂ ਵੱਧ ਹਿੰਦੂਸਤਾਨ ਸਰਕਾਰ ਦੇ ਅੰਕੜਿਆ ਅਨੁਸਾਰ 3,50,000/ਰੰਗਰੂਟ ਭਰਤੀ ਕੀਤੇ ਗਏ। ਪੰਜਾਬ ਵਿੱਚ ਜਬਰਨ ਭਰਤੀ ਵੀ ਕੀਤੀ ਗਈ। ਭਰਤੀ ਲਈ ਅੰਗਰੇਜ਼ਾਂ ਨੇ ਪੰਜਾਬੀਆਂ ਤੇ ਕਈ ਪ੍ਰਕਾਰ ਦੇ ਜ਼ੁਲਮ ਅਤੇ ਔਤਿਆਚਾਰ ਵੀ ਕੀਤੇ। ਹਿੰਦੁਸਤਾਨ ਸਰਕਾਰ ਦੇ ਭਰਤੀ ਅੰਕੜਿਆਂ ਅਨੁਸਾਰ ਪੰਜਾਬ ਇਸ ਖੇਤਰ ਵਿੱਚ ਸਾਰੇ ਸੂਬਿਆਂ ਤੋਂ ਅੱਗੇ ਨਿਕਲ ਗਿਆ।[4] ਜਦੋਂ ਪਿੰਡ

ਵਾਲੇ ਫ਼ੌਜ਼ੀ ਭਰਤੀ ਕਰਨ ਵਾਲੇ ਤਹਿਸੀਲਦਾਰ ਨੂੰ ਵੇਖਦਿਆਂ ਸਾਰ ਹੀ ਸਾਰੇ ਪਿੰਡ ਦੇ ਲੋਕ ਪਿੰਡ ਖਾਲੀ ਕਰ ਜਾਂਦੇ ਸਨ।[5] ਫੌਜ਼ੀਆਂ ਦੀ ਭਰਤੀ ਬਾਰੇ **ਓ-ਡਵਾਇਰ** ਨੇ ਲਿਖਿਆ ਕਿ "ਭਾਰਤੀ ਦਾ ਵਰਤਮਾਨ ਤਰੀਕਾ ਕਿਸੇ ਪ੍ਰਕਾਰ ਦੀ ਜ਼ਬਰੀ ਭਰਤੀ ਨਾਲੋਂ ਬੇਚੈਨੀ ਤੇ ਮੁਖਾਲਫਤ ਪੈਦਾ ਕਰਦਾ ਹੈ।"[6]

ਜੰਗ ਤੋਂ ਬਾਅਦ ਜ਼ਰੂਰੀ ਵਸਤੂਆਂ ਦੀਆਂ ਕੀਮਤਾਂ ਬਹੁਤ ਵੱਧ ਗਈਆਂ। ਕਣਕ ਦਾ ਮੁੱਲ 1914 ਦੇ ਮੁਕਾਬਲੇ 1919 ਵਿੱਚ ਸੰਤਾਲੀ ਫੀਸਦੀ ਵੱਧ ਗਿਆ। 1918 ਵਿੱਚ ਦੇਸ਼ ਵਿੱਚ ਕਾਲ ਪੈ ਗਿਆ। ਕਲਕੱਤੇ, ਮਦਰਾਸ, ਮੈਸੂਰ, ਲਾਇਲਪੁਰ, ਕਰਨਾਲ ਅਤੇ ਪਠਾਨਕੋਟ ਵਿੱਖੇ ਅਨਾਜ਼ ਲੁੱਟਣ ਦੀਆਂ ਘਟਨਾਂਵਾਂ ਆਰੰਭ ਹੋ ਗਈਆਂ।[7] 1918 ਵਿੱਚ ਬਰਸਾਤ ਘੱਟ ਹੋਣ ਕਰਕੇ 1919 ਵਿੱਚ ਫਸਲ ਵੀ ਥੋੜੀ ਹੋਈ। 1919 ਵਿੱਚ ਪਲੰਗ ਦੀ ਬਿਮਾਰੀ ਫੈਲ ਗਈ। ਇਸ ਲਾਲ ਭਾਰੀ ਜ਼ਾਨੀ ਅਤੇ ਮਾਲੀ ਨੁਕਸਾਨ ਹੋਇਆ। ਇਸ ਤਰ੍ਹਾਂ ਲੋਕਾਂ ਵਿੱਚ ਗਰੀਬੀ, ਵਧੀਆਂ ਹੋਈਆਂ ਕੀਮਤਾਂ ਅਤੇ ਕੁਦਰਤੀ ਬਿਮਾਰੀਆਂ ਅਤੇ ਖੇਤੀਬਾੜੀ ਦੀ ਹਾਲਤ ਕਾਰਨ ਅੰਗਰੇਜ਼ੀ ਸਰਕਾਰ ਵਿੱਚ ਬੇਚੈਨੀ ਚਰਮ ਸੀਮਾ ਤੇ ਪਹੁੰਚ ਗਈ।

ਸ਼ਹਿਰੀ ਵਰਗ ਤੇ ਵੀ ਸਰਕਾਰ ਨੇ ਜੰਗ ਦੇ ਅੰਤਿਮ 3 ਸਾਲਾਂ ਦੌਰਾਨ ਇਨਕਮ ਟੈਕਸ ਕਾਫ਼ੀ ਵਧਾ ਦਿੱਤਾ ਸੀ। ਟੈਕਸ ਇਕੱਠਾ ਕਰਨ ਲਈ ਇਕ ਖਾਸ ਏਜੰਸੀ ਕਾਇਮ ਕੀਤੀ। ਬਾਰ-ਬਾਰ ਜਾ ਕੇ ਆਮਦਨੀਆਂ ਦਾ ਅੰਦਾਜ਼ਾ ਲਗਾ ਕੇ ਟੈਕਸ ਲਗਾਇਆ ਜਾਂਦਾ ਸੀ। ਦੂਜੇ ਪਾਸੇ ਸ਼ਹਿਰੀਆਂ ਕੋਲੋਂ ਜੰਗ ਲਈ ਕਰਜ਼ੇ ਵੀ ਜਬਰਦਸਤੀ ਲਏ ਗਏ।[8]

ਜਦੋਂ ਜੰਗ ਖ਼ਤਮ ਹੋਈ ਤਾਂ ਭਾਰਤੀਆਂ ਨੂੰ ਉਮੀਦ ਸੀ ਕਿ ਸੰਵਿਧਾਨਕ ਸੁਧਾਰਾਂ ਵਾਲੀ ਅਤੇ ਜ਼ੁੰਮੇਵਾਰ ਸਰਕਾਰ ਕਾਇਮ ਹੋਵੇਗੀ। ਪਰ ਬ੍ਰਿਟਿਸ਼ ਸਰਕਾਰ ਨੇ ਇਸ ਗੱਲ ਵੱਲ ਕੋਈ ਧਿਆਨ ਨਾ ਦਿੱਤਾ। ਹੁਣ ਲੋਕਾਂ ਦਾ ਅੰਗਰੇਜ਼ਾਂ ਤੋਂ ਵਿਸ਼ਵਾਸ ਉਠਣਾ ਸ਼ੁਰੂ ਹੋ ਗਿਆ। ਭਾਰਤੀ ਮੁਸਲਮਾਨ ਅੰਗਰੇਜ਼ਾਂ ਤੋਂ ਨਰਾਜ਼ ਸਨ, ਕਿਉਂਕਿ ਉਨ੍ਹਾਂ ਦਾ ਇਸਲਾਮ ਦੇ ਆਖਰੀ ਤਾਜ ਤੁਰਕੀ ਵੱਲ ਰਵੱਈਆ ਬੜਾ ਸਖਤ ਸੀ ਅਤੇ ਉਹ ਤੁਰਕੀ ਤੇ ਸਖਤ ਕਾਰਵਾਈ ਕਰਨ ਵਾਲੇ ਸਨ। ਇਸ ਤਰ੍ਹਾਂ 1919 ਵਿੱਚ ਹਾਲਾਤ ਬੜੀ ਤੇਜ਼ੀ ਨਾਲ ਟਕਰਾਵ ਵੱਲ ਜਾ ਰਹੇ ਸਨ। ਹਿੰਦੋਸਤਾਨ ਬਿਲਕੁਲ ਖਾਮੋਸ਼ ਸੀ, ਇੰਨ੍ਹਾਂ ਖਾਮੋਸ਼ ਜਿੰਨਾ ਕਿ ਬਾਰੂਦ ਹੁੰਦਾ ਹੈ।

1915 ਦਾ ਡਿਫੈਂਸ਼ ਆਫ ਇੰਡੀਆ ਐਕਟ ਲੜਾਈ ਵੇਲੇ ਦਾ ਕਾਨੂੰਨ ਸੀ। ਜਿਸ ਅਧੀਨ ਸਰਕਾਰਾਂ ਨੂੰ ਸਟੇਟ ਦੇ ਖਿਲਾਫ ਸਾਜ਼ਿਸਾਂ ਕਰਨ ਵਾਲੇ ਬਗੈਰ ਮੁਕੱਦਮਾ ਚਲਾਇਆ ਨਜ਼ਰਬੰਦ ਕੀਤਾ ਜਾ ਸਕਦਾ ਸੀ। ਪਰ ਜੰਗ ਤੋਂ ਕ੍ਰਾਂਤੀਕਾਰੀ ਗਤੀਵਿਧੀਆਂ ਨਾਲ ਨਿਪਟਨ ਲਈ 1917 ਵਿੱਚ 'ਸੈਡੀਸ਼ਨ ਕਮੇਟੀ' ਬਣਾਈ ਗਈ।[9] ਇਸ ਦਾ ਪ੍ਰਧਾਨ 'ਜਸ਼ਟਿਸ ਸਰ ਰੋਲਟ ਸੀ। ਇਸ ਕਮੇਟੀ ਨੇ ਦੋ ਬਿਲਾਂ ਦੀ ਸ਼ਿਫਾਰਿਸ਼ ਕੀਤੀ। ਇਕ ਬਿਲ ਹੀ ਪਾਸ ਹੋਇਆ। ਜਿਸ ਅਨੁਸਾਰ ਕਿਸੇ ਵੀ ਵਿਅਕਤੀ ਨੂੰ ਬਿਨ੍ਹਾਂ ਵਰੰਟਾਂ ਤੋਂ ਗ੍ਰਿਫਤਾਰ ਕੀਤਾ ਜਾ ਸਕਦਾ ਸੀ। ਮੁਕੱਦਮਾਂ ਚਲਾਇਆ ਜਾ ਸਕਦਾ ਸੀ। ਪਰ ਉਸ ਖਿਲਾਫ ਉਹ ਕੋਈ ਪੈਰਵੀ ਜਾਂ ਅਪੀਲ ਨਹੀਂ ਕਰ ਸਕਦਾ ਸੀ।

ਰੋਲਟ ਬਿਲਾਂ ਦੇ ਖਿਲਾਫ ਲੋਕਾਂ ਵਿੱਚ ਸਖਤ ਗੁੱਸੇ ਤੇ ਨਰਾਜ਼ਗੀ ਦੀ ਅੱਗ ਭੜਕ ਉਠੀ। ਭਾਰਤੀਆਂ ਨੂੰ ਉਮੀਦ ਸੀ ਕਿ ਜੰਗ ਵਿੱਚ ਸਾਥ ਦੇਣ ਦੇ ਬਦਲੇ ਅੰਗਰੇਜ਼ੀ ਸਰਕਾਰ ਵਾਲੋਂ ਕਾਫ਼ੀ ਵਿਧਾਨਿਕ ਰਿਆਇਤਾਂ ਮਿਲਣਗੀਆਂ। ਪਰ ਅਧਿਕਾਰ ਦੇਣ ਦੇ ਬਜ਼ਾਏ ਰੋਲਟ ਐਕਟ ਨੇ ਅਧਿਕਾਰ ਹੋਰ ਵੀ ਖੋਹ ਲਏ। ਇਹ ਇਸ ਗੱਲ ਦਾ ਸਬੂਤ ਹਨ ਕਿ ਸਰਕਾਰ ਨੇ ਹਿੰਦੋਸਤਾਨੀਆਂ ਨੂੰ ਉਨ੍ਹਾਂ ਦੇ ਹੱਕਾਂ ਤੋਂ ਵਾਂਝਿਆ ਰੱਖਣ ਦੀ ਪੱਕੀ ਧਾਰੀ ਹੋਈ ਹੈ। **ਸੁਰਿੰਦਰ ਨਾਥ ਬੈਨਰਜ਼ੀ ਨੇ ਕਿਹਾ ਕਿ ਇਹ ਲੋਕਾਂ ਦੀ ਅਜ਼ਾਦੀ ਨੂੰ ਇਕ ਬਹੁਤ ਬੜਾ ਖ਼ਤਰਾ ਹੈ।**

21 ਮਾਰਚ 1919 ਨੂੰ ਰੋਲਟ ਐਕਟ ਪਾਸ ਹੋ ਗਿਆ। ਇਸ ਦਾ ਸਾਰੇ ਹਿੰਦੁਸਤਾਨ ਵਿੱਚ ਵਿਰੋਧ ਹੋਣਾ ਸ਼ੁਰੂ ਹੋ ਗਿਆ। ਇਸ ਦਾ ਸਾਰੇ ਹਿੰਦੁਸਤਾਨ ਵਿੱਚ ਵਿਰੋਧ ਹੋਣਾ ਸ਼ੁਰੂ ਹੋ ਗਿਆ। ਮਹਾਤਮਾ ਗਾਂਧੀ ਜਿਹੜੇ ਕਿ ਪਹਿਲਾਂ ਅੰਗਰੇਜ਼ੀ ਦੇ ਸਮਰਥਕ ਸਨ, ਜਿਨ੍ਹਾਂ ਨੇ ਪਹਿਲੇ ਵਿਸ਼ਵ ਯੁੱਧ ਦੌਰਾਨ ਅੰਗਰੇਜ਼ਾਂ ਦੀ ਮਦਦ ਕੀਤੀ ਗਈ। ਪਰ ਰੋਲਟ ਐਕਟ ਕਾਰਨ ਉਨ੍ਹਾਂ ਦਾ ਵੀ ਅੰਗਰੇਜ਼ਾ ਤੋਂ ਵਿਸ਼ਵਾਸ ਉੱਠ ਗਿਆ। ਉਸ ਨੇ 1 ਮਾਰਚ 1919 ਨੂੰ ਇਸ ਐਕਟ ਦੇ ਖਿਲਾਫ ਐਜੀਟੇਸਨ ਸ਼ੁਰੂ ਕੀਤੀ ਤੇ ਕਿਹਾ ਕਿ ਰੋਲਟ ਬਿਲਾਂ ਦੇ ਖਿਲਾਫ ਸਾਡੀ ਲੜਾਈ ਹਿੰਦੁਸਤਾਨ ਦੇ ਇਤਿਹਾਸ ਵਿੱਚ ਮਹੱਤਵਪੂਰਨ ਸਿੱਧ ਹੋਵੇਗੀ। ਮਹਾਤਮਾ ਗਾਂਧੀ ਨੇ ਪੂਰੇ ਦੇਸ਼ ਵਿੱਚ 6 ਅਪ੍ਰੈਲ, 1919 ਨੂੰ ਹੜਤਾਲ ਕਰਨ ਦਾ ਸੱਦਾ ਦਿੱਤਾ। ਗਾਂਧੀ ਜੀ ਨੇ ਹਿੰਦੁਸਤਾਨ ਵਿੱਚ ਅਲਗ-ਅਲਗ ਪ੍ਰਾਂਤਾਂ ਵਿੱਚ ਇਸ ਬਾਰੇ ਸੰਪਰਕ ਬਣਾਇਆ ਹੋਇਆ ਸੀ। ਰੋਲਟ ਐਕਟ ਹਿੰਦੁਸਤਾਨ ਦੇ ਲੋਕਾਂ ਨੂੰ ਇਕੱਠੇ ਕਰਨ ਦਾ ਸ਼ਾਨਦਾਰ ਸੁਨਿਹਰੀ ਮੌਕਾ ਲੱਭ ਗਿਆ ਸੀ। ਇਨ੍ਹਾਂ ਬਿਲਾਂ ਬਾਰੇ ਚਰਚਾ ਆਮ ਸੀ ਅਤੇ ਕਈ ਪ੍ਰਕਾਰ ਦੀਆਂ ਝੂਠੀਆਂ ਅਫਵਾਹਾ ਫੈਲ ਗਈਆਂ ਸਨ ਕਿ ਇਸ ਐਕਟ ਅਧੀਨ ਪੁਲਿਸ ਦੀ ਨਿਗਰਾਨ ਬਗੈਰ ਲੋਕ ਮਰਨੇ ਧਰਨੇ ਅਤੇ ਵਿਆਹ ਸ਼ਾਦੀਆਂ ਆਦਿ ਨਹੀਂ ਕਰ ਸਕਿਆਂ ਕਰਨਗੇ। ਜਿੰਮੀਦਾਰ ਨੂੰ ਆਪਣੀ ਉਪਜ਼ ਦਾ 80 ਫੀਸਦੀ ਸਰਕਾਰ ਨੂੰ ਦੇਣਾ ਪਿਆ ਕਰੇਗਾ। ਪੁਲਿਸ ਜਿਸ ਨੂੰ ਚਾਹਵੇ ਫੜ ਕੇ ਅੰਦਰ ਕਰ ਦਿਆ ਕਰੇਗੀ।[10]

6 ਅਪ੍ਰੈਲ ਤੱਕ ਰੋਲਟ ਐਕਟ ਦੀ ਮਨਸੁਖੀ ਲਈ ਐਜਟੇਸ਼ਨ ਸਿਖਰ ਤੇ ਪਹੁੰਚ ਗਿਆ। 30 **ਮਾਰਚ ਤੋਂ 6 ਅਪ੍ਰੈਲ ਤੱਕ ਰੋਲਟ ਐਕਟ ਦੇ ਖਿਲਾਫ ਸਾਰੇ ਦੇਸ਼ ਵਿੱਚ ਜਿੰਨੀਆਂ ਹੜਤਾਲਾਂ ਹੋਈਆਂ, ਉਨ੍ਹਾਂ ਦਾ ਇਕ ਤਿਹਾਈ ਪੰਜਾਬ ਵਿੱਚ ਹੋਈਆਂ।**[11] ਪੰਜਾਬ ਵਿੱਚ ਬਾਕੀ ਦੇਸ਼ ਦੇ ਟਾਕਰੇ ਸਿਆਸੀ ਸਰਗਰਮੀਆਂ ਬਹੁਤ ਤੇਜ਼ ਅਤੇ ਵਿਆਪਕ ਸਨ। ਪੰਜਾਬ ਵਿੱਚ ਐਜੀਟੇਸ਼ਨ ਦੀ ਵਿਸ਼ਾਲਤਾ ਤੇ ਤੇਜ਼ੀ ਦਾ ਕਾਰਨ ਕੇਵਲ ਰੋਲਟ ਐਕਟ ਹੀ ਨਹੀਂ ਕਿਹਾ ਜਾ ਸਕਦਾ, ਕਿਉਂਕਿ ਇਸ ਕਾਨੂੰਨ ਦਾ ਸਬੰਧ ਹਿੰਦੁਸਤਾਨ ਨਾਲ ਸੀ। ਇਕੱਲਾ ਪੰਜਾਬ ਤਾਂ ਨਹੀਂ ਸੀ। ਇਸ ਤੋਂ ਇਲਾਵਾ ਪੰਜਾਬੀਆਂ 'ਚ ਸੱਤਿਆਗ੍ਰਹਿ ਵਿੱਚ ਕੋਈ ਖਾਸ ਦਿਲਚਸਪੀ ਨਹੀਂ ਸੀ। ਇੱਕ ਦਰਜ਼ਨ ਤੋਂ ਵੱਧ ਆਦਮੀਆਂ ਨੇ ਇੱਥੇ ਸੱਤਿਆਗ੍ਰਹਿ ਪ੍ਰਣ ਪੱਤਰ ਨਹੀਂ ਸਨ ਭਰੇ।

ਪੰਜਾਬ ਵਿੱਚ ਜੋ ਇਹ ਅੰਗਰੇਜ਼ੀ ਹਕੂਮਤ ਪ੍ਰਤੀ ਰੋਸ ਸੀ ਤਾਂ ਉਹ ਪੰਜਾਬ ਦੀ ਵਿਸ਼ੇਸ਼ ਸਿਆਸੀ ਸਮਾਜ਼ੀ ਅਤੇ ਆਰਥਿਕ ਹਾਲਤ ਦੇ ਪ੍ਰਸੰਗ ਵਿੱਚ ਹੀ ਸਮਝਿਆ ਜਾ ਸਕਦਾ ਸੀ। ਪੰਜਾਬ ਨੂੰ ਪਹਿਲੇ ਮਹਾਯੁੱਧ ਦੌਰਾਨ ਚੀਜ਼ਾਂ ਦੀ ਕਮੀ ਤੇ ਜਿਆਦਾ ਕੀਮਤਾਂ ਦਾ ਮਾਰ ਸਹਿਣੀ ਪਈ। ਪੰਜਾਬ ਦੀ ਜਵਾਨ ਜਨ ਸ਼ਕਤੀ ਦੇ ਹੁੰਝੇ ਜਾਣ ਦਾ ਦੁੱਖੜਾ ਵੀ ਸਹਾਰਨਾ ਪਿਆ। ਜ਼ਬਰੀ ਫ਼ੌਜ਼ੀ ਭਰਤੀ, ਜਬਰੀ ਜੰਗੀ ਕਰਜ਼ੇ ਬਾਕੀ ਦੇਸ਼ਾ ਨਾਲੋਂ ਪੰਜਾਬੀਆਂ ਨੂੰ ਜਿਆਦਾ ਸਹਿਣੇ ਪਏ। ਪੰਜਾਬ ਦੇ ਲੋਕਾਂ ਵਿੱਚ ਹਕੂਮਤ ਦੇ ਖਿਲਾਫ ਖਾਸ ਕਿਸਮ ਦਾ ਰੋਸ ਸੀ। ਪੰਜਾਬ ਸਰਹੱਦੀ ਸੂਬਾ ਹੋਣ ਕਰਕੇ ਇੱਥੋਂ ਦੀਆਂ ਅਖਬਾਰਾਂ ਨੇ ਵੀ ਲੋਕਾਂ ਦੇ ਜ਼ਜ਼ਬਾਤ ਭੜਕਾਉਣ ਵਿੱਚ ਅਹਿਮ ਰੋਲ ਅਦਾ ਕੀਤਾ। 11 ਮਾਰਚ 1919 ਨੂੰ ਟ੍ਰਿਬਿਊਨ ਨੇ ਲਿਖਿਆ :

**"ਸਾਡੇ ਸਾਹਮਣੇ ਦੋ ਹੀ ਰਸਤੇ ਹਨ, ਇਕ ਤਾਂ ਇਹ ਕਿ ਅਸੀਂ ਮੁਰਦਿਆਂ ਵਾਂਗ ਇਸ ਕਾਨੂੰਨ ਦੀ ਫਾਹੀ ਨੂੰ ਆਪਣੇ ਗਲੇ ਪਾ ਲਈਏ, ਦੂਜਾ ਇਹ ਕਿ ਅਸੀਂ ਇਸ ਕਾਨੂੰਨ ਨੂੰ ਪ੍ਰਵਾਨ ਨਾ ਕਰਕੇ ਆਪਦੀ ਅਣਖ ਅਤੇ ਜ਼ਿੰਦਗੀ ਦਾ ਸਬੂਤ ਪੇਸ਼ ਕਰੀਏ।[12]"**

1913 ਤੋਂ 1919 ਤੱਕ ਸਰ ਮਾਈਕਲ ਅਡਵਾਇਰ ਪੰਜਾਬ ਦਾ ਗਵਰਨਰ ਰਿਹਾ, ਉਸ ਨੇ ਕਿਰਸਾਨੀ ਦੀ ਸੋਰਸ਼, ਗਦਰੀਆਂ ਅਤੇ ਰੇਸ਼ਮੀ ਚਿੱਠੀ ਵਾਲੇ ਸ਼ਾਜ਼ਸੀਆ ਨੂੰ ਬੜੀ ਸਖਤੀ ਨਾਲ ਕੁਚਲ ਕੇ ਰੱਖ ਦਿੱਤਾ। ਸੈਡੀਸਨ ਕਮੇਟੀ ਸਾਹਮਣੇ ਗਵਾਹੀ ਦਿੰਦਿਆਂ ਉਸਨੇ ਸਿਆਸੀ ਅਪਰਾਧੀਆਂ ਨਾਲ ਬਹੁਤ ਹੀ ਸਖਤੀ ਕੀਤੇ ਜਾਣ ਦੀ ਸ਼ਿਫਾਰਿਸ਼ ਕੀਤੀ ਸੀ। ਅਡਵਾਇਰ ਪੜੇ ਲਿਖੇ ਆਦਮੀਆਂ ਤੋਂ ਸਖਤ ਨਫਰਤ ਕਰਦਾ ਸੀ, ਉਹ ਸਮਝਦਾ ਸੀ ਕਿ ਇਹ ਪੜ੍ਹੇ ਲਿਖੇ ਲੋਕ ਹੀ ਆਮ ਤੋਰ ਤੇ ਐਜੀਟੇਟਰ, ਸ਼ਾਜਿਸ਼ੀ, ਸਿਆਸਤਾਦਾਨ ਅਤੇ ਜ਼ੋਰ ਸ਼ੋਰ ਨਾਲ ਤਕਰੀਰਾਂ ਝਾੜਨ ਤੋਂ ਸ਼ਿਵਾ ਹੋਰ ਕੁਝ ਨਹੀਂ।[13] ਅਡਵਾਇਰ ਨੇ ਪੰਜਾਬ ਵਿੱਚ ਪ੍ਰੈਸ ਐਕਟ ਦੀ ਵਰਤੋਂ ਸਖਤੀ ਨਾਲ ਕਰਕੇ ਅਖਬਾਰਾਂ ਦਾ ਗਲਾ ਘੁੱਟ ਦਿੱਤਾ। 1914 ਤੋਂ 1918 ਤੱਕ ਸ਼ਦਾਦਤ ਜਮਹੂਰ ਅਤੇ ਨਕਾਸ, ਕਲਕੱਤਾ ਅਤੇ ਨਿਊ ਇੰਡੀਆ, ਮਦਰਾਸ ਆਦਿ ਅੱਠ ਅਖਬਾਰਾਂ ਦਾ ਪੰਜਾਬ ਵਿੱਚ ਦਾਖਲਾ ਬੰਦ ਕਰ ਦਿੱਤਾ।

7 ਅਪ੍ਰੈਲ, 1919 ਦੇ ਅਜਲਾਸ ਵਿੱਚ ਲੋਕਾਂ ਦੇ ਲੀਡਰਾਂ ਨੂੰ ਇਨ੍ਹਾਂ ਲਫਜ਼ਾਂ ਵਿੱਚ ਧਮਕਾਇਆ :

"ਮੈਂ ਇਹ ਸਾਫ਼ ਕਰ ਦੇਣਾ ਚਾਹੁੰਦਾ ਹਾਂ ਕਿ ਜੇ ਅਮਨ ਅਤੇ ਕਾਨੂੰਨ ਨੂੰ ਖਤਰੇ ਦੇ ਹਾਲਤ ਮੁੜ ਕੇ ਪੈਦਾ ਹੋਏ ਤਾਂ ਬਦਅਮਨੀ ਨੂੰ ਵੀ ਖ਼ਤਮ ਕਰਨ ਲਈ ਸਰਕਾਰ ਹਰ ਸੰਭਵ ਹਥਿਆਰ ਅਤੇ ਅਧਿਕਾਰ ਵਰਤਣ ਵਿੱਚ ਜ਼ਰਾ ਵੀ ਢਿੱਲ ਨਹੀਂ ਕਰੇਗੀ। ਜੇ ਸਰਕਾਰ ਗੈਰ ਮੁਲਕੀ ਵੈਰੀਆਂ ਨੂੰ ਹਰਾ ਸਕਦੀ ਹੈ ਤਾਂ ਅੰਦਰੂਨੀ ਬਗਾਵਤਾਂ ਨੂੰ ਵੀ ਕੁਚਲ ਸਕਦੀ ਹੈ। ਇਹ ਇਨ੍ਹਾਂ ਐਜੀਟੇਟਰਾਂ ਦੀ ਭਲਾ ਕੀ ਪ੍ਰਵਾਹ ਕਰੇਗੀ।"[14]

1919 ਵਿੱਚ ਅੰਮ੍ਰਿਤਸਰ ਵਿਦਿਆ ਦੇ ਖੇਤਰ ਵਿੱਚ ਪਛੜਿਆ ਹੋਇਆ ਸੀ। ਇਸ ਲਈ ਇੱਥੇ ਸਿਆਸੀ ਸਰਗਰਮੀਆਂ ਕੇਵਲ ਮੁੱਠੀ ਭਰ ਲੋਕਾਂ ਤੱਕ ਹੀ ਸੀਮਤ ਸਨ। ਮੁਕਾਮੀ ਲੀਡਰ ਡਾ: ਸੱਤਿਆਪਾਲ, ਡਾ. ਸੈਫ-ਉਦ-ਦੀਨ ਕਿਚਲੂ, ਬਾਬੂ

ਕਨੱਈਆ ਲਾਲ ਐਡਵੋਕੇਟ, ਖਵਾਜ਼ਾ ਯਾਮੀਨ ਆਦਿ ਦਿੱਲੀ ਵਿਕੇ ਕਾਂਗਰਸ ਦੇ ਇਜ਼ਲਾਸ ਵਿੱਚ ਸ਼ਾਮਲ ਹੋਏ। ਉਨ੍ਹਾਂ ਦੇ ਕਹਿਣ ਤੇ 1919 ਦਾ ਕਾਂਗਰਸ ਦਾ ਇਜਲਾਸ ਅੰਮ੍ਰਿਤਸਰ ਵਿੱਚ ਹੋਣਾ ਮਿਥਣ ਨਾਲ ਸਿਆਸੀ ਸਰਗਰਮੀਆਂ ਜ਼ੋਰ ਫੜ ਗਈਆਂ। ਹੁਣ ਡਾ: ਕਿਚਲੂ ਅਤੇ ਡਾ: ਸੱਤਿਆਪਾਲ ਨੇ ਅੰਮ੍ਰਿਤਸਰ ਜਾਗਰਤੀ ਵਿੱਚ ਵੱਧ ਚੜ ਕੇ ਹਿੱਸਾ ਲਿਆ। ਉਨ੍ਹਾਂ ਨੇ ਰੋਲਟ ਐਕਟ ਦੇ ਖਿਲਾਫ ਬੜੀ ਜਬਰਦਸਤ ਮੁਖਾਲਫਤ ਕੀਤੀ। ਗਾਂਧੀ ਜੀ ਦੇ ਸੱਤਿਆਗ੍ਰਹਿ ਪ੍ਰਣ ਪੱਤਰ ਛਾਪ ਕੇ ਅੰਮ੍ਰਿਤਸਰ ਵਿੱਚ ਵੰਡੇ ਗਏ। 29 ਮਾਰਚ ਨੂੰ ਇੱਕ ਮੀਟਿੰਗ ਵਿੱਚ 30 ਮਾਰਚ ਨੂੰ ਹੜਤਾਲ ਕਰਨ ਦਾ ਫੈਸਲਾ ਕੀਤਾ ਗਿਆ।

**ਸਰਕਾਰ ਨੇ ਡਿਫੈਸ ਆਫ ਇੰਡੀਆ ਐਕਟ ਅਧੀਨ ਡਾ: ਸੱਤਿਆਪਾਲ ਨੂੰ ਜਲਸਿਆਂ ਵਿੱਚ ਬੋਲਣ ਦੀ ਮਨਾਹੀ 29 ਮਾਰਚ ਨੂੰ ਕਰ ਦਿੱਤੀ।** 30 ਮਾਰਚ ਨੂੰ ਸਾਰੇ ਕਾਰੋਬਾਰ ਮੁਕੰਮਲ ਤੌਰ ਤੇ ਠੱਪ ਹੋ ਗਏ। ਗਾਂਧੀ ਜੀ ਦੀ ਹਦਾਇਤਾਂ ਅਨੁਸਾਰ ਲੋਕਾਂ ਨੇ ਆਤਮਸ਼ੁੱਧੀ ਲਈ ਵਰਤ ਵੀ ਰੱਖੇ। 4 ਅਪ੍ਰੈਲ ਨੂੰ **ਡਾਕਟਰ ਕਿਚਲੂ ਨੂੰ ਵੀ ਡਾ: ਸੱਤਿਆਪਾਲ** ਵਰਗਾ ਹੁਕਮ ਸਾਦਰ ਹੋਇਆ। ਉਸ ਨੂੰ ਵੀ ਜਲਸਿਆਂ ਨੂੰ ਸੰਬੋਧਨ ਕਰਨ ਦੀ ਮਨਾਹੀ ਹੋ ਗਈ। ਦੁਆਰਾ 6 ਅਪ੍ਰੈਲ ਨੂੰ ਫੇਰ ਹੜਤਾਲ ਹੋਈ। ਉਸ ਦਿਨ ਇੱਕ ਜਲਸਾ ਵੀ ਕੀਤਾ ਗਿਆ। ਜਿਸ ਵਿੱਚ ਕੋਈ ਪੰਜਾਬ ਹਜ਼ਾਰ ਦੀ ਹਾਜ਼ਰੀ ਸੀ। ਇਸ ਵਿੱਚ ਡਾ. ਸੱਤਿਆਪਾਲ ਤੇ ਡਾ: ਕਿਚਲੂ ਤੋਂ ਪਾਬੰਦੀਆਂ ਹਟਾਉਣ ਤੇ ਰੋਲਟ–ਐਕਟ ਮਨਸੂਖ ਕਰਨ ਦੀ ਮੰਗ ਕੀਤੀ ਗਈ। ਪੰਜਾਬ ਸਰਕਾਰ ਦਾ ਵਿਸ਼ਵਾਸ ਸੀ ਕਿ 10 ਅਪ੍ਰੈਲ ਨੂੰ ਜਿਹੜੇ ਫਸਾਦ ਭੜਕੇ ਉਨ੍ਹਾਂ ਲਈ 6 ਅਪ੍ਰੈਲ ਦੀ ਹੜਤਾਲ ਮਗਰੋਂ ਦੋ ਤਿੰਨਾਂ ਦਿਨਾ ਵਿੱਚ ਹੀ ਤਿਆਰੀਆਂ ਹੋਈਆਂ।[15]

9 ਅਪ੍ਰੈਲ ਨੂੰ ਰਾਮਨੌਮੀ ਦਾ ਤਿਓਹਾਰ ਸੀ। ਉਸ ਵੇਲੇ ਦੀਆਂ ਘਟਨਾਂਵਾਂ ਦੇ ਪ੍ਰਸੰਗ ਵਿੱਚ ਅੰਮ੍ਰਿਤਸਰ ਦੀ ਅਹਿਮੀਅਤ ਹੋਰ ਵੀ ਵਧ ਗਈ। ਲੋਕਾਂ ਜਲੂਸ ਨੇ ਬਜ਼ਾਰਾਂ ਦੇ ਚੱਕਰ ਲਾਏ। ਡਿਪਟੀ ਕਮਿਸ਼ਨਰ ਇਰਵਿੰਗ ਜਲੂਸ ਦੇਖ ਕੇ ਬੜਾ ਪਰੇਸ਼ਾਨ ਹੋਇਆ। ਉਸ ਸਮੇਂ 9 ਅਪ੍ਰੈਲ ਜਦੋਂ **ਗਾਂਧੀ ਜੀ ਅੰਮ੍ਰਿਤਸਰ ਆ ਰਹੇ ਸਨ ਤਾਂ ਉਨ੍ਹਾਂ ਨੂੰ ਪਲਵਲ ਰੇਲਵੇ ਸਟੇਸ਼ਨ ਤੇ ਹੀ ਰੋਕ ਦਿੱਤਾ ਗਿਆ।**

9 ਅਪ੍ਰੈਲ ਦੀ ਸ਼ਾਮ ਨੂੰ ਡਿਪਟੀ ਕਮਿਸ਼ਨਰ ਇਰਵਿੰਗ ਨੂੰ ਅਡਵਾਇਰ ਦਾ ਹੁਕਮ ਮਿਲਿਆ ਕਿ ਡਾ: ਕਿਚਲੂ ਅਤੇ ਡਾ: ਸੱਤਿਆਪਾਲ ਦੋਹਾਂ ਨੂੰ ਅੰਮ੍ਰਿਤਸਰ ਤੋਂ ਬਾਹਰ ਕੱਢ ਦਿੱਤਾ ਜਾਵੇ।[16] 10 **ਅਪ੍ਰੈਲ ਨੂੰ ਦੋਨਾਂ ਡਾ: ਕਿਚਲੂ ਅਤੇ ਡਾ: ਸੱਤਿਆਪਾਲ ਨੂੰ ਗ੍ਰਿਫਤਾਰ ਕਰਕੇ ਧਰਮਸ਼ਾਲਾ ਭੇਜ ਦਿੱਤਾ ਗਿਆ।** ਗ੍ਰਿਫਤਾਰੀ ਦੀ ਖਬਰ ਸ਼ਹਿਰ ਵਿੱਚ ਅੱਗ ਵਾਂਗ ਫੈਲ ਗਈ ਅਤੇ ਲਗਭਗ 11 ਵਜੇ ਤੱਕ ਸ਼ਹਿਰ ਦਾ ਕਾਰੋਬਾਰ ਠੱਪ ਹੋ ਗਿਆ। ਲੋਕਾਂ ਦਾ ਹਜੂਮ ਪੰਜਾਹ ਹਜ਼ਾਰ ਤੱਕ ਬਜ਼ਾਰਾਂ ਵਿੱਚ ਇਕੱਠਾ ਹੋ ਗਿਆ ਅਤੇ ਇਸ ਬੇਇੰਨਸਾਫੀ ਦੇ ਖਿਲਾਫ ਡਿਪਟੀ ਕਮਿਸ਼ਨਰ ਕੋਲ ਪਰੋਟੈਸਟ ਕਰਨ ਲਈ ਤੁਰ ਪਿਆ। ਸਰਕਾਰੀ ਅਧਿਕਾਰੀਆਂ ਨੇ ਜਲੂਸ ਨੂੰ ਸਿਵਲ ਲਾਈਨਜ਼ ਵਿੱਚ ਦਾਖਲ ਹੋਣ ਤੋਂ ਰੋਕਣ ਲਈ ਘੋੜ ਸਵਾਰ, ਹਥਿਆਰਬੰਦ ਪਿਕਟ ਲਾਈ ਹੋਈ ਸੀ, ਕਿਉਂਕਿ ਉਨ੍ਹਾਂ

ਨੂੰ ਡਰ ਸੀ ਕਿ ਜੇ ਲੋਕਾਂ ਦੀ ਭੀੜ ਸਿਵਲ ਲਾਈਨਜ਼ ਵਿੱਚ ਪ੍ਰਵੇਸ਼ ਕਰ ਗਈ ਤਾਂ ਸਥਿਤੀ ਸੰਭਾਲਨੀ ਮੁਸ਼ਕਿਲ ਹੋ ਜਾਵੇਗੀ। ਜਦੋਂ ਲੋਕਾਂ ਦਾ ਹਜ਼ੂਮ ਕੈਰਿਜ਼ ਬ੍ਰਿਜ਼ (ਉੱਚੇ ਪੁਲ) ਤੇ ਪਹੁੰਚਿਆਂ ਤਾਂ ਸਿਪਾਹੀਆਂ ਨੇ ਹਜ਼ੂਮ ਵੱਲ ਗੋਲੀਆਂ ਚਲਾਈਆਂ। ਜਿਨ੍ਹਾਂ ਨਾਲ ਚਾਰ ਆਦਮੀ ਥਾਂ ਤੇ ਹੀ ਮਾਰੇ ਗਏ ਅਤੇ ਬਹੁਤ ਸਾਰੇ ਫੱਟੜ ਹੋ ਗਏ।[17]

ਹੁਣ ਤੱਕ ਭੀੜ ਵੀ ਸ਼ਾਂਤ ਨਹੀਂ ਰਹਿ ਗਈ ਸੀ। ਲੋਕਾਂ ਨੇ ਹਾਲ ਬਜ਼ਾਰ ਦੇ ਬਾਹਰ ਦੁਕਾਨਾਂ ਵਿੱਚੋਂ ਸੋਟੀਆਂ ਅਤੇ ਡਾਂਗਾਂ ਨਾਲ ਆਪਣੇ ਆਪ ਨੂੰ ਹਥਿਆਰਬੰਦ ਕਰ ਲਿਆ ਸੀ। ਹੁਣ ਪੁਲਿਸ ਅਤੇ ਲੋਕਾਂ ਵਿਚਕਾਰ ਟਕਰਾਵ ਸ਼ੁਰੂ ਹੋ ਗਿਆ। ਲੋਕਾਂ ਨੇ ਘੋੜ ਸਵਾਰ ਪਿਕਟ ਨੂੰ ਇੱਟਾਂ ਪੱਥਰ ਮਾਰਨੇ ਸ਼ੁਰੂ ਕਰ ਦਿੱਤੇ। ਪੁਲਿਸ ਨੇ ਸਥਿਤੀ ਸੰਭਾਲਣ ਦਾ ਯਤਨ ਨਹੀਂ ਕੀਤਾ। ਸਗੋਂ ਲੋਕਾਂ ਉੱਤੇ ਗੋਲੀ ਚਲਾ ਕੇ ਕਈ ਵਿਅਕਤੀਆਂ ਨੂੰ ਮਾਰ ਦਿੱਤਾ। ਸ਼ਹਿਰ ਦੇ ਬਾਕੀ ਭਾਗਾਂ ਵਿੱਚ ਭੀੜਾਂ ਇਕੱਠੀਆਂ ਹੋ ਰਹੀਆਂ ਸਨ। ਉੱਚੇ ਪੁਲ, ਰੇਲਵੇ ਮਾਲ ਗੁਦਾਮ, ਆਇਰਸਨ ਪਾਰਕ, ਪੌੜੀਆਂ ਵਾਲਾ ਪੁਲ ਆਦਿ ਸਾਰੇ ਸਥਾਨਾ ਤੇ ਲੋਕਾਂ ਦੀਆਂ ਭੀੜਾਂ ਨਾਲ ਭਰ ਗਏ ਸਨ ਤੇ ਸੈਨਿਕਾਂ ਨੇ ਕਈ ਜਗਾ ਗੋਲੀਆਂ ਚਲਾਈਆਂ ਜਿਸ ਨਾਲ ਕਈ ਲੋਕ ਮਾਰੇ ਗਏ।

ਜਦੋਂ ਜਖ਼ਮੀਆਂ ਅਤੇ ਮਾਰੇ ਗਏ ਵਿਅਕਤੀਆਂ ਦੀਆਂ ਲੋਥਾਂ ਨੂੰ ਬਜ਼ਾਰਾਂ ਵਿੱਚ ਦੀ ਹੱਕ ਕੇ ਲਿਜਾਇਆ ਗਿਆ ਤਾਂ ਬਦਲੇ ਦਾ ਭਾਵਨਾਂ ਦੀ ਅੱਗ ਭੜਕ ਉਠੀ। ਲੋਕਾਂ ਦੀ ਭੀੜ ਨੇ ਰੇਲ ਮਾਲ ਗੋਦਾਮ ਅਤੇ ਤਾਰ ਘਰ ਜਾ ਕੇ ਹੱਲਾ ਬੋਲ ਦਿੱਤਾ। ਇਸੇ ਤਰ੍ਹਾਂ ਹਾਲ ਬਜ਼ਾਰ ਵਿੱਚ 'ਨੈਸ਼ਨਲ ਬੈਂਕ ਆਫ ਇੰਡੀਆਂ' ਉੱਪਰ ਵੀ ਹਮਲਾ ਹੋਇਆ ਤੇ ਬੈਂਕ ਨੂੰ ਅੱਗ ਲਾ ਦਿੱਤੀ ਗਈ। ਬੈਂਕ ਮਨੇਜ਼ਰ ਸਟੀਵਰਟ ਅਤੇ ਉਸਦੇ ਸਹਾਇਕ ਮਿਸਟਰ ਸਕਾਟ ਨੂੰ ਕੁੱਟ-ਕੁੱਟ ਕੇ ਮਾਰ ਦਿੱਤਾ। ਇਸ ਤੋਂ ਬਾਅਦ ਐਲਾਇਸ਼ ਬੈਂਕ ਅਤੇ ਚਾਰਟਰਡ ਬੈਂਕ ਤੇ ਵੀ ਹਮਲਾ ਹੋਇਆ ਅਤੇ ਤੋੜ ਫੋੜ ਕੀਤੀ ਗਈ। ਜਦੋਂ ਭੀੜ ਨੇ ਤਾਰ ਘਰ ਤੇ ਹਮਲਾ ਕੀਤਾ ਤਾਂ ਫ਼ੌਜ਼ ਦੀ ਟੁਕੜੀ ਨੇ ਭੀੜ ਤੇ ਅਠਾਰਾਂ ਗੋਲੀਆਂ ਚਲਾਈਆਂ।

ਅੰਮ੍ਰਿਤਸਰ ਵਿੱਚ ਲੋਕਾਂ ਦੀ ਭੀੜ ਯੂਰਪੀਨਾਂ ਦੇ ਦੁਸ਼ਮਨਾਂ ਵਿੱਚ ਬਦਲ ਗਈ। ਇੱਕ ਅੰਗਰੇਜ਼ ਫ਼ੌਜ਼ੀ ਇਲੈਕਟ੍ਰੀਸ਼ਨ ਸਾਰਜੈਂਟ ਰਾਓਲੋਡ ਨੂੰ ਭੀੜ ਨੇ ਕਤਲ ਕਰ ਦਿੱਤਾ। ਲੋਕ ਅੰਗਰੇਜ਼ਾਂ ਦੀ ਸੰਪਤੀ ਤੇ ਜਾਨ ਦੇ ਦੁਸ਼ਮਣ ਬਣ ਗਏ। ਸਰਕਾਰੀ ਇਮਾਰਤਾਂ ਨੂੰ ਨੁਕਸਾਨ ਪਹੁੰਚਾਇਆ। ਮਿਸ ਮਾਰਸ਼ੈਲਾ ਸ਼ੇਰਵੁੱਡ ਤੇ ਲੋਕਾਂ ਨੇ ਹਮਲਾ ਕੀਤਾ ਅਤੇ ਉਸ ਨੂੰ ਜਖਮੀ ਕਰ ਦਿੱਤਾ।[18]

10 ਅਪ੍ਰੈਲ ਦੀਆਂ ਅੰਗਰੇਜ਼ਾਂ ਦੇ ਜ਼ੁਲਮ ਅਤੇ ਅੱਤਿਆਚਾਰ ਦੇ ਵਿਰੋਧ ਵਿੱਚ ਹੋ ਰਹੀਆਂ ਸਨ। ਰੋਲਟ ਐਕਟ ਨੂੰ ਲਾਗੂ ਕਰਨ ਤੇ ਭਾਰਤੀ ਅੰਗਰੇਜ਼ਾਂ ਤੋਂ ਦੁਖੀ ਸਨ, ਪਰ ਡਾ : ਕਿਚਲੂ ਅਤੇ ਡਾ : ਸੱਤਿਆਪਾਲ ਦੀ ਗ੍ਰਿਫਤਾਰੀ ਨੇ ਬਲਦੀ ਤੇ ਤੇਲ ਦਾ ਕੰਮ ਕੀਤਾ। ਹਾਲਾਂਕਿ ਲੋਕਾਂ ਦੀ ਭੀੜ ਹਿੰਸਾਤਮਕ ਕਾਰਵਾਈ ਲਈ ਤਿਆਰ ਹੋ ਕੇ ਨਹੀਂ ਸੀ ਆਈ। ਪਰ ਲੋਕਾਂ ਤੇ ਗੋਲੀਆਂ ਚਲਾਏ ਜਾਣ ਨਾਲ ਜਦੋਂ ਲੋਕਾਂ ਨੂੰ ਮਾਰ ਦਿੱਤਾ ਗਿਆ ਤਾਂ ਲੋਕਾਂ ਦੀ ਭੜ ਹਿੰਸਾਤਮਕ ਹੋ ਗਈ। ਸਰਕਾਰੀ ਬਿਆਨ ਅਨੁਸਾਰ 10

ਅਪ੍ਰੈਲ ਨੂੰ ਮਰਨ ਵਾਲਿਆਂ ਦੀ ਗਿਣਤੀ 21 ਸੀ।[19] ਪਰ ਮਕਬੂਲ ਮਹਿਮੂਦ ਅਨੁਸਾਰ ਮਰਨ ਵਾਲਿਆਂ ਦੀ ਗਿਣਤੀ 20 ਤੋਂ 30 ਦੇ ਵਿਚਕਾਰ ਸੀ।[20] ਜਦੋਂ ਅਰਥੀਆਂ ਦਾ ਭਿਆਨਕ ਜਲੂਸ ਬਜ਼ਾਰਾਂ ਵਿੱਚੋਂ ਗੁਜ਼ਰਿਆਂ ਤਾਂ ਵੇਖਣ ਵਾਲਿਆਂ ਦੇ ਦਿਲਾਂ ਵਿੱਚ ਬਦਲੇ ਦੀ ਅੱਗ ਭੜਕ ਉੱਠੀ। ਇਸ ਦੇ ਨਾਲ ਹੀ ਸਰਕਾਰ ਨੇ ਸਥਿਤੀ ਸੰਭਾਲਣ ਦੀ ਕੋਸ਼ਿਸ਼ ਹੀ ਨਹੀਂ ਕੀਤੀ। ਇਰਵਿਨ ਦੇ ਅਨੁਸਾਰ ਗੋਲੀ ਚਲਾਉਣ ਦੀ ਤਾਂ ਜ਼ਰੂਰਤ ਨਹੀਂ ਸੀ ਸਿਰਫ਼ ਧਮਕੀ ਹੀ ਕਾਫ਼ੀ ਸੀ।[21]

11 ਅਪ੍ਰੈਲ ਤੱਕ ਸਾਰਾ ਸ਼ਹਿਰ ਫ਼ੌਜ਼ ਦੇ ਹਵਾਲੇ ਕਰ ਦਿੱਤਾ ਗਿਆ। ਸ਼ਹਿਰ ਵਿੱਚ ਕਿਸੇ ਵੀ ਕਿਸਮ ਦੇ ਜਲਸੇ ਜਾਂ ਜਲੂਸ ਦੀ ਆਗਿਆ ਦੀ ਮਨਾਹੀ ਕਰ ਦਿੱਤੀ ਗਈ। ਸਾਰਾ ਸ਼ਹਿਰ ਫ਼ੌਜ਼ੀ ਛਾਉਣੀਆਂ ਵਿੱਚ ਬਦਲ ਦਿੱਤਾ ਗਿਆ। ਸਮਿੱਥ ਅਤੇ ਕੁਝ ਹੋਰ ਅਫਸਰਾਂ ਨੇ ਸਲਾਹ ਦਿੱਤੀ ਕਿ ਸ਼ਹਿਰ ਉੱਪਰ ਬੰਬ ਸੁੱਟੇ ਜਾਣ ਪਰ ਖਾਲਸਾ ਕਾਲਜ ਦੇ ਪ੍ਰਿੰਸੀਪਲ ਜੀ. ਏ ਵਾਦਨ ਨੇ ਟੋਕਿਆ ਇਹ ਸਿੱਖਾਂ ਲਈ ਪਵਿੱਤਰ ਸ਼ਹਿਰ ਹੈ ਬੰਬਾਰੀ ਕੀਤਿਆਂ ਸਿੱਖ ਪਲਟਨਾਂ ਬਾਗੀ ਹੋ ਜਾਣਗੀਆਂ।[22]

12 ਅਪ੍ਰੈਲ ਨੂੰ ਸ਼ਹਿਰ ਖਾਮੋਸ਼ ਸੀ। ਸ਼ਹਿਰ ਵਿੱਚ ਅਫਵਾਹਾਂ ਉੱਡ ਰਹੀਆਂ ਸਨ। ਪੰਜਾਬ ਦੇ ਗਵਰਨਰ **ਅਡਵਾਇਰ ਦਾ ਕਹਿਣਾ ਸੀ ਕਿ "ਸਾਰਾ ਸ਼ਹਿਰ ਆਕੀ ਹੋ ਗਿਆ ਸੀ।[23] ਬ੍ਰਿਹਾਸ ਅਨੁਸਾਰ ਇਰਵਿੰਗ ਮਹਿਸੂਸ ਕਰਦਾ ਸੀ ਕਿ ਸਾਰਾ ਸ਼ਹਿਰ ਹੀ ਅੰਗਰੇਜ਼ੀ ਸਰਕਾਰ ਦਾ ਕੱਟੜ ਵੈਰੀ ਹੋ ਗਿਆ।[24]**

ਉਸ ਸਮੇਂ ਰੇਜ਼ੀਨਾਲਡ ਐਡਵਰਡ ਹੈਰੀ ਡਾਇਰ ਜੋ ਟਰੈਨਿੰਗ ਬ੍ਰੀਗੇਡ ਦਾ ਕਮਾਂਡਰ ਸੀ ਨੂੰ ਪੰਜਾਬ ਬੁਲਾਇਆ ਗਿਆ ਅਤੇ 11 ਅਪ੍ਰੈਲ ਰਾਤ ਨੂੰ ਸਾਰਾ ਅੰਮ੍ਰਿਤਸਰ ਉਸ ਦੇ ਹਵਾਲੇ ਕਰ ਦਿੱਤਾ ਗਿਆ। 12 ਅਪ੍ਰੈਲ ਦੀ ਸਵੇਰ ਨੂੰ ਡਾਇਰ ਦੇ ਹੁਕਮ ਨਾਲ ਇਕ ਹਵਾਈ ਜਹਾਜ਼ ਨੇ ਸ਼ਹਿਰ ਉੱਪਰ ਗਸ਼ਤੀ ਉਡਾਨ ਕੀਤੀ। ਇਸ ਤੋਂ ਬਾਅਦ ਉਸ ਨੇ ਫ਼ੌਜ਼ੀ ਦਸਤਿਆਂ ਨਾਲ ਸਾਰੇ ਸ਼ਹਿਰ ਵਿੱਚ ਤਾਕਤ ਦਾ ਮੁਜਾਹਰਾ ਕੀਤਾ ਅਤੇ ਕਈ ਲੋਕਾਂ ਨੂੰ ਗ੍ਰਿਫਤਾਰ ਕਰ ਲਿਆ ਗਿਆ।

12 ਅਪ੍ਰੈਲ ਨੂੰ ਅੰਮ੍ਰਿਤਸਰ ਵਿੱਚ ਇਕ ਫਰਮਾਨ ਜਾਰੀ ਕੀਤਾ : "ਹਰ ਕਿਸਮ ਦੇ ਜਲਸਿਆਂ, ਜਲੂਸਾਂ ਅਤੇ ਇਕੱਠਾਂ ਦੀ ਮਨਾਹੀ ਹੈ ਅਤੇ ਉਹਨਾਂ ਨੂੰ ਫ਼ੌਜ਼ੀ ਕਾਨੂੰਨ ਅਧੀਨ ਹੀ ਖਿੰਡਾਇਆ ਜਾਵੇਗਾ।[25]

13 ਅਪ੍ਰੈਲ ਨੂੰ ਸਵੇਰੇ 9.00 ਵਜੇ ਡਾਇਰ ਨੇ ਇਕ ਹੋਰ ਫ਼ਰਮਾਨ ਜਾਰੀ ਕੀਤਾ ਕਿ :

"ਹਰ ਖਾਸ ਅਤੇ ਆਮ ਨੂੰ ਇਤਲਾਹ ਕੀਤੀ ਜਾਂਦੀ ਹੈ ਕਿ ਸ਼ਹਿਰ ਦੇ ਕਿਸੇ ਵੀ ਵਸਨੀਕ ਨੂੰ ਪੈਦਲ, ਆਪਣੀ ਜਾਂ ਕਿਰਾਏ ਦੀ ਸਵਾਰੀ ਰਾਹੀਂ ਹੇਠਾ ਦਰਜ਼ ਅਫਸਰਾਂ ਦੀ ਇਜ਼ਾਜਤ ਤੋਂ ਬਗੈਰ ਸਾਹਰ ਜਾਣ ਦੀ ਸਖ਼ਤ ਮਨਾਹੀ ਹੈ।

ਅੱਠ ਵਜੇ ਸ਼ਾਮ ਤੋਂ ਮਗਰੋਂ ਕੋਈ ਵੀ ਸ਼ਹਿਰੀ ਆਪਣੇ ਘਰ ਤੋਂ ਬਾਹਰ ਪੈਰ ਨਹੀਂ ਰੱਖੇਗਾ। ਸਹਿਰ ਦੇ ਅੰਦਰ ਜਾਂ ਬਾਹਰ ਕਿਸੇ ਵੀ ਵੇਲੇ ਜਾਂ ਥਾ ਤੇ, ਕਿਸੇ ਪ੍ਰਕਾਰ ਦੇ ਜਲੂਸ ਕੱਢੇ ਜਾਣ ਦੀ ਮਨਾਹੀ ਹੈ। ਅਜਿਹਾ ਕੋਈ ਜਲੂਸ ਜਾਂ ਚਾਰ ਬੰਦਿਆਂ ਤੋਂ ਵਧੇਰੇ ਦਾ ਇਕੱਠ ਕਾਨੂੰਨ ਦੇ ਖਿਲਾਫ ਸਮਝਿਆ ਜਾਵੇਗਾ।[26]

ਸ਼ਹਿਰ ਵਿੱਚ ਮੁਨਾਦੀ ਕਰਵਾਈ ਗਈ। ਇਹ ਮੁਨਾਦੀ ਕੋਈ ਤਿੰਨਾਂ ਘੰਟਿਆਂ ਵਿੱਚ ਖ਼ਤਮ ਹੋ ਗਈ। ਇੰਨੀ ਜਲਦੀ ਨਾਲ ਮੁਨਾਦੀ ਕਰਾਈ ਗਈ ਕਿ ਬਹੁਤ ਸਾਰੇ ਲੋਕਾਂ ਨੂੰ ਇਸ ਫਰਮਾਨ ਦਾ ਪਤਾ ਨਹੀਂ ਲੱਗ ਸਕਿਆ।

ਪਰ ਅੰਮ੍ਰਿਤਸਰ ਦੇ ਸ਼ਹਿਰੀਆਂ ਨੇ ਇਸ ਫ਼ਰਮਾਨ ਦੇ ਜਵਾਬ ਐਲਾਨ ਰਾਹੀਂ ਲੋਕਾਂ ਨੂੰ ਸ਼ਾਮ ਸਾਢੇ ਚਾਰ ਵਜੇ ਜਲ੍ਹਿਆਂਵਾਲੇ ਬਾਗ਼ ਵਿਖੇ ਇਕੱਠਿਆਂ ਹੋਣ ਲਈ ਅਪੀਲ ਕੀਤੀ। ਪਹਿਲਾਂ ਤਾਂ ਇਹ ਖਿਆਲ ਸੀ ਕਿ ਜਲਸਾ ਦਰਬਾਰ ਸਾਹਿਬ ਵਿਖੇ ਕੀਤਾ ਜਾਵੇ ਪਰ ਇੰਮਪੀਰੀਅਲ ਲੈਜਿਸ਼ਲੇਟਿਵ ਦੇ ਮੈਂਬਰ ਸੁੰਦਰ ਸਿੰਘ ਮਜੀਠੀਆ ਨੇ ਅਜਿਹਾ ਨਾ ਹੋਣ ਦਿੱਤਾ।[27]

ਗੁਰਦਿੱਤਾ ਬਾਣੀਆ ਅਤੇ ਬੱਲੋ ਹਲਵਾਈ ਇੱਕ ਖਾਲੀ ਪੀਪਾ ਖੜਕਾ ਕੇ ਸਾਰੇ ਸ਼ਹਿਰ ਵਿੱਚ ਐਲਾਨ ਕਰਦੇ ਘੁੰਮਦੇ ਰਹੇ ਕਿ ਸ਼ਾਮ ਨੂੰ ਜਲ੍ਹਿਆਂਵਾਲੇ ਬਾਗ ਵਿੱਚ ਜਲਸਾ ਕੀਤਾ ਜਾਵੇਗਾ। ਇਹ ਐਲਾਨ ਕੀਤਾ ਗਿਆ ਕਿ ਡਾ: ਸੱਤਿਆਪਾਲ ਅਤੇ ਡਾ. ਕਿਚਲੂ ਦੇ ਖਾਸ ਪੈਗਾਮ ਪੜ੍ਹ ਕੇ ਸੁਣਾਏ ਜਾਣਗੇ।

**ਕੋਈ ਇੱਕ ਵਜੇ ਡਾਇਰ ਨੂੰ ਪਤਾ ਲੱਗਿਆ ਕਿ ਲੋਕੀ ਸ਼ਾਮ ਨੂੰ ਸਾਢੇ ਚਾਰ ਵਜੇ ਜਲਸਾ ਕਰਨ ਵਾਲੇ ਹਨ। ਉਸ ਨੇ ਚਾਰ ਵਜੇ ਤੱਕ ਆਪਣੀ ਵਿਉਤ ਮੁਕੰਮਲ ਕਰ ਲਈ।[28] ਉਹ ਫ਼ੌਜੀਆਂ ਦਾ ਦਸਤਾ ਨਾਲ ਲੈ ਕੇ ਸਵਾ ਚਾਰ ਵਜੇ ਜਲਸੇ ਵਾਲੀ ਥਾਂ ਤੇ ਪੁੱਜ ਗਿਆ। ਮਸ਼ੀਨ ਗੰਨਾਂ ਬੀੜੀਆਂ,. ਦੋ ਬਕਤਰਬੰਦ ਗੱਡੀਆਂ ਵੀ ਉਹਨੇ ਨਾਲ ਲੈ ਲਈਆਂ ਸਨ।**

ਡਾਇਰ ਦੇ ਆਉਣ ਤੋਂ ਪਹਿਲਾਂ ਅਬਦੁਲ ਅਜ਼ੀਜ਼, ਡਾ: ਗੁਰਬਖ਼ਸ਼ ਰਾਏ ਅਤੇ ਰਾਏ ਰਾਮ ਸਿੰਘ ਆਦਿ ਅੱਠ ਬੰਦੇ ਬੋਲ ਚੁੱਕੇ ਸਨ। ਡਾ: ਕਿਚਲੂ ਦੀ ਤਸਵੀਰ ਮੰਚ ਉੱਪਰ 'ਪ੍ਰਧਾਨਗੀ' ਲਈ ਰੱਖੀ ਹੋਈ ਸੀ।

ਕੋਈ ਚਾਰ ਵਜੇ ਇੱਕ ਹਵਾਈ ਜਹਾਜ਼ ਝੰਡਾ ਹਿਲਾਉਦਾ ਹੋਇਆ ਬਾਗ ਉੱਪਰ ਬੜਾ ਨੀਵਾਂ ਉਡਿਆ। ਲੋਕ ਡਰ ਗਏ ਪਰ ਹੰਸ ਰਾਜ਼ ਨੇ ਵਿਸ਼ਵਾਸ ਦਿਵਾਇਆ ਕਿ ਖਤਰੇ ਦੀ ਕੋਈ ਗੱਲ ਨਹੀਂ।[29] ਜਲਸੇ ਵਿੱਚ ਦੋ ਪ੍ਰਸਤਾਵ ਪਾਸ ਕੀਤੇ ਗਏ, ਇੱਕ ਰੋਲਟ ਐਕਟ ਦੀ ਮਨਸੂਖੀ ਦੀ ਮੰਗੀ ਕੀਤੀ ਗਈ ਅਤੇ ਦੂਜੇ ਰਾਹੀਂ 10 ਅਪ੍ਰੈਲ ਵਾਲੇ ਗੋਲੀ ਕਾਂਡ ਦੀ ਨਿਖੇਧੀ ਕੀਤੀ ਗਈ।

13 ਅਪ੍ਰੈਲ ਨੂੰ ਵਿਸਾਖੀ ਦਾ ਤਿਓਹਾਰ ਸੀ ਜੋ ਪੰਜਾਬ ਦੇ ਲੋਕਾਂ ਲਈ ਖਾਸ ਮਹੱਤਵ ਰੱਖਦਾ ਹੈ। ਜਿਸ ਕਾਰਨ ਆਸ ਪਾਸ ਦੇ ਪਿੰਡਾਂ ਦੇ ਹਜ਼ਾਰਾਂ ਲੋਕ ਵੀ ਦਰਬਾਰ ਸਾਹਿਬ ਸਰੋਵਰ ਵਿੱਚ ਇਸ਼ਨਾਨ ਕਰਨ ਆਏ ਹੋਏ ਸਨ। ਜਿਸ ਕਾਰਨ ਜੱਲ੍ਹਿਆਂਵਾਲਾ ਬਾਗ ਵਿੱਚ ਚੰਗਾ ਇਕੱਠ ਸੀ। ਡਾਇਰ ਨੇ ਆਉਂਦਿਆਂ ਸਾਰ ਹੀ ਅੱਧੇ ਮਿੰਟ ਵਿੱਚ ਆਪਣੇ ਫ਼ੌਜ਼ੀ ਦਸਤਿਆਂ ਨੂੰ ਤਾਇਨਾਤ ਕਰ ਦਿੱਤਾ। ਜਿਸ ਥਾਂ ਤੇ ਫ਼ੌਜ਼ੀ ਸਿਪਾਹੀ ਖੜੇ ਸਨ, ਉਹ ਸਾਹਮਣੇ ਮੈਦਾਨ ਨਾਲੋਂ ਉੱਚੀ ਸੀ ਅਤੇ ਇਸ ਕਰਕੇ ਉੱਥੋਂ ਸਿਪਾਹੀਆਂ ਲਈ ਭੀੜ ਉੱਪਰ ਗੋਲੀਆਂ ਚਲਾਉਣੀਆਂ ਸੌਖੀਆਂ ਸਨ। ਜਦੋਂ ਹੰਟਰ ਕਮੇਟੀ ਨੇ

ਡਾਇਰ ਨੂੰ ਇਹ ਸਵਾਲ ਪੁੱਛਿਆ ਕਿ ਤੂੰ ਜੱਲ੍ਹਿਆਂਵਾਲੇ ਬਾਗ਼ ਪਹੁੰਚ ਕੇ ਪਹਿਲਾ ਕੰਮ ਕੀ ਕੀਤਾ ਤਾਂ ਉਸਨੇ ਕਿਹਾ ਮੈਂ ਫਾਇਰ ਖੋਲਿਆ।[30]

ਫ਼ੌਜ਼ੀ ਕੋਸ਼ਨ ਦੇ ਰੁਬਰੂ ਆਪਣੇ ਬਿਆਨ ਵਿੱਚ ਵੀ ਉਹਨੇ ਲਿਖਿਆ ਸੀ ਕਿ ਜਿਉਂ ਹੀ ਮੇਰੇ ਪੰਜਾਹ ਸਿਪਾਹੀਆਂ ਨੇ ਪੁਜੀਸ਼ਨ ਸੰਭਾਲੀ ਮੈਂ ਗੋਲੀ ਚਲਾਉਣ ਦਾ ਹੁਕਮ ਦੇ ਦਿੱਤਾ।[31]

ਦੁਰਗਾ ਦਾਸ ਬਾਹਵਾਂ ਹਿਲਾ ਕੇ ਬੜੇ ਜੋਸ਼ੀਲੇ ਅੰਦਾਜ਼ ਵਿੱਚ ਬੋਲਦਾ ਪਿਆ ਸੀ ਜਦੋਂ ਹੰਸ ਰਾਜ ਨੇ ਦਖਲ ਦਿੰਦਿਆਂ ਕਿਹਾ ਬੈਠ ਜਾਓ, ਬਾਹਰੋਂ ਫਾਇਰ ਹੋਇਆ। ਉਸ ਵੇਲੇ ਫ਼ੌਜ਼ੀ ਸਿਪਾਹੀਆਂ ਨੇ ਪੁਜੀਸ਼ਨਾਂ ਲੈ ਕੇ ਗੋਲੀਆਂ ਚਲਾਉਣੀਆਂ ਆਰੰਭ ਕਰ ਦਿੱਤੀਆਂ। ਪਹਿਲਾਂ ਤਾਂ ਲੋਕਾਂ ਨੇ ਗੋਲੀ ਚੱਲਣ ਨੂੰ ਕੇਵਲ ਡਰਾਵਾ ਸਮਝ ਕੇ 'ਫੋਕੀਆਂ' 'ਫੋਕੀਆਂ ਦਾ ਰੋਲਾ ਪਾਇਆ। ਪਰ ਜਦੋਂ ਗੋਲੀਆਂ ਖਾ ਕੇ ਕਈ ਵਿਅਕਤੀ ਡਿੱਗਣ ਲੱਗੇ ਤਾਂ ਭੀੜ ਦਾ ਸਾਰਾ ਭਰਮ ਜਾਂਦਾ ਰਿਹਾ। ਲੋਕਾਂ ਵਿੱਚ ਹਫੜਾ ਦਫੜੀ ਮੱਚ ਗਈ। ਪਰ ਉਹ ਜਾਂ ਕਿੱਥੋ ਸਕਦੇ ਸਨ। ਖੱਬੇ ਹੱਥ ਤਾਂ ਘਰਾਂ ਦੀਆਂ ਕੰਧਾਂ ਸਨ, ਉਹਨਾਂ ਤੋਂ ਕੁਝ ਪਰੇ ਖੂਹ, ਸੱਜੇ ਪਾਸੇ ਖੁੱਲੀ ਥਾਂ ਸੀ ਅਤੇ ਪਿਛਲੇ ਪਾਸੇ ਸਿਪਾਹੀਆਂ ਦੀਆਂ ਬੰਦੂਕਾਂ। ਉਹ ਬੁਰੀ ਤਰ੍ਹਾਂ ਫਸ ਗਏ ਸਨ। ਗੋਲੀਆਂ ਸਿੱਧੀਆਂ ਲੋਕਾਂ ਉੱਪਰ ਚਲਾਈਆਂ ਗਈਆਂ। ਬਹੁਤ ਸਾਰੇ ਤਾਂ ਥਾਂ ਤੇ ਹੀ ਮਾਰੇ ਗਏ ਤੇ ਕਈ ਡਿੱਗ ਗਏ, ਕਈਆਂ ਨੇ ਕੱਚੀ ਕੰਧ ਤੇ ਚੜਨ ਦੀ ਕੋਸ਼ਿਸ਼ ਕੀਤੀ ਪਰ ਉਹ ਗੋਲੀਆਂ ਖਾ ਕੇ ਡਿੱਗ ਪਏ ਤੇ ਕੁਝ ਤਾਂ ਦੀਵਾਂਰਾਂ ਉੱਪਰ ਹੀ ਲਟਕ ਗਏ। ਜਦੋਂ ਗੋਲੀਆਂ ਚਲਣੀਆਂ ਬੰਦ ਹੋਈਆਂ ਤਾਂ ਬਾਗ ਵਿੱਚ ਲੋਕਾਂ ਦੀਆਂ ਢੇਰੀਆਂ ਪਈਆਂ ਸਨ। ਗੋਲੀਆਂ ਦਸ ਿਟ ਤੱਕ ਚਲਦੀਆਂ ਰਹੀਆਂ ਤੇ ਇਤਨੇ ਸਮੇਂ ਵਿੱਚ 1650 ਰਾਉਡ ਗੋਲੀ ਚਲਾਈ ਗਈ।

ਬਾਗ ਵਿੱਚ ਜਖਮੀਆਂ ਦੀ ਚੀਖ ਪੁਕਾਰ ਹੋ ਰਹੀ ਸੀ। ਲੋਕ ਇੰਨਾਂ ਸਹਿਮ ਗਏ ਕਿ ਆਪਣੇ ਸਗੇ ਸਬੰਧੀਆ ਦੀਆਂ ਲਾਸ਼ਾਂ ਵੀ ਨਾ ਲਿਆ ਸਕੇ। ਸ਼ਹਿਰ ਸੁੰਨਸਾਨ ਹੋ ਗਿਆ। ਡਾਇਰ ਨੇ ਦਸ ਵਜੇ ਰਾਤ ਨੂੰ ਫੇਰ ਚੱਕਰ ਲਾਇਆ। ਪਰ ਸੜਕਾ ਖਾਲੀ ਸਨ ਤੇ ਕੁਝ ਲੋਕ ਜੱਲ੍ਹਿਆਂਵਾਲੇ ਬਾਗ ਵਿੱਚ ਮੁਰਦਿਆਂ ਦੇ ਢੇਰਾਂ ਵਿੱਚੋਂ ਆਪਦੇ ਸਕੇ ਸਬੰਧੀਆਂ ਨੂੰ ਲੱਭ ਰਹੇ ਸਨ। ਪਰ ਬਹੁਤ ਸਾਰੇ ਲੋਕੀ ਡਰ ਦੇ ਮਾਰੇ ਵਾਪਸ ਚਲੇ ਗਏ। ਪਰ ਸਾਨੂੰ ਉਸ ਖੌਫਨਾਕ ਰਾਤ ਦਾ ਦ੍ਰਿਸ਼ ਰਤਨ ਦੇਵੀ ਦੀ ਆਪਬੀਤੀ ਤੋਂ ਪਤਾ ਚਲਦਾ ਹੈ, ਜੋ ਉਸ ਰਾਤ ਆਪਣੇ ਪਤੀ ਦੀ ਲਾਸ਼ ਲੱਭਗਈ। ਪਰ ਉਸ ਦੀ ਲਾਸ਼ ਘਰ ਲੈ ਜਾਣ ਵਾਸਤੇ ਮੈਂ ਸਾਰੀ ਰਾਤ ਜੱਲ੍ਹਿਆਂਵਾਲੇ ਬਾਗ ਵਿੱਚ ਹੀ ਬੈਠੀ ਰਹੀ। ਮੈਂ ਅੱਧ ਮਰੇ ਵਿਅਕਤੀਆਂ ਨੂੰ ਪੀੜ ਨਾਲ ਤੜਫਦਿਆਂ ਵੇਖਦੀ ਰਹੀ। ਬਾਰਾਂ ਸਾਲ ਦਾ ਇੱਕ ਜਖਮੀ ਮੁੰਡਾ ਮੇਰੇ ਤਰਲੇ ਕਰਨ ਲੱਗਾ ਕਿ ਮੈਨੂੰ ਛੱਡ ਕੇ ਨਾ ਜਾਓ। ਉਸਨੇ ਮੇਰੇ ਕੋਲੋਂ ਪਾਣੀ ਮੰਗਿਆ ਪਰ ਉੱਥੇ ਪਾਣੀ ਨਹੀਂ ਸੀ। ਰਾਤ ਨੂੰ 2 ਵਜੇ ਮੁਲਤਾਨ ਪਿੰਡ ਦੇ ਇਕ ਜੱਟ ਨੇ ਜੋ ਕੰਝ ਵਿੱਚ ਬੁਰੀ ਤਰ੍ਹਾਂ ਫਸਿਆ ਹੋਇਆ ਸੀ ਮੈਨੂੰ ਵਾਜ਼ ਮਾਰੀ ਤੇ ਕਿਹਾ ਕਿ ਮੇਰੀ ਲੱਤ ਜਰਾ ਉੱਪਰ ਕਰ ਦਈ। ਮੈਂ ਉੱਠੀ ਤੇ ਲਹੂ ਲਿਬੜੇ ਕੱਪੜਿਆਂ ਤੋਂ ਪਕੜ ਕੇ ਉਸ ਦੀ ਲੱਤ ਉੱਪਰ ਨੂੰ

**ਕੀਤੀ। ਸਵੇਰੇ 6 ਵਜੇ ਕੁਝ ਵਿਅਕਤੀਆਂ ਦੀ ਮਦਦ ਨਾਲ ਮੈਂ ਆਪਣੇ ਪਤੀ ਦੀ ਲਾਸ਼ ਆਪਣੇ ਲੈ ਕੇ ਗਈ।**[32]

ਦੂਜੇ ਦਿਨ (14 ਅਪ੍ਰੈਲ) ਸਰਕਾਰੀ ਅਧਿਕਾਰੀਆਂ ਨੇ ਨਾਂ ਤਾਂ ਮਰਨ ਵਾਲਿਆਂ ਦੀ ਗਿਣਤੀ ਕੀਤੀ ਅਤੇ ਨਾ ਹੀ ਜਖ਼ਮੀਆਂ ਲਈ ਡਾਕਟਰੀ ਸਹਾਇਤਾ ਦਾ ਕੋਈ ਬੰਦੋਬਸਤ ਕੀਤਾ।

ਜਲਸੇ ਦੀ ਹਾਜ਼ਰੀ ਬਾਰੇ ਵੱਖ-ਵੱਖ ਵਿਚਾਰ ਸਨ। ਫ਼ੌਜੀ ਕੌਂਸਿਲ ਦੇ ਸਾਹਮਣੇ ਡਾਇਰ ਨੇ ਕਿਹਾ ਕਿ ਭੀੜ ਕੋਈ ਪੰਦਰਾਂ ਤੋਂ ਵੀਹ ਹਜ਼ਾਰ ਦੇ ਵਿਚਕਾਰ ਸੀ। ਪਰੰਤੂ ਮਦਨ ਮੋਹਨ ਮਾਲਵੀਆ ਅਨੁਸਾਰ ਜਲਦੇ ਦੀ ਹਾਜ਼ਰੀ ਸੋਲਾਂ ਤੋਂ ਵੀਹ ਹਜ਼ਾਰ ਦੇ ਵਿਚਕਾਰ ਸੀ।[33]

ਜਲਸੇ ਦੀ ਸੰਖਿਆਂ 15 ਹਜ਼ਾਰ ਤੋਂ ਵੱਧ ਹੀ ਹੋਵੇਗੀ।

ਡਾਇਰ ਨੇ ਲੈਫਟੀਨੈਂਟ ਗਵਰਨਰ ਨੂੰ ਮਰਨ ਵਾਲਿਆ ਦੀ ਗਿਣਤੀ ਦਾ ਅੰਦਾਜ਼ਾ 300 ਦੇ ਵਿਚਕਾਰ ਭੇਜਿਆ ਸੀ। ਸੇਵਾ ਸੰਮਤੀ ਵਾਲਿਆ ਨੇ ਘਰ ਘਰ ਫਿਰ ਕੇ ਸਰਵੇਖਣ ਕੀਤਾ। ਉਨ੍ਹਾਂ ਅਨੁਸਾਰ ਮਰਨ ਵਾਲਿਆਂ ਦੀ ਗਿਣਤੀ 530 ਤੱਕ ਸੀ। ਸਰਕਾਰੀ ਗਿਣਤੀ ਅਨੁਸਾਰ 379 ਵਿਅਕਤੀ ਮਾਰੇ ਗਏ ਅਤੇ 1200 ਜਖਮੀ ਹੋਏ। ਸ਼ਰਧਾ ਨੰਦ ਨੇ ਮਾਰੇ ਜਾਣ ਵਾਲਿਆਂ ਦੀ ਗਿਣਤੀ 1500 ਦੱਸੀ। ਪਰ ਅਸੀਂ ਇਹ ਸਹਿਜ਼ ਹੀ ਅੰਦਾਜ਼ਾ ਲਗਾ ਸਕਦੇ ਹਾਂ ਕਿ ਪੰਦਰਾ ਹਜ਼ਾਰ ਲੋਕਾਂ ਦੀ ਭੀੜ ਉੱਪਰ 1650 ਰਾਊਡ ਗੋਲੀ ਚਲਾਉਣ ਨਾਲ ਮਰਨ ਵਾਲਿਆਂ ਦੀ ਗਿਣਤੀ 1000 ਤੋਂ ਘੱਟ ਨਹੀਂ ਹੋ ਸਕਦੀ।

ਵਾਇਸਰਾਏ ਮੋਂਟੇਗਿਊ ਨੇ ਲੋਕਾਂ ਦੇ ਰੋਹ ਨੂੰ ਵੇਖਦੇ ਹੋਏ ਲੀਪਾਪੋਤੀ ਕਰਨ ਲਈ ਲਾਰਡ ਹੰਟਰ ਐਸਕੁਇਥ ਅਧੀਨ ਇੱਕ ਕਮੇਟੀ ਪੜਤਾਲ ਕਰਨ ਲਈ ਕਾਇਮ ਕੀਤੀ। ਇਸ ਕਮੇਟੀ ਅੱਗੇ ਡਾਇਰ ਨੇ ਆਪਣੇ ਬਿਆਨ ਦਿੱਤਾ :

**"ਮੈਂ ਗੋਲੀਆਂ ਚਲਾਉਂਦਾ ਗਿਆ ਤੇ ਉਨਾਂ ਚਿਰ ਚਲਾਉਂਦਾ ਗਿਆ। ਜਿੰਨ੍ਹਾਂ ਚਿਰ ਤੱਕ ਸਾਰੀ ਭੀੜ ਤਿੱਤਰ ਬਿੱਤਰ ਨਾ ਹੋ ਗਈ।...... ਜੇ ਮੇਰੇ ਕੋਲ ਸਿਪਾਹੀਆਂ ਦੀ ਗਿਣਤੀ ਵਦੇਰੇ ਹੁੰਦੀ ਤਾਂ ਉਨੀ ਹੀ ਨਿਸਬਤ ਵਧੇਰੇ ਲੋਕੀ ਮਰਦੇ ਅਤੇ ਫੱਟੜ ਹੁੰਦੇ।**[34]

**ਡਾਇਰ ਨੇ ਕਮੇਟੀ ਅੱਗੇ ਸਵੀਕਾਰ ਕੀਤਾ ਕਿ ਗੋਲੀ ਚਲਾਉਣ ਦਾ ਉਸਦਾ ਮਕਸਦ ਭੀੜ ਨੂੰ ਖਿੰਡਾਉਣਾ ਨਹੀਂ ਸੀ ਸਗੋਂ ਉਨ੍ਹਾਂ (ਭਾਰਤੀਆਂ) ਦੇ ਮਨਾਂ ਵਿੱਚ ਅੰਗਰੇਜ਼ੀ ਖੋਫ਼ ਬਿਠਾਉਣਾ ਸੀ। ਡਾਇਰ ਨੇ ਸਿਪਾਹੀਆਂ ਨੂੰ ਪੁਜ਼ੀਸ਼ਨਾਂ ਉੱਪਰ ਜਾਂਦੇ ਸਾਰ ਹੀ ਫਾਇਰ ਖੋਲਣ ਦਾ ਆਦੇਸ਼ ਦਿੱਤਾ। ਉਸਨੇ ਅੱਗੇ ਸਵੀਕਾਰ ਕੀਤਾ ਕਿ ਜਲ੍ਹਿਆਂਵਾਲੇ ਬਾਗ਼ ਵਿੱਚ ਬਕਤਰਬੰਦ ਗੱਡੀਆਂ ਜਾਣ ਦਾ ਰਸਤਾ ਹੁੰਦਾ ਤਾਂ ਮੈਂ ਮਸ਼ੀਨਗੰਨਾ ਨਾਲ ਫਾਇਰ ਕਰਦਾ।**

ਅੰਗਰੇਜ਼ਾ ਨੇ ਤਾਂ ਡਾਇਰ ਦਾ ਸਹੀ ਸਮਰਥਨ ਕੀਤਾ। ਇੰਗਲੈਂਡ ਵਿੱਚ ਲੋਕਾਂ ਦਾ ਵਿਚਾਰ ਸੀ ਕਿ ਡਾਇਰ ਨੇ ਮੌਕਾ ਸੰਭਾਲ ਲਿਆ ਅਤੇ 'ਦੂਜਾ ਗਦਰ' ਨਾਂ ਹੋਣ ਦਿੱਤਾ। ਜਲ੍ਹਿਆਂਵਾਲੇ ਬਾਗ ਵਿੱਚ ਹੋਏ ਕਤਲੇਆਮ ਬਾਰੇ ਕਾਂਗਰਸ ਨੇ ਪੜਤਾਲੀਆਂ ਕਮੇਟੀ ਦੀ ਰਿਪੋਰਟ ਇਸ ਤਰ੍ਹਾਂ ਪੇਸ਼ ਕੀਤੀ :

"ਜਲ੍ਹਿਆਂਵਾਲੇ ਬਾਗ ਦਾ ਕਤਲੇਆਮ ਨਿਹੱਥੇ ਅਤੇ ਨਿਰਦੋਸ਼ ਲੋਕਾਂ-ਜਿਨ੍ਹਾਂ ਵਿੱਚ ਬੱਚੇ ਵੀ ਸ਼ਾਮਲ ਸਨ। ਉੱਪਰ ਗਿਣਿਆ ਮਿੱਥਿਆ ਅਣ-ਮਨੁੱਖੀ ਅੱਤਿਆਚਾਰ ਸੀ।[35]

ਡਾਇਰ ਨੇ 'ਸਬਕ ਸਿਖਾਉਣ' ਲਈ ਹੀ ਸਭ ਕੁਝ ਕੀਤਾ। ਨਾ ਉਸਨੇ ਜਲਸਾ ਹੋਣ ਤੋਂ ਰੋਕਣ ਲਈ ਪਾਬੰਦੀਆਂ ਕੀਤੀਆਂ ਅਤੇ ਨਾ ਹੀ ਮਨਾਹੀ ਦੇ ਹੁਕਮ ਦੀਆਂ ਕਾਪੀਆਂ ਬਾਗ ਦੇ ਦਰਵਾਜ਼ੇ ਦੇ ਬਾਹਰ ਕੰਧਾਂ ਤੇ ਚਿਪਕਾਈਆਂ। ਡਾਇਰ ਨੇ ਬਗੈਰ ਕਿਸੇ ਚਿਤਾਵਨੀ ਦੇ ਫਾਇਰ ਖੋਲ ਦਿੱਤਾ, ਕਿਉਂਕਿ ਉਹ ਹਜ਼ੂਮ ਨੂੰ ਖਿਲਰਣ ਦਾ ਮੌਕਾ ਨਹੀਂ ਦੇਣਾ ਚਾਹੁੰਦਾ ਸੀ। ਉਹ ਅੰਮ੍ਰਿਤਸਰ ਨੂੰ ਸਜ਼ਾ ਦੇਣਾ ਚਾਹੁੰਦਾ ਸੀ ਅਤੇ ਉਸਨੇ ਇਹ ਸਭ ਬਦਲੇ ਦੀ ਭਾਵਨਾ ਨਾਲ ਗੁੱਸੇ ਵਿੱਚ ਆਣ ਕੇ ਕੀਤਾ। ਜਖਮੀਆਂ ਨੂੰ ਅਸਹਿ ਪੀੜ ਨਾਲ ਮਰਨ ਲਈ ਉੱਥੇ ਪਏ ਰਹਿਣ ਦੇਣਾ ਵੀ ਉਸਦੀ ਇੱਛਾ ਵਿੱਚ ਸ਼ਾਮਲ ਸੀ। **ਵੀ. ਐਨ ਦੱਤਾ ਆਪਣੀ ਕਿਤਾਬ 'ਜਲ੍ਹਿਆਂਵਾਲਾ ਬਾਗ' ਵਿੱਚ ਉਲੇਖ ਕਰਦਾ ਹੈ ਕਿ ਅੰਗਰੇਜ਼ਾਂ ਨੇ ਆਪਣੇ ਖੁਫੀਆ ਏਜੰਟ ਹੰਸ ਰਾਜ ਦੁਆਰਾ ਜਲ੍ਹਿਆਂਵਾਲੇ ਬਾਗ ਦਾ ਇਕੱਠ ਕਰਵਾਇਆਸ਼ ਜਿਸ ਨੇ ਯੋਜਨਾ ਮੁਤਾਬਕ ਡਾਇਰ ਨੂੰ ਇਸ਼ਾਰਾ ਕੀਤਾ ਅਤੇ ਆਪ ਉੱਥੋਂ (ਬਾਗ ਤੋਂ) ਚਲਾ ਗਿਆ। ਜੋ ਬਾਅਦ ਵਿੱਚ ਸਰਕਾਰੀ ਗਵਾਹ ਬਣ ਗਿਆ। ਡਾਇਰ ਦੀ ਜੀਵਨੀ ਲਿਖਣ ਵਾਲੇ ਮੁਤਾਬਿਕ ਡਾਇਰ ਨੇ ਆਪਣੀ ਪਤਨੀ ਨੂੰ ਇਹ ਗੱਲ ਕਹੀ ਸੀ ਕਿ ਬਾਗੀਆਂ ਨੂੰ ਸਜਾ ਦੇਣ ਲਈ ਜ਼ਰੂਰੀ ਸੀ ਕਿ ਉਨ੍ਹਾਂ ਨੂੰ ਖੁੱਲੇ ਮੈਦਾਨ ਵਿੱਚ ਲਿਆਂਦਾ ਜਾਵੇ।[36]**

ਜੈਅਕਾਰ ਦਾ ਜਲ੍ਹਿਆਂਵਾਲੇ ਬਾਗ ਦੀ ਦੁਰਘਟਨਾ ਬਾਰੇ ਕਾਂਗਰਸੀ ਪੜਤਾਲੀਆਂ ਕਮੇਟੀ ਦਾ ਡੂੰਘਾ ਸਬੰਧ ਸੀ, ਉਸਨੇ ਲਿਖਿਆ ਹੈ :

"ਇਨ੍ਹਾਂ ਸਾਰਿਆਂ ਤੱਥਾਂ ਨੂੰ ਵੇਖਦਿਆਂ ਹੋਇਆਂ ਖਿਆਲ ਕੀਤਾ ਜਾ ਸਕਦਾ ਹੈ ਕਿ ਇੱਕ ਮੀਟਿੰਗ ਦਾ ਬੰਦੋਬਸਤ ਹੰਸ ਰਾਜ ਅਤੇ ਉਸਦੇ ਸਾਥੀਆਂ ਨੇ ਬਾਗ ਵਿੱਚ ਭਾਰੀ ਗਿਣਤੀ ਵਿੱਚ ਲੋਕਾਂ ਨੂੰ ਇਕੱਠਿਆਂ ਕਰਨ ਲਈ ਕੀਤਾ। ਇਸ ਵਿੱਚ ਅੰਮ੍ਰਿਤਸਰ ਦੇ ਸਰਕਾਰੀ ਅਧਿਕਾਰੀਆਂ ਦਾ ਕੋਈ ਹੱਥ ਸੀ ਤਾਂ ਉਹ ਬਦਲੇ ਦਾ ਭਾਵਨਾ ਕਾਰਨ ਇਨ੍ਹਾਂ ਨਾਲ ਹੋ ਗਏ। ਅਸੀਂ ਕੁਝ ਨਹੀਂ ਕਹਿ ਸਕਦੇ ਕਿਉਂਕਿ ਸਾਡੇ ਕੋਲ ਇਨ੍ਹਾਂ ਗੱਲਾਂ ਦੀ ਪੁਸ਼ਟੀ ਲਈ ਗਵਾਹੀਆਂ ਕਾਫ਼ੀ ਨਹੀਂ ਸਨ, **ਫਿਰ ਵੀ ਇਹ ਗੱਲ ਬਿਲਕੁਲ ਸਾਫ਼ ਹੈ ਕਿ ਡਾਇਰ ਨੇ ਅੰਮ੍ਰਿਤਸਰ ਦੇ ਲੋਕਾਂ ਨੂੰ ਆਪਣੇ ਬਦਲੇ ਦੀ ਅੱਗ ਮੱਠੀ ਕਰਨ ਲਈ ਪੂਰੀ ਤੇ ਭਿਆਨਕ ਸਜ਼ਾ ਦੇਣ ਵਾਸਤੇ ਜਲਸੇ ਦਾ ਪੂਰਾ ਫਾਇਦਾ ਉਠਾਇਆ।**37

ਭਾਵੇਂ ਡਾਇਰ ਨੇ ਅੰਮ੍ਰਿਤਸਰ ਦੇ ਲੋਕਾਂ ਨੂੰ ਸਬਕ ਸਿਖਾ ਦਿੱਤਾ ਪਰ ਹਿੰਦੋਸਤਾਨ ਹੱਥੋਂ ਗਵਾ ਦਿੱਤਾ। ਰਾਸ਼ਟਰਵਾਦੀ ਤਾਕਤਾਂ ਲਈ ਇਹ ਘਟਨਾ ਬੜੀ ਲਾਹੇਬੰਦ ਸਿੱਧ ਹੋਈ। ਇਸ ਨਾਲ ਅਜ਼ਾਦੀ ਦੀ ਲੜਾਈ ਵਧੇਰੇ ਜ਼ੋਰ ਫੜ ਗਈ।

## References :

1. Fauja Singh, Who's who Punjab Freedom Fighters, Vol. I Punjabi university Patiala.

2. O Dwyer, India as I knew it, London, 1925, p. 207.
3. Ibid, p. 206-07.
4. Ibid, p. 206-07.
5. Govt of India, Home Department, Political, File No. 8, of 1924, p. 8-12.
6. Govt of India, Home Department, Political, B-1920, p. 123.
7. Govt of India, Home Department, Political, July, 1919, No, 373 p. 1.
8. Proceedings of the Imperial Legislative Council, Vol,-VII, April, 1918- March-1919, p. 456.
9. Govt of India, Home Department, Political, B, February, 1920, No. 373, p. 69.
10. Disorders of Inquiry Committee, Report Calcutta, 1920, Vol-III, p. 50.
11. Disorders of Inquiry Committee, Vol-VI, p. 72.
12. Govt of India, Home Department, Political, A, Aug, 1919, No. 1-16.
13. Legislative Council Debates, LVI, 18th Sept, 1917.
14. Proceedings of Legislative Council of the Punjab, 1919, Vol-X, pp. 290-91.
15. Disorders of Inquiry Committee, Vol-Vi, p. 89, and London Times 30 May, 1920.
16. Govt of India, Home Department, Political Deposit, June, 1919, No 23.
17. V. N. Dutta, 'Jallinwala Bagh,' Punjabi University, Patila, 1972, p. 71.
18. Disorders of Inquiry Committee, Vol-VI, p. 119.
19. Disorders of Inquiry Committee, Vol-VI, p. 19.
20. Report and Evidence of the Punjab Sub Committee to the Indian National Congress, p. 30.
21. Govt of India, Home Department, Political, July, 1919, No. 44, p. 2.

22. Disorders of Inquiry Committee, Vol-VI, p. 119.
23. Govt of India, Home Department, Political, B, Feb. 1920, No.·373 p. 6
24. Omd papers, 771 (1920) REPORT OF Captain Briggs Appendix. A to Statement by Dyer.
25. Disorders of Inquiry Committee, Vol-III, p. 212.
26. Ibid, Vol. VI, p. 398.
27. ibid, Vol. III, p. 189.
28. Ibid, pp. 116, 119
29. Report and Evidence of the Punjab Sub Committee to the Indian National Congress, p. 30.
30. Disorders of Inquiry Committee, Vol-III, p. 117.
31. Omd papers, 77 (1920) Statement by Dyer.
32. Report and Evidence of the Punjab Sub Committee to the Indian National Congress, p. 30.
33. Amrit Bazar Patrika, 7th August, 1919.
34. Disorders of Inquiry Committee, Vol-III, p. 117.
35. Gandhi Autobiography, p. 291.
36. Calvin, The Life of General Dyer, Ondon, 1929, p. 18.
37. Jayakar Papers, Punjab Inquiry, Vol. II, No. 417, 15 April, 1920 to 15 Jan 1930.

### ਅਧਿਆਇ-8

# ਸਿੱਖਾਂ ਵਿੱਚ ਰਾਜਨੀਤਿਕ ਚੇਤਨਤਾ ਦਾ ਵਿਕਾਸ-ਗੁਰਦੁਆਰਾ ਸੁਧਾਰ ਅੰਦੋਲਨ

ਭਾਰਤੀ ਇਤਿਹਾਸ ਦੀਆਂ ਕੁਝ ਪ੍ਰਸਿੱਧ ਰਾਜਸੀ ਧਾਰਮਿਕ, ਸਮਾਜਿਕ ਲਹਿਰਾਂ ਵਿੱਚੋਂ ਇੱਕ ਅਕਾਲੀ ਲਹਿਰ ਵੀ ਹੈ। ਇਸ ਲਹਿਰ ਦਾ ਆਰੰਭ 1920 ਵਿੱਚ ਹੋਇਆ ਸੀ। ਪੰਜਾਬ ਵਿੱਚ ਅੰਗਰੇਜ਼ਾ ਦਾ ਰਾਜ ਲਗਭਗ ਸੋ ਸਾਲ (1849-1947) ਤੱਕ ਰਿਹਾ। ਈਸਾਈ ਧਰਮ ਦੇ ਪ੍ਰਚਾਰ ਕਾਰਨ, ਸਿੱਖ, ਹਿੰਦੂ ਅਤੇ ਇਸਲਾਮ ਦੇ ਆਗੂ ਆਪਣੇ-ਆਪਣੇ ਧਰਮ ਦੀ ਰੱਖਿਆ ਕਰਨ ਬਾਰੇ ਸੋਚਣ ਲੱਗੇ। ਜਿਸਦੇ ਫਲਸਰੂਪ ਪੰਜਾਬ ਵਿੱਚ ਅਨੇਕਾਂ ਲਹਿਰਾਂ, ਜਿਵੇਂ ਨਿਰੰਕਾਰੀ, ਨਾਮਧਾਰੀ ਤੇ ਸਿੰਘ ਸਭਾ, ਬ੍ਰਹਮੋ ਸਮਾਜ, ਦੇਵ ਸਮਾਜ਼, ਆਰੀਆਂ ਸਮਾਜ ਅਤੇ ਸ਼ਾਹੀ, ਅੰਜੁਮਨ-ਏ-ਇਸਲਾਮੀਆਂਆਦਿ ਹੋਂਦ ਵਿੱਚ ਆਈਆਂ।

ਅਜਿਹੇ ਪਿਛੋਕੜ ਵਿੱਚ ਸਿੱਖਾਂ ਵਿੱਚ ਪੈਦਾ ਹੋਈ ਬੇਚੈਨੀ ਕਾਰਨ, ਸਮਾਜਕ ਰਾਜਨੀਤਿਕ ਲਹਿਰਾਂ ਖਾਸਕਾਰ ਅਕਾਲੀ ਲਹਿਰ ਦਾ ਵਰਨਣ ਕਰਨ ਦਾ ਯਤਨ ਕੀਤਾ ਗਿਆ। 29 ਮਾਰਚ, 1849 ਈ. ਨੂੰ ਲਾਰਡ ਡਲ ਹੌਜ਼ੀ ਦੀ ਸਰਕਾਰ ਨੇ ਪੰਜਾਬ ਨੂੰ ਭਾਰਤ ਬ੍ਰਿਟਿਸ਼ ਸਾਮਰਾਜ ਵਿੱਚ ਸ਼ਾਮਲ ਕਰਨ ਦਾ ਐਲਾਨ ਕਰ ਦਿੱਤਾ। ਇਹ ਅੰਗਰੇਜ਼ ਸਰਕਾਰ ਦੀ ਕੋਈ ਜਿੱਤ ਨਹੀਂ ਸੀ ਸਗੋਂ ਪੰਜਾਬ ਪ੍ਰਤੀ ਜਬਰਦਸਤ ਵਿਸ਼ਵਾਸਘਾਤ ਸੀ।[1] ਪੰਜਾਬ ਦੀ ਆਜ਼ਾਦੀ ਪੁੱਜਣ ਉਪਰੰਤ, ਸਿੱਖਾਂ ਨੂੰ ਵੱਡਾ ਧੱਕਾ ਲੱਗਾ। ਖਾਲਸਾ ਰਾਜ ਦੀ ਸਮਾਪਤੀ ਨਾਲ ਸਿੱਖ ਵਿੱਚ ਰੋਸ ਫੈਲ ਗਿਆ। ਮਹਾਰਾਜਾ ਦਲੀਪ ਸਿੰਘ ਨਾਲ ਤਾਂ ਅੰਗਰੇਜਾਂ ਨੇ ਸਭ ਤੋਂ ਵੱਡਾ ਧੋਖਾ ਕੀਤਾ। ਉਸਨੂੰ ਰਾਜ-ਗੱਦੀ ਤੋਂ ਉਤਾਰ ਦਿੱਤਾ ਗਿਆ ਅਤੇ ਉਸ ਕੋਲੋ ਕੋਹੇਨੂਰ ਨਾਮ ਦਾ ਅਨਮੋਲ ਹੀਰਾ ਖੋਹ ਲਿਆ। ਦਲੀਪ ਸਿੰਘ ਦੀ ਮਾਤਾ ਮਹਾਂਰਾਣੀ ਜਿੰਦ ਕੌਰ ਨੂੰ ਪਹਿਲਾਂ ਹੀ ਦੇਸ਼-ਨਿਕਾਲਾ ਦਿੱਤਾ ਜਾ ਚੁੱਕਿਆ ਸੀ। ਉਹ ਬਨਾਰਸ ਵਿਖੇ ਰਹਿ ਰਹੀ ਸੀ। ਮਹਾਰਾਣੀ ਦੇ ਦੇਸ਼ ਨਿਕਾਲੇ ਨੂੰ ਇੱਕ ਕੌਮੀ ਅਪਮਾਨ ਅਤੇ ਰਜਣੀਤ ਸਿੰਘ ਦੇ ਵੰਸ਼ ਦੇ ਰਾਜ ਨੂੰ ਸਮਾਪਤ ਕਰਨ ਵੱਲ ਮੁੱਢਲੀ ਕਾਰਵਾਈ ਸਮਝਿਆ ਗਿਆ ਸੀ। ਇਸ ਤਰ੍ਹਾਂ ਪੰਜਾਬ ਵਿੱਚ ਅੰਗਰੇਜ਼ਾਂ ਦੇ ਖਿਲਾਫ ਮਹੌਲ ਪੈਦਾ ਹੋ ਗਿਆ। ਅੰਗਰੇਜ਼ਾਂ ਨੇ ਆਪਣਾ ਰਾਜ ਮਜ਼ਬੂਤ ਕਰਨ ਲਈ ਖਾਲਸਾ ਸੈਨਾ ਨੂੰ ਤੋੜ ਦਿੱਤਾ ਅਤੇ ਪੰਜਾਬ ਦੇ ਸਧਾਰਣ ਲੋਕਾਂ ਨੂੰ ਬੇਹਥਿਆਰ ਕਰ ਦਿੱਤਾ। ਉਨ੍ਹਾਂ ਸਰਦਾਰਾ ਵਿਰੁੱਧ ਸਖਤ ਕਾਰਵਾਈ ਕੀਤੀ ਗਈ, ਜਿਨ੍ਹਾਂ ਨੇ ਐਂਗਲੋ-ਸਿੱਖ ਯੁੱਧ ਵਿੱਚ ਹਿੱਸਾ ਲਿਆ ਸੀ। ਕਈਆ ਦੀਆਂ ਜਮੀਨਾਂ ਜਬਤ ਕਰ ਲਈਆ ਗਈਆਂ, ਕਈਆਂ ਨੂੰ ਕੈਦੀ ਬਣਾ ਕੇ ਇਲਾਹਾਬਾਦ ਅਤੇ ਕਲਕੱਤਾ ਭੇਜ਼ ਦਿੱਤਾ

ਗਿਆ। ਪੰਜਾਬ ਦਾ ਸਾਰਾ ਸ਼ਾਸਨ ਪ੍ਰਬੰਧ ਵਿਦੇਸ਼ੀ ਨੌਕਰਸ਼ਾਹੀ ਦੇ ਹੱਥ ਆ ਗਿਆ ਸੀ। ਇੱਥੋਂ ਦੇ ਲੋਕਾਂ ਨੂੰ ਸਰਕਾਰੀ ਅਹੁਦਿਆਂ ਤੋਂ ਵਾਝਾ ਕਰ ਦਿੱਤਾ ਗਿਆ। ਇਨ੍ਹਾਂ ਕਾਰਨਾਂ ਕਰਕੇ ਵੀ ਪੰਜਾਬ ਦੇ ਲੋਕ ਅਸੰਤੁਸ਼ਟ ਹੋ ਗਏ। ਪੰਜਾਬ ਵਿੱਚ ਲਗਾਨ ਵਿਵਸਥਾ ਵੀ ਅੰਗਰੇਜ਼ਾਂ ਦੀ ਦੋਸ਼ ਪੂਰਨ ਸੀ, ਕਿਉਂਕਿ ਲਗਾਨ ਜਿਆਦਾ ਸੀ ਅਤੇ ਨਕਦ ਅਦਾਇਗੀ ਸੀ।

ਪੰਜਾਬ ਵਿੱਚ ਰਾਜਨੀਤਿਕ ਚੇਤਨਤਾ ਆਉਣ ਦਾ ਇੱਕ ਕਾਰਨ ਇਹ ਵੀ ਸੀ ਕਿ ਸਿੱਖ ਗੁਰਧਾਮਾਂ ਦੇ ਪੁਜਾਰੀਆਂ ਨੇ ਗੁਰਦੁਆਰਿਆਂ ਦੀਆਂ ਜ਼ਮੀਨਾਂ ਜਾਇਦਾਦਾਂ ਨੂੰ ਆਪਣੇ ਨਾਵਾਂ ਹੇਠ ਦਰਜ਼ ਕਰਵਾ ਕੇ ਉਨ੍ਹਾਂ ਦੇ ਨਿੱਜੀ ਮਾਲਕ ਬਣ ਬੈਠੇ। ਇੰਜ ਹੀ ਇਹਨਾਂ ਨੇ ਸ਼ਰਧਾਲੂਆਂ ਨੂੰ ਖ਼ੁਸ਼ ਕਰਨ ਲਈ ਉਹਨਾਂ ਗੁਰਦੁਆਰਿਆਂ ਵਿੱਚ ਮੂਰਤੀਆਂ ਰੱਖਣੀਆਂ ਸ਼ੁਰੂ ਕਰ ਦਿੱਤੀਆਂ, ਜੋ ਕਿ ਸਿੱਖੀ ਸਿਧਾਂਤ ਦੇ ਵਿਰੁੱਧ ਸੀ। ਇਸ ਪ੍ਰਕਾਰ ਦੇ ਵਾਤਾਵਰਣ ਵਿੱਚ ਕੁਦਰਤੀ ਗੱਲ ਸੀ, ਕਿ ਸਿੱਖੀ ਦੇ ਵਿਲੱਖਣ ਸਰੂਪ ਦੀ ਜਾਂ ਇਸਦੀ ਅਜ਼ਾਦ ਹੈਸ਼ੀਅਤ ਦੀ ਤਸਵੀਰ ਧੁੰਦਲੀ ਪੈ ਜਾਵੇ। ਸਿੰਘ ਸਭਾ ਲਹਿਰ ਨੇ ਇਸ ਖ਼ਤਰੇ ਨੂੰ ਚੰਗੀ ਤਰ੍ਹਾਂ ਅਨੁਭਵ ਕੀਤਾ ਅਤੇ ਸਿੱਖੀ ਸਰੂਪ (ਆਈਡੈਂਟਿਟੀ) ਨੂੰ ਮੁੜ ਬਹਾਲ ਕਰਨ ਲਈ ਜ਼ੋਰਦਾਰ ਅਵਾਜ਼ ਉਠਾਈ।

ਤਾਕਤ ਤੇ ਦੌਲਤ ਵਿਅਕਤੀ ਤੇ ਸਮਾਜ ਦੋਨਾ੍ਂ ਹੀ ਹਾਨੀਕਾਰਕ ਹੁੰਦੇ ਹਨ, ਇਸ ਕਥਨ ਦੀ ਸੱਚਾਈ ਸਿੱਖ ਇਤਿਹਾਸ ਤੋਂ ਬੜੀ ਚੰਗੀ ਤਰ੍ਹਾਂ ਉਘੜ ਕੇ ਸਾਹਮਣੇ ਆਉਂਦੀ ਹੈ। ਸੰਨ 1765 ਤੋਂ ਪਹਿਲਾਂ ਜਦ ਸਿੱਖਾਂ ਕੋਲ ਨਾ ਧਨ ਸੀ ਅਤੇ ਨਾ ਤਾਕਤ, ਉਹਨਾਂ ਦੇ ਆਚਰਣ ਦੀ ਦੁਸ਼ਮਣਾਂ ਵਿੱਚ ਵੀ ਸ਼ਲਾਘਾ ਸੀ। ਪਰੰਤੂ ਮਗਰੋ ਸ਼ਕਤੀ ਤੇ ਧਨ ਦੇ ਨਸ਼ੇ ਨੇ ਇਹਨਾਂ ਦੀ ਇਹ ਹਾਲਤ ਨਾ ਰਹਿਣ ਦਿੱਤੀ। ਰਣਜੀਤ ਸਿੰਘ ਦੇ ਸਮੇਂ ਤੇ ਉਸ ਤੋਂ ਬਾਅਦ ਮੱਚੀ ਗੜਬੜੀ ਦੇ ਦਿਨਾਂ ਵਿੱਚ ਸਿੱਖ ਸਮਾਜ ਨੂੰ ਵੱਡੀ ਢਾਹ ਲੱਗੀ, ਤੇ ਇਸ ਵਿੱਚੋਂ ਸਮਾਨਤਾ ਦਾ ਕੇਂਦਰ ਹੁਣ ਅਲੋਪ ਹੋ ਗਿਆ। ਜਿਹਨਾਂ ਕੋਲ ਜਗੀਰਾਂ, ਮਿਲਖਾਂ ਜਾਂ ਉੱਚੀਆਂ ਪਦਵੀਆਂ ਸਨ, ਉਹਨਾਂ ਦੀ ਇੱਕ ਵੱਖਰੀ ਹੀ ਉੱਚੀ ਸ੍ਰੇਣੀ ਬਣ ਗਈ। ਉਹਨਾਂ ਦੀ ਰਹਿਣੀ ਬਹਿਣੀ ਵਿੱਚ ਉਹ ਅਮੀਰਾਂ ਵਾਂਗ ਵਿਲਾਸ ਦੀ ਜ਼ਿੰਦਗੀ ਬਤੀਤ ਕਰਨ ਲੱਗ ਪਏ। ਸ਼ਰਾਬ ਵਿੱਚ ਗੁੱਟ ਰਹਿਣਾ ਅਤੇ ਨਾਚੀਆਂ, ਮਰਾਸੀਆਂ, ਡੂਮ, ਡਫਾਲ, ਭੰਡ ਅਤੇ ਭੜੂਣਾਂ ਰੱਖਣਾ ਉਹਨਾਂ ਦਾ ਨਿੱਤ ਦਾ ਕਰਮ ਬਣ ਗਿਆ। ਇਸ ਦੇ ਉਲਟ ਨੀਵੀਆਂ ਜਾਤਾਂ ਦੇ ਲੋਕਾਂ ਪ੍ਰਤੀ ਘਿਰਣਾ ਦੀ ਭਾਵਨਾ ਵੱਧ ਗਈ। ਸਿੱਖ ਧਰਮ ਵਿੱਚ ਛੂਆ-ਛੂਤ ਦੀ ਵੀ ਉਕੀ ਮਨਾਹੀ ਹੈ, ਪਰ ਹੁਣ ਇਸ ਵਿੱਚ ਵੀ ਇਹ ਲਾਹਨਤ ਆ ਵੜੀ। ਹੋਲੀ-ਹੋਲੀ ਇਹਨਾਂ ਦੀ ਹਾਲਤ ਇੰਨੀ ਨਿੱਘਰੀ ਕਿ ਨੀਵੀਆਂ ਜਾਤਾਂ ਦੇ ਘਰਾਂ ਵਿੱਚ ਰਿਸ਼ਤੇ ਨਾਤੇ ਕਰਨਾਂ ਤਾਂ ਇੱਕ ਪਾਸੇ ਰਿਹਾ, ਉਹਨਾਂ ਦੇ ਹੱਥਾ ਦਾ ਖਾਣਾ ਵੀ ਬੁਰਾ ਸਮਝਿਆ ਜਾਣ ਲੱਗ ਪਿਆ। ਗੁਰਦੁਆਰਿਆਂ ਵਿੱਚ ਵੀ ਇਸ ਲਾਹਨਤ ਨੇ ਇਹਨਾਂ ਦਾ ਪਿੱਛਾ ਨਾ ਛੱਡਿਆਂ ਤੇ ਮਹੰਤ-ਪੁਜਾਰੀ ਤੇ ਹੋਰ ਉੱਚ ਵਰਗੀ ਲੋਕ ਇਹਨਾਂ ਤੋਂ ਪ੍ਰਸ਼ਾਦ ਲੈਣਾ ਵੀ ਭਿੱਟ ਸਮਝਣ ਲੱਗੇ। ਇਸੇ ਤਰ੍ਹਾਂ ਔਰਤਾਂ ਦੀ ਪੁਜ਼ੀਸ਼ਨ ਵਿੱਚ ਵੀ ਬੜੀ ਗਿਰਾਵਟ ਆਈ।

ਲੜਕੀ ਦਾ ਜਨਮ ਮਨਹੂਸ ਖਿਆਲ ਕੀਤਾ ਜਾਣ ਲੱਗਾ ਤੇ ਵੱਡੀਆਂ ਜਾਤਾਂ ਵਿੱਚ ਜੰਮਦੀਆਂ ਲੜਕੀਆਂ ਨੂੰ ਮਾਰ ਦੇਣ ਦਾ ਆਮ ਰਿਵਾਜ਼ ਹੋ ਗਿਆ। ਜਿਹੜੀ ਇਸ ਤੋਂ ਬਚ ਜਾਂਦੀਆਂ ਸਨ, ਉਹਨਾਂ ਨੂੰ ਛੋਟੀ ਉਮਰ ਵਿੱਚ ਹੀ ਵਿਆਹੁਣ ਦਾ ਰਿਵਾਜ਼ ਜ਼ੋਰ ਫੜ ਗਿਆ। ਜੋ ਬਦਕਿਸਮਤੀ ਨਾਲ ਕਿਸੇ ਅਜਿਹੀ ਬਾਲ-ਵਹੁਟੀ ਦਾ ਪਤੀ ਮਰ ਜਾਏ, ਤਾਂ ਉਸ ਨੂੰ ਆਪਣੇ ਪਤੀ ਦੇ ਮ੍ਰਿਤਕ ਸਰੀਰ ਨਾਲ ਸਤੀ ਹੋਣ ਲਈ ਮਜ਼ਬੂਰ ਕੀਤਾ ਜਾਂਦਾ ਤੇ ਜੇ ਉਹ ਅਜਿਹਾ ਨਾ ਕਰੇ, ਤਾਂ ਉਸਨੂੰ ਸਾਰੀ ਉਮਰ ਵਿਧਵਾ ਦੀ ਬੇਬਸ, ਬੇਰੰਗ ਅਤੇ ਘ੍ਰਿਣਾ ਭਰਭੂਰ ਜ਼ਿੰਦਗੀ ਬਸਰ ਕਰਨੀ ਪੈਂਦੀ ਇਸ ਦੇ ਨਾਲ-ਨਾਲ ਵਿਅਕਤੀਗਤ ਗੁਰੂਆਂ ਦੇ ਰੂਪ ਵਿੱਚ ਇੱਕ ਹੋਰ ਮਹਾਂਮਾਰੀ ਫੈਲ ਰਹੀ ਸੀ। ਬੇਦੀਆਂ ਅਤੇ ਸੋਢੀਆਂ ਨੂੰ ਗੁਰੂ ਦੇ ਅੰਸ਼ ਹੋਣ ਦਾ ਮਾਣ ਪ੍ਰਾਪਤ ਸੀ। ਇਸ ਦਾ ਨਜ਼ਾਇਜ਼ ਫਾਇਦਾ ਉਠਾਉਣ ਲਈ ਇਹਨਾਂ ਨੇ ਆਪਣੇ ਗੁਰੂ-ਡੰਮ ਸਥਾਪਤ ਕਰ ਲਏ, ਜਿਸ ਨਾਲ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਪੂਜਾਂ ਦੀ ਥਾਂ ਤੇ ਇਹਨਾਂ ਪਾਖੰਡੀ ਗੁਰੂਆਂ ਦੀ ਪੂਜਾ ਹੋਣ ਲੱਗ ਪਈ। ਇਸ ਦਾ ਇੱਕ ਬੁਰਾ ਨਤੀਜਾ ਇਹ ਹੋਇਆ ਕਿ ਸਿੱਖ ਕੌਮ ਦਾ ਸੰਗਠਨ ਟੁੱਟਣ ਲੱਗ ਪਿਆ। ਇੱਥੇ ਇਹ ਯਾਦ ਰੱਖਣ ਦੀ ਲੋੜ ਹੈ ਕਿ ਸਿੱਖ ਸਮਾਜ ਵਿੱਚ ਕੇਵਲ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਗੁਰਿਆਈ ਦਾ ਵਿਸ਼ਵਾਸ ਹੀ ਸਿੱਖ ਕੌਮ ਨੂੰ ਇਕੱਠਿਆ ਕਰਦਾ ਹੈ। ਇਸ ਲਈ ਤਰੱਕੀ ਦਾ ਰਾਹ ਖੋਹਲਦਾ ਹੈ। ਇਸ ਦੇ ਉਲਟ ਗੁਰੂ-ਡੰਮਾ ਦਾ ਚੱਕ ਇਸ ਵਿੱਚ ਕਮਜ਼ੋਰੀ ਪੈਦਾ ਕਰਦਾ ਰਿਹਾ ਹੈ।

ਜਦ ਸਿੱਖ ਸੰਨ 1849 ਵਿੱਚ ਰਾਜ ਸੱਤਾ ਤੋਂ ਵਾਂਝੇ ਹੋ ਗਏ, ਤਾਂ ਸਥਿਤੀ ਹੋਰ ਵੀ ਗੰਭੀਰ ਹੋ ਗਈ। ਇਸਦੇ ਕਾਰਨਾਂ ਵਿੱਚ ਇੱਕ ਵੱਡਾ ਕਾਰਨ ਗੁਰਧਾਮਾਂ ਦੇ ਪ੍ਰਬੰਧ ਵਿੱਚ ਤੇਜ਼ੀ ਨਾਲ ਆ ਰਹੀ ਗਿਰਾਵਟ ਸੀ। ਜਿਸ ਲਈ ਵਧੇਰੇ ਕਰਕੇ ਇਹਨਾਂ ਦੇ ਇੰਚਾਰਜ ਪੁਜਾਰੀ ਜਾਂ ਮਹੰਤ ਜ਼ਿੰਮੇਵਾਰ ਸਨ। ਇਹਨਾਂ ਨੂੰ ਇਕ ਪਾਸੇ ਸਰਕਾਰ ਤੇ ਅਨਮਤੀਆਂ ਦੀ ਸ਼ਹਿ ਪ੍ਰਾਪਤ ਸੀ ਦੂਜੇ ਪਾਸੇ ਗੁਰਦੁਆਰਿਆਂ ਤੋਂ ਹਾਸਿਲ ਹੁੰਦੇ ਧਨ ਦਾ ਮਾਣ। ਇਹ ਆਪ ਵੀ ਦਿਨੋ-ਦਿਨ ਨਿੱਘਰਦੇ ਜਾਂਦੇ ਸਨ, ਤੇ ਇਹਨਾਂ ਦੇ ਪ੍ਰਬੰਧ ਹੇਠ ਗੁਰੂਸਥਾਨਾਂ ਦੀ ਹਾਲਤ ਵੀ ਵਿਗੜਦੀ ਜਾ ਰਹੀ ਸੀ।[2]

ਸਿੱਖ ਸਮਾਜ ਦੀ ਅਜੇਹੀ ਕਮਜ਼ੋਰ ਅਵਸਥਾ ਵਿੱਚ ਸਿੱਖ ਧਰਮ ਤੇ ਦੂਜੇ ਧਰਮਾਂ ਵੱਲੋਂ ਵਾਰ ਹੋਣੇ ਕੁਦਰਤੀ ਗੱਲ ਹੀ ਸੀ। ਇਹ ਸਬੰਧੀ ਪਹਿਲ ਈਸਾਈ ਪਾਦਰੀਆਂ ਨੇ ਕੀਤੀ। ਲੁਧਿਆਣਾ ਮਿਸ਼ਨ ਤਾਂ ਰਣਜੀਤ ਸਿੰਘ ਦੇ ਸਮੇਂ ਵਿੱਚ ਹੀ ਸਥਾਪਤ ਹੋ ਚੁੱਕਾ ਸੀ। ਪੰਜਾਬੀ ਦੇ ਅੰਗਰੇਜ਼ੀ ਸ਼ਾਸਨ ਹੇਠ ਆਉਣ ਮਗਰੋਂ ਅੰਮ੍ਰਿਤਸਰ, ਲਾਹੌਰ, ਸਿਆਲਕੋਟ ਅਤੇ ਹੋਰ ਵੀ ਕਈ ਸ਼ਹਿਰਾਂ ਵਿੱਚ ਅਜਿਹੇ ਮਿਸ਼ਨ ਸਥਾਪਤ ਹੋ ਗਏ ਜਿਹਨਾਂ ਦੁਆਰਾ ਸਮੁੱਚੇ ਪੰਜਾਬ ਅੰਦਰ ਈਸਾਈ ਮੱਤ ਦਾ ਪ੍ਰਚਾਰ ਜ਼ੋਰਾਂ ਨਾਲ ਆਰੰਭ ਹੋ ਗਿਆ। ਇਸ ਮੁਹਿੰਮ ਦੇ ਪਿੱਛੇ ਸਰਕਾਰੀ ਅਫਸਰਾਂ ਦਾ ਹੱਥ ਵੀ ਕੰਮ ਕਰਦਾ ਸੀ ਤੇ ਇਹਨਾਂ ਵਿੱਚੋਂ ਕੋਈ ਜਹਾਨ ਲਾਰੰਸ ਵਰਗੇ ਉਚ ਅਧਿਕਾਰੀ ਰੁਪਈਏ ਪੈਸੇ ਦੀ ਸਹਾਇਤਾ ਵੀ ਦਿੰਦੇ ਸਨ। ਸਿੱਖਾਂ ਵੱਲ ਈਸਾਈ ਪ੍ਰਚਾਰਕਾਂ ਦੀ ਵਿਸ਼ੇਸ਼ ਰੁਚੀ ਇਸ ਵਾਸਤੇ ਸੀ ਕਿਉਂਕਿ ਉਹ ਸਮਝਦੇ ਸਨ ਕਿ ਇਹ ਦੂਜਿਆਂ ਦੇ ਮੁਕਾਬਲੇ ਵਿੱਚ ਘੱਟ ਪਰੰਪਰਾਵਾਦੀ

ਹੋਣ ਕਰਕੇ ਆਸਾਨੀ ਨਾਲ ਈਸਾਈ ਮੱਤ ਵਿੱਚ ਲਿਆਂਦੇ ਜਾ ਸਕਦੇ ਹਨ। ਮਹਾਂਰਾਜਾ ਦਲੀਪ ਸਿੰਘ, ਕੰਵਰ ਹਰਨਾਮ ਸਿੰਘ, ਦਾਉਦ ਸਿੰਘ, ਸੁੰਦਰ ਸਿੰਘ ਅਤੇ ਕੇਸਰ ਸਿੰਘ ਅਤੇ ਕਈ ਹੋਰ ਸਿੱਖਾਂ ਦੇ ਈਸਾਈ ਮੱਤ ਗ੍ਰਹਿਣ ਕਰ ਲੈਣ ਤੇ ਉਨ੍ਹਾਂ ਦੇ ਹੋਸਲੇ ਹੋਰ ਵੀ ਵੱਧ ਗਏ ਅਤੇ ਉਹਨਾਂ ਤੇ ਖੁੱਲਮ-ਖੁੱਲਾ ਈਸਾਈ ਧਰਮ ਨੂੰ ਸਲਾਹੁਣਾ ਤੇ ਸਿੱਖ ਧਰਮ ਨੂੰ ਨਿੰਦਣਾ ਸ਼ੁਰੂ ਕਰ ਦਿੱਤਾ। ਜਦੋਂ ਅੰਮ੍ਰਿਤਸਰ ਸਕੂਲ ਦੇ ਚਾਰ ਵਿਦਿਆਰਥੀਆ ਨੇ ਸੰਨ 1875 ਵਿੱਖ ਸਿੱਖੀ ਤਿਆਗਣ ਦਾ ਐਲਾਨ ਕੀਤਾ ਤਾਂ ਸਿੱਖ ਜਨਤਾ ਵਿੱਚ ਪਰੇਸ਼ਾਨੀ ਦੀ ਲਹਿਰ ਦੋੜ ਗਈ। ਪਰੰਤੂ ਇਹ ਚੁਣੌਤੀ ਸਿੱਖ ਆਗੂਆਂ ਨੂੰ ਖ਼ਬਰਦਾਰ ਕਰਨ ਵਿੱਚ ਸਹਾਈ ਹੋਈ, ਤੇ ਉਹਨਾਂ ਨੇ ਅਜਿਹੀਆਂ ਘਟਨਾਵਾਂ ਅੱਗੇ ਵਾਸਤੇ ਰੋਕਣ ਲਈ ਪੱਕੇ ਪ੍ਰਬੰਧ ਸੋਚਣੇ ਸ਼ੁਰੂ ਕਰ ਦਿੱਤੇ।

ਸਿੱਖ ਧਰਮ ਤੇ ਕਈ ਤਰ੍ਹਾਂ ਦੀਆਂ ਪਰੇਸ਼ਾਨੀਆਂ ਆ ਰਹੀਆਂ ਸਨ। ਮੁਸਲਮਾਨਾਂ ਵਿੱਚੋਂ ਕਾਦਿਆਨੀ ਫਿਰਕੇ ਦੇ ਪੈਰੋਕਾਰ ਵਿਸ਼ੇਸ਼ ਕਰਕੇ ਸਿੱਖੀ ਦੀ ਨੁਕਤਾਚੀਨੀ ਕਰਨ ਵਿੱਚ ਦਿਲਚਸਪੀ ਲੈਂਦੇ ਸਨ। ਉਹਨਾਂ ਦੇ ਪ੍ਰਾਪੇਗੰਡੇ ਦੀ ਵਿਧੀ ਦਾ ਖਾਸ ਨੁੱਛਣ ਸਿੱਖ ਧਰਮ ਦੇ ਮੋਢੀ ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਮੁਸਲਮਾਨ ਸਿੱਧ ਕਰਨਾ ਸੀ। ਇਸ ਕਿਸਮ ਦੇ ਵਿਰੋਧੀ ਪ੍ਰਚਾਰ ਨੇ ਸਿੱਖਾਂ ਵਿੱਚ ਜਾਗਰਿਤੀ ਪੈਦਾ ਕਰਨ ਵਿੱਚ ਚੋਖੀ ਸਹਾਇਤਾ ਕੀਤੀ।[3]

ਇਸ ਦੇ ਨਾਲ-ਨਾਲ ਪੱਛਮੀ ਵਿਦਿਆ ਦਾ ਦੇਸ਼ ਵਿੱਚ ਬੜੀ ਤੇਜ਼ੀ ਨਾਲ ਪਸਾਰਾ ਹੋ ਰਿਹਾ ਸੀ। ਇਹ ਵਿਦਿਆ ਭਾਰਤ ਦੀ ਪਰੰਪਰਾਵਾਦੀ ਵਿਦਿਆ ਨਾਲੋਂ ਵੱਖਰੀ ਕਿਸਮ ਦੀ ਸੀ। ਭਾਰਤੀ ਵਿਦਿਆ ਪ੍ਰਣਾਲੀ, ਭਾਵੇ ਉਹ ਹਿੰਦੂਆਂ ਦੀ ਹੋਵੇ ਜਾਂ ਮੁਸਲਮਾਨਾਂ ਦੀ ਉਸ ਦਾ ਮੁੱਖ ਉਦੇਸ਼ ਪਰਵਾਣਿਤ ਸਮਾਜਿਕ ਤੇ ਧਾਰਮਿਕ ਕਦਰਾਂ ਕੀਮਤਾਂ ਵਾਸਤੇ ਪਾਠਕਾਂ ਦੇ ਦਿਲਾਂ ਵਿੱਚ ਸਤਿਕਾਰ ਪੈਦਾ ਕਰਨਾ ਸੀ ਤਾਂ ਜੋ ਉਹਨਾਂ ਵਿੱਚੋਂ ਸਮੇਂ ਨਾਲ ਕੋਈ ਤਬਦੀਲੀ ਨਾ ਆ ਸਕੇ ਅਤੇ ਉਹ ਜਿਵੇਂ ਤਿਵੇਂ ਕਾਇਮ ਰਹਿਣ। ਇਸ ਦੇ ਉਲਟ ਪੱਛਮੀ ਵਿਦਿਆ ਪ੍ਰਣਾਲੀ ਨੂੰ ਕੋਈ ਗੱਲ ਮੰਨਣ ਤੇ ਪਹਿਲਾਂ ਉਸਨੂੰ ਘੋਖਣ ਤੇ ਪੜਚੋਲਣ ਦਾ ਸਬਕ ਦਿੰਦੀ ਸੀ। ਇਹ ਗੱਲ ਤਬਦੀਲੀ ਲਿਆਉਣ ਦੇ ਹੱਕ ਵਿੱਚ ਸੀ ਨਾ ਕਿ ਉਸ ਦੇ ਵਿਰੁੱਧ। ਇਸ ਤੋਂ ਇਲਾਵਾ ਇਸ ਦਾ ਜ਼ੋਰ ਧਾਰਮਿਕ ਵਿਦਿਆ ਦੀ ਥਾਂ ਧਰਮ ਨਿਰਪੱਖ ਵਿਦਿਆ ਉੱਤੇ ਜ਼ਿਆਦਾ ਸੀ, ਜ਼ੋ ਜੀਵਨ ਦੇ ਵਿਹਾਰਕ ਖੇਤਰਾਂ ਲਈ ਵਧੇਰੇ ਲਾਭਦਾਇਕ ਪ੍ਰਤੀਤ ਹੁੰਦੀ ਸੀ।

ਪੱਛਮੀ ਵਿਦਿਆ ਦੀ ਇਕ ਹੋਰ ਵਿਸ਼ੇਸ਼ਤਾ ਇਹ ਸੀ ਕਿ ਇਸ ਦੇ ਮਾਧਿਅਮ ਦੁਆਰਾ ਯੂਰਪ ਦੇ ਵਿਗਿਆਨ ਤੇ ਤਰਕਵਾਦ ਦਾ ਪਰਵੇਸ਼ ਭਾਰਤੀ ਸਮਾਜ ਵਿੱਚ ਹੋਣ ਲੱਗ ਪਿਆ। ਇਸ ਨਾਲ ਪੜ੍ਹੇ ਲਿਖੇ ਲੋਕਾਂ ਦੇ ਦ੍ਰਿਸ਼ਟੀਕੋਣ ਵਿੱਚ ਵੱਡਾ ਪਰਿਵਰਤਨ ਆਉਣਾ ਸ਼ੁਰੂ ਹੋ ਗਿਆ ਅਤੇ ਉਹਨਾਂ ਨੂੰ ਉਹ ਸਾਰੇ ਵਹਿਮ-ਭਰਮ ਚਮਤਕਾਰ ਜੋ ਸਦੀਆਂ ਤੋਂ ਧਰਮ ਤੇ ਅਨਿਖੜਵੇਂ ਅੰਗ ਬਣੇ ਹੋਏ ਸਨ, ਖੋਖਲੇ ਤੇ ਅਰਥਹੀਣ ਦਿਸਣ ਲੱਗੇ। ਇਸ ਵਾਸਤੇ ਸਿੰਘ ਸਭਾ ਤੇ ਇਸ ਸਮੇਂ ਦੀਆਂ ਹੋਰ ਸਮਾਜ ਸੁਧਾਰਤ ਲਹਿਰਾਂ ਦਾ ਇੱਕ ਵੱਡਾ ਮਨੋਰਥ ਇਹ ਵੀ ਸੀ ਕਿ ਅਜਿਹੇ ਬੇਹੁਦਾ ਤੱਤਾਂ ਨੂੰ ਲੋਕਾਂ ਦੇ ਮਨਾਂ

ਵਿੱਚੋਂ ਕੱਢਿਆ ਜਾਵੇ। ਇਸ ਕਾਰਨ, ਇਨ੍ਹਾਂ ਲਹਿਰਾਂ ਨੂੰ ਕੇਵਲ ਪੁਨਰ-ਸਥਾਪਨਾ ਦੇ ਅੰਦੋਲਨ ਸਮਝਣਾ ਠੀਕ ਨਹੀਂ, ਕਿਉਂਕਿ ਇਹਨਾਂ ਦਾ ਯਤਨ ਪੁਨਰ-ਸਥਾਪਨਾਂ ਦੇ ਨਾਲ-ਨਾਲ ਪੁਰਾਣੇ ਵਿਸ਼ਵਾਸਾਂ ਤੇ ਰਿਵਾਇਤਾਂ ਨੂੰ ਨਵੇਂ ਵਿਚਾਰਾਂ ਦੀ ਰੌਸ਼ਨੀ ਵਿੱਚ ਪਰਖਣਾ ਤੇ ਪੁਣਨਾ-ਛਾਨਣਾ ਵੀ ਸੀ।[4]

ਸਿੰਘ ਸਭਾ ਲਹਿਰ ਨੂੰ ਸਗੋਂ ਇਸ ਸਮੇਂ ਦੀ ਕਿਸੇ ਵੀ ਲਹਿਰ ਨੂੰ ਦੇਸ਼ ਦੇ ਉਸ ਵੇਲੇ ਦੇ ਸਮੁੱਚੇ ਸਮਾਜਕ ਵਾਯੂ-ਮੰਡਲ ਤੋਂ ਵੱਖਰਿਆਂ ਨਹੀਂ ਕੀਤਾ ਜਾ ਸਕਦਾ, ਕਿਉਂਕਿ ਸੁਧਾਰ ਦੀ ਸੱਧਰ ਕੇਵਲ ਪੰਜਾਬ ਵਿੱਚ ਹੀ ਨਹੀਂ ਸਗੋਂ ਦੇਸ਼ ਦੇ ਲੱਗਭਗ ਹਰ ਭਾਗ ਵਿੱਚ ਪ੍ਰਗਟ ਹੋਈ। ਉਨ੍ਹੀਵੀ ਸ਼ਤਾਬਦੀ ਦੇ ਆਰੰਭ ਵਿੱਚ ਬੰਗਾਲ ਵਿੱਚ ਬ੍ਰਮਹੋ ਸਮਾਜ ਨੇ ਜਨਮ ਲਿਆ। ਮਗਰੋਂ ਇਸੇ ਦੀਆਂ ਪੜ੍ਹਾਂ ਤੇ ਮਹਾਰਾਸ਼ਟਰ ਵਿੱਚ ਪ੍ਰਾਰਥਨਾਂ ਸਮਾਜ ਦੀ ਸਿਰਜਨਾ ਹੋਈ। ਅੱਗੇ ਜਾ ਕੇ ਬੰਗਾਲ ਵਿੱਚ ਇਕ ਹੋਰ ਸ਼ਕਤੀਸ਼ਾਲੀ ਲਹਿਰ ਦਾ ਜਨਮ ਹੋਇਆਸ਼ ਜਿਸਨੂੰ ਰਾਮਾ ਕਿਸ਼ਨਾ ਮਿਸ਼ਨ ਦਾ ਨਾਮ ਦਿੱਤਾ ਗਿਆ। ਇਕ ਹੋਰ ਪ੍ਰਸਿੱਧ ਲਹਿਰ, ਆਰੀਆਂ ਸਮਾਜ ਨੂੰ ਉਤਰ ਪ੍ਰਦੇਸ਼ ਤੇ ਪੰਜਾਬ ਵਿੱਚ ਵਿਸ਼ੇਸ਼ ਕਰਕੇ ਸਫਲਤਾ ਪ੍ਰਾਪਤ ਕੀਤੀ। ਭਾਰਤ ਵਿੱਚ ਵੱਸਣ ਵਾਲੇ ਦੂਜੇ ਫਿਰਕੇ ਵੀ ਸਮੇਂ ਦੇ ਪ੍ਰਭਾਵ ਤੋਂ ਦੂਰ ਨਾ ਰਹਿ ਸਕੇ। ਮੁਸਲਮਾਨਾਂ ਵਿੱਚ ਅਲੀਗੜ੍ਹ ਤਹਿਰੀਕ ਨੇ ਪ੍ਰਸਿੱਧੀ ਪ੍ਰਾਪਤ ਕੀਤੀ। ਪਾਰਸੀਆਂ ਵਿੱਚ ਵੀ ਇਕ ਅਜਿਹੀ ਸੁਧਾਰ ਲਹਿਰ ਆਰੰਭ ਹੋਈ। ਸਿੱਖ ਕੌਮ ਦੀ ਸਿੰਘ ਸਭਾ ਲਹਿਰ ਅਜਿਹੇ ਹੀ ਵਾਤਾਵਰਨ ਵਿੱਚ ਸ਼ੁਰੂ ਹੋਈ ਸੀ।[5]

ਇੱਥੇ ਇਹ ਗੱਲ ਦੱਸਣੀ ਬੜੀ ਜ਼ਰੂਰੀ ਜਾਪਦੀ ਹੈ ਸਿੰਘ ਸਭਾ ਲਹਿਰ ਸਿੱਖ ਸਮਾਜ ਵਿੱਚ ਸੁਧਾਰ ਸਬੰਧੀ ਯਤਨ ਕਰਨ ਵਾਲੀ ਪਹਿਲੀ ਤੇ ਇੱਕੋ-ਇੱਕ ਅਜਿਹੀ ਲਹਿਰ ਨਹੀਂ ਸੀ। ਇਸ ਦੇ ਪਿਛੋਕੜ ਵਿੱਚ ਨਾਮਧਾਰੀਆਂ ਤੇ ਨਿਰੰਕਾਰੀਆਂ ਦੇ ਸ਼ਲਾਘਾਯੋਗ ਉਪਰਾਲੇ ਅੱਖਾਂ ਤੋਂ ਓਹਲੇ ਨਹੀਂ ਕੀਤੇ ਜਾ ਸਕੇ। ਭਾਵੇਂ ਇਹਨਾਂ ਦੇ ਅਸੂਲਾਂ ਵਿੱਚ ਥੋੜਾ ਅੰਤਰ ਸੀ ਫੇਰ ਵੀ ਇਹ ਦੋਵੇਂ ਇਕੋ ਮੁੱਖ ਉਦੇਸ਼ ਨਾਲ ਚਲਾਈਆਂ ਗਈਆਂ ਸਨ ਤਾਂ ਕਿ ਜੋ ਤਰੁੱਟੀਆਂ ਤੇ ਬੁਰਾਈਆਂ ਖਾਲਸਾ ਰਾਜ ਵਿੱਚ ਸਿੱਖ ਸਮਾਜ ਅੰਦਰ ਪੈਦਾ ਹੋ ਗਈਆਂ ਸਨ ਜਾਂ ਹੋ ਰਹੀਆਂ ਸਨ, ਉਹਨਾਂ ਨੂੰ ਰੋਕਿਆ ਜਾਵੇ ਤੇ ਦੂਰ ਕੀਤਾ ਜਾਵੇ। ਇਹ ਦੋਵੇਂ ਲਹਿਰਾ ਇਕ ਨਿਰੰਕਾਰ ਦੀ ਪੂਜਾ, ਜਾਪ ਸਿਮਰਣ ਤੇ ਸਾਦਾ ਜੀਵਨ ਉੱਤੇ ਬਲ ਦਿੰਦੀਆਂ ਸਨ ਅਤੇ ਬੁੱਤ ਪੂਜਾ, ਮਾਸ ਖਾਣਾ, ਸ਼ਰਾਬ ਪੀਣਾ, ਇਤਿਹਾਦਿ ਪ੍ਰਚਲਿਤ ਬੁਰਾਈਆਂ ਦਾ ਖੰਡਨ ਕਰਦੀਆਂ ਸਨ। ਪਰੰਤੂ ਸਮੇਂ ਦੇ ਹਾਲਾਤ ਕੁਝ ਇਹੋ ਜਿਹੇ ਸਨ ਕਿ ਇਹਨਾਂ ਲਹਿਰਾਂ ਨੂੰ ਉਸ ਸਮੇਂ ਕੋਈ ਜਿਆਦਾ ਸਫਲਤਾ ਨਾ ਮਿਲ ਸਕੀ। ਫਿਰ ਵੀ ਇਹਨਾ ਦਾ ਪ੍ਰਚਾਰ ਜਾਰੀ ਰਿਹਾ ਅਤੇ ਕਈ ਲੋਕ ਇਹਨਾਂ ਤੋਂ ਪ੍ਰਭਾਵਤ ਹੋਏ ਤੇ ਸਿੱਧੇ ਰਾਹ ਤੇ ਪੈ ਗਏ। ਵਿਦੇਸ਼ੀ ਸ਼ਾਸ਼ਨ ਦੀ ਸਥਾਪਤੀ ਤੋਂ ਮਗਰੋਂ ਸਮਾਜ ਵਿੱਚ ਹੋਰ ਗਿਰਾਵਟ ਆ ਗਈ। ਉੱਚ ਵਰਗ ਦੇ ਸਿੱਖ ਤਾਂ ਮਾਨੋ ਬੇਜਾਨ ਹੀ ਹੋ ਗਏ। ਕੁਝ ਕੁ ਨੂੰ ਸਰਕਾਰ ਨੇ ਜੇਲ੍ਹਾਂ ਵਿੱਚ ਬੰਦ ਕਰ ਦਿੱਤਾ, ਕੁਝ ਹੋਰਨਾਂ ਦੀਆਂ ਜਾਗੀਰਾਂ ਜਬਤ ਕਰ ਲਈਆ ਜਾਂ ਘਟਾ ਦਿੱਤੀਆਂ। ਇਸ ਤਰ੍ਹਾਂ ਸਰਕਾਰ ਦਾ ਅਜਿਹਾ ਸਹਿਮ ਪੈਦਾ ਹੋ ਗਿਆ ਕਿ ਕਿਸੇ ਵਿੱਚ ਕੁਸਕਣ ਦੀ ਮਜਾਲ ਤੱਕ ਨਾ ਰਹੀ। ਸਰਕਾਰ

ਨੇ ਨਿਡਰ ਹੋ ਕੇ ਬੁੱਚੜਖਾਨੇ ਖੋਹਲਣਾ, ਈਸਾਈ ਮਿਸ਼ਨਰੀਆਂ ਦੀ ਮਦਦ ਕਰਨਾਂ, ਲੋਕਾਂ ਨੂੰ ਸ਼ਸਤਰਹੀਣ ਰਚਨਾ ਆਦਿ ਸ਼ੁਰੂ ਕਰ ਦਿੱਤਾ। ਇਹ ਚੁਣੌਤੀ ਦਾ ਟਾਕਰਾ ਕਰਨ ਲਈ ਨਵੀਂ ਲੀਡਰਸ਼ਿਪ ਮੱਧ ਸ਼੍ਰੇਣੀ ਦੇ ਹੇਠਲੇ ਭਾਗਾਂ ਵਿੱਚੋਂ ਪੈਦਾ ਹੋ ਕੇ ਸਾਹਮਣੇ ਆਈ। ਬਾਬਾ ਰਾਮ ਸਿੰਘ, ਜੋ ਇਸ ਨਵੀ ਲੀਡਰਸ਼ਿਪ ਦੇ ਮੋਹਰੀ ਸਨ, ਜਿਲ੍ਹਾਂ ਲੁਧਿਆਣਾ ਦੇ ਇਕ ਛੋਟੇ ਜਿਹੇ ਪਿੰਡ ਭੈਣੀ ਅਰਾਈਆਂ ਦੇ ਇਕ ਰਾਮਗੜ੍ਹੀਆਂ ਸਿੰਘ ਦੇ ਘਰ ਪੈਦਾ ਹੋਏ ਸਨ। ਇਹ ਨਾਮਧਾਰੀ ਲਹਿਰ ਦੇ ਮੋਢੀ ਬਾਬਾ ਬਾਲਕ ਸਿੰਘ ਦੇ ਪੈਰੋਕਾਰ ਅਤੇ ਉਤਰਾਧਿਕਾਰੀ ਸਨ। ਆਪਦੀ ਤੀਖਣ ਬੁੱਧੀ, ਪਰਪੱਕ ਭਾਪ, ਸਿਆਣਪ ਤੇ ਅਦੁੱਤੀ ਸਾਹਸ ਦੀ ਬਦੌਲਤ ਉਨ੍ਹਾਂ ਨੇ ਸਮੱਸਿਆ ਨੂੰ ਭਲੀ ਪ੍ਰਕਾਰ ਭਾਪ ਲਿਆ ਤੇ ਇਸ ਦਾ ਹੱਲ ਲੱਭਣ ਲਈ ਪੱਕਾ ਇਰਾਦਾ ਬਣਾ ਲਿਆ। ਆਪ ਨੇ ਦਸ਼ਮੇਸ਼ ਪਿਤਾ ਦੇ ਖੰਡੇ ਦੀ ਧਾਰ ਦੇ ਅੰਮ੍ਰਿਤ ਨੂੰ ਅਪਣਾਇਆ ਤੇ ਉਸਦਾ ਜ਼ੋਰਦਾਰ ਪ੍ਰਚਾਰ ਕੀਤਾ। ਕਿਰਪਾਨ ਰੱਖਣਾ ਕਾਨੂੰਨੀ ਤੌਰ ਤੇ ਮਨਾ ਸੀ, ਇਸ ਲਈ ਲਾਠੀ ਰੱਖਣ ਦਾ ਆਦੇਸ਼ ਦਿੱਤਾ, ਬੀਰ ਰਸ ਪੈਦਾ ਕਰਨ ਲਈ ਚੰਡੀ ਦੇ ਪਾਠ ਦੀ ਮਰਯਾਦਾ ਚਲਾਈ। ਸਮਾਜ ਦੀਆਂ ਬੁਰਾਈਆਂ ਜਿਵੇਂ ਕਿ ਕੁੜੀਆਂ ਮਾਰਨਾ, ਵਿਆਹ ਸਮੇਂ ਕੁੜੀਆ ਦੇ ਪੈਸੇ ਲੈਣਾ, ਤਮਾਕੂ ਪੀਣਾ, ਸ਼ਰਾਬ ਪੀਣਾ, ਮਾਸ ਖਾਣਾ, ਵਿਆਹ ਸ਼ਾਦੀਆਂ ਤੇ ਜਿਆਦਾ ਖ਼ਰਚ ਆਦਿ ਦਾ ਕਰੜਾ ਵਿਰੋਧ ਕੀਤਾ। ਪ੍ਰਭੂ ਸਿਮਰਨ, ਨਿਤ ਨੇਮ ਤੇ ਪੰਜਾਬੀ ਪੜ੍ਹਨ ਤੇ ਜ਼ੋਰ ਦਿੱਤਾ, ਸੋਢੀਆਂ ਤੇ ਬੇਦੀਆਂ ਦੇ ਗੁਰੂਪੁਣੇ ਦੀ ਕਰੜੀ ਆਲੋਚਨਾ ਕੀਤੀ ਅਤੇ ਗੁਰਦੁਆਰਾ ਪ੍ਰਬੰਧ ਸੁਧਾਰਨ ਲਈ ਯਤਨ ਕੀਤੇ। ਗਊ ਹੱਤਿਆ ਦੀ ਸਰਕਾਰ ਵੱਲੋਂ ਖੁਲ੍ਹੀ ਆਗਿਆ ਦੇਸ਼ ਦੀ ਸਭਿੱਅਤਾ ਉੱਤੇ ਵੱਡਾ ਹਮਲਾ ਸੀ। ਖਾਲਸਾ ਰਾਜ ਵਿੱਚ ਇਸ ਦੀ ਪੱਕੀ ਮਨਾਹੀ ਸੀ। ਸਿੱਖ ਰਾਜ ਖੁਸ਼ਦਿਆਂ ਸਾਰ ਅੰਗਰੇਜ਼ਾ ਨੇ ਥਾਂ-ਥਾਂ ਤੇ ਬੁੱਚੜਖਾਨੇ ਖੋਲ ਦਿੱਤੇ ਜੋ ਬਾਬਾ ਰਾਮ ਸਿੰਘ ਨੂੰ ਖ਼ੁਸ਼ੀ ਆਜ਼ਾਦੀ ਦੀ ਯਾਦ ਦਿਵਾਉਂਦੇ ਸਨ। ਕੂਕਾ ਲਹਿਰ, ਜਿਹੜਾ ਬਾਬਾ ਰਾਮ ਸਿੰਘ ਦੀ ਨਾਮਧਾਰੀ ਜਾਂ ਸੰਤ ਖਾਲਸਾ ਲਹਿਰ ਦਾ ਹੀ ਆਮ ਪ੍ਰਚਲਿਤ ਨਾ ਸੀ, ਕੁਝ ਚਿਰ ਲਈ ਬਹੁਤ ਵਧੀ ਫੁੱਲੀ ਪਰ ਅੰਤ ਨੂੰ ਇਸ ਦੀ ਸਰਕਾਰ ਨਾਲ ਟੱਕਰ ਹੋ ਗਈ ਅਤੇ ਸਰਕਾਰ ਨੇ ਇਸ ਦੇ ਆਗੂਆਂ ਨੂੰ ਬਾਬਾ ਰਾਮ ਸਿੰਘ ਸਮੇਤ ਗ੍ਰਿਫਤਾਰ ਕਰਕੇ ਦੇਸ਼ ਨਿਕਾਲਾ ਦੇ ਦਿੱਤਾ। ਲਹਿਰ ਤਾਂ ਇਸ ਤੋਂ ਮਗਰੋ ਵੀ ਚਲਦੀ ਰਹੀ, ਪਰ ਪਿੱਛੋ ਇਸ ਦਾ ਅਸਰ ਤੇ ਪਰਤਾਪ ਸਰਕਾਰੀ ਦਮਨ ਕਰਕੇ ਪਹਿਲਾਂ ਨਾਲੋ ਘਟ ਗਿਆ।[6]

ਇੱਥੇ ਇਹ ਕਹਿਣਾ ਪਵੇ ਕਿ ਆਪਣੀ ਵੱਡੀ ਤੋਂ ਵੱਡੀ ਉਨਤੀ ਦੇ ਦਿਨਾਂ ਵਿੱਚ ਵੀ ਨਾਮਧਾਰੀ ਲਹਿਰ ਦਾ ਘੇਰਾ ਏਨਾਂ ਵਿਸ਼ਾਲ ਨਾ ਹੋ ਸਕਿਆ ਕਿ ਇਸ ਵਿੱਚ ਸਮੁੱਚੀ ਸਿੱਖ ਕੌਮ ਸਮਾ ਸਕੇ। ਫਿਰ ਵੀ ਇਹ ਮੰਨਣਾ ਪਵੇਗਾ ਕਿ ਇਸ ਨੇ ਸਿੰਘ ਸਭਾ ਦੀ ਸਫਲਤਾ ਲਈ ਕੁਝ ਹੱਦ ਤੱਕ ਰਾਹ ਜ਼ਰੂਰ ਸਾਫ਼ ਕਰ ਦਿੱਤਾ ਸੀ।

ਸੰਨ 1873 ਵਿੱਚ ਸਿੰਘ ਸਭਾ ਦੀ ਸਥਾਪਨਾਂ ਨਾਲ ਸਿੱਖ ਕੌਮ ਦੇ ਇਤਿਹਾਸ ਦਾ ਇਕ ਨਵਾ ਪੰਨਾਂ ਖੁੱਲ੍ਹਿਆ। ਪਹਿਲਾਂ ਅੰਮ੍ਰਿਤਸਰ, ਫਿਰ ਲਾਹੌਰ ਅਤੇ ਉਪਰੰਤ ਪੰਜਾਬ ਦੇ ਵੱਡੇ-ਛੋਟੇ ਸ਼ਹਿਰਾਂ ਵਿੱਚ ਸਿੰਘ ਸਭਾਵਾਂ ਸਥਾਪਿਤ ਹੋ ਗਈਆਂ ਅਤੇ ਸਿੱਖ ਸਮਾਜ

ਦੇ ਨਵ- ਨਿਰਮਾਣ ਦੇ ਯਤਨਾ ਵਿੱਚ ਜੁੱਟ ਗਈਆਂ। ਫਲਸਰੂਪ ਹਰ ਪਾਸੇ ਇੱਕ ਨਵੀ ਹਵਾ ਰੁਕਮਣ ਲੱਗ ਪਈ। ਨਵੀਆ ਪੜਚੋਲਾ ਸ਼ੁਰੂ ਹੋ ਗਈਆਂ, ਨਵੀਆਂ ਤਾਘਾਂ ਨੇ ਹਵਾ ਰੁਮਕਣ ਲੱਗ ਪਈ। ਨਵੀਆ ਪੜਚੋਲਾ ਸ਼ੁਰੂ ਹੋ ਗਈਆਂ, ਨਵੀਆਂ ਤਾਘਾਂ ਨੇ ਜਨਮ ਲਿਆ, ਆਪਣੇ ਦਿਲਾਂ ਅੰਦਰ ਹਨੇਰੀਆਂ ਕੋਠੜੀਆਂ ਬਾਰੇ ਗਿਆਨ ਹੋਇਆ ਤੇ ਹਨੇਰੀਆਂ ਥਾਵਾਂ ਵਿੱਚ ਉਜਾਲਾ ਹੋਣ ਲੱਗਾ। ਕਈ ਔਕੜਾਂ ਪੇਸ਼ ਆਈਆਂ। ਅੰਮ੍ਰਿਤਸਰ ਤੇ ਲਾਹੌਰ ਦੇ ਸਿੰਘ ਸਭਾਈ ਆਗੂਆਂ ਵਿੱਚ ਵਿਚਾਰਾਂ ਦੀ ਟੱਕਰ ਨੇ ਇਕ ਸ਼ਕਤੀਸ਼ਾਲੀ ਸਾਂਝਾ ਪਲੇਟਫਾਰਮ ਖੜਾ ਕਰਨ ਵਿੱਚ ਕਈ ਵਰੇ ਰੋਕ ਪਾਈ ਰੱਖੀ।[7] ਪਰੰਪਰਾਵਾਦੀ ਪੁਰਾਤਨ ਖਿਆਲੀਆਂ ਨੇ ਨਵੇ ਖਿਆਲਾਂ ਦੀ ਵਿਰੋਧਤਾ ਕੀਤੀ ਤੇ ਸਿੰਘ ਸਭਾਈਆ ਨੂੰ ਗੈਰ-ਜਿੰਮੇਵਾਰ ਲੋਕ ਕਹਿ ਕੇ ਭੰਡਿਆ। ਅਨਮਤੀਆਂ ਵੱਲੋਂ ਵੀ ਕਰਾਰੇ ਵਾਰ ਹੁੰਦੇ ਰਹੇ। ਪਰੰਤੂ ਇਹ ਲਹਿਰ ਸਮੇਂ ਦਾ ਵੰਗਾਰ ਦੇ ਕਾਰਨ ਸ਼ੁਰੂ ਹੋਈ ਸੀ ਤੇ ਇਸ ਨੂੰ ਰੋਕਣਾ ਅਸੰਭਵ ਸੀ। ਰੁਕਾਵਟਾਂ, ਕਠਨਾਈਆ ਤੇ ਔਕੜਾਂ ਦੇ ਬਾਵਜੂਦ ਇਹ ਅੱਗੇ ਵੱਧਦੀ ਗਈ ਅਤੇ ਸਮਾਂ ਪਾ ਕੇ ਸਮੁੱਚੀ ਸਿੱਖ ਕੌਮ ਇਸ ਦੇ ਪ੍ਰਭਾਵ ਦੀ ਲਪੇਟ ਵਿੱਚ ਆ ਵੀ ਗਈ।[8]

ਸਿੰਘ ਸਭਾ ਤਹਿਰੀਕ ਦਾ ਕਾਰਜ਼ਕ੍ਰਮ ਦੋ ਪਾਸੜ ਸੀ। ਇਕ ਪਾਸੇ ਸਿੱਖ ਸਮਾਜ ਵਿੱਚ ਪ੍ਰਵੇਸ਼ ਕਰ ਗਈਆਂ ਬੁਰਾਈਆਂ ਨੂੰ ਦੂਰ ਕਰਨਾ ਸੀ, ਦੂਜੇ ਪਾਸੇ ਇਹ ਕੋਸ਼ਿਸ਼ ਸੀ ਕਿ ਮੁਲਕ ਵਿੱਚ ਜੋ ਪੱਛਮ ਤੋਂ ਆਏ ਨਵੇ ਵਚਾਰਾ ਦੀ ਰੋਲ ਚਲ ਰਹੀ ਸੀ, ਉਸ ਦਾ ਪੂਰਾ-ਪੂਰਾ ਲਾਭ ਉਠਾਇਆ ਜਾਵੇ। ਪਹਿਲੇ ਉਦੇਸ਼ ਦੀ ਪੂਰਤੀ ਲਈ ਦੀਵਾਨਾਂ, ਕਾਨਫਰੰਸਾ, ਜ਼ਲੂਸਾਂ, ਅਖਬਾਰਾਂ, ਟ੍ਰੈਕਟਾਂ ਤੇ ਪੁਸਤਕਾਂ ਰਾਹੀਂ ਗੁਰਬਾਣੀ ਦਾ ਪ੍ਰਚਾਰ ਕੀਤਾ ਗਿਆ। ਇਸ ਤਰ੍ਹਾਂ ਲੋਕਾਂ ਵਿੱਚ ਪਰਚਾਰਿਆ ਗਿਆ ਕਿ ਅਸਲ ਵਿੱਚ ਗੁਰਮਤਿ ਕੀ ਹੈ, ਅਤੇ ਉਨ੍ਹਾਂ ਨੇ ਸਾਰੀਆਂ ਉਹ ਗੱਲਾਂ ਤੋਂ ਵਰਜ਼ਿਆ ਗਿਆ ਜੋ ਗੁਰੂ ਸਾਹਿਬਾਨ ਦੀ ਸਿੱਖਿਆ ਦੇ ਉਲਟ ਸਨ ਜਾਂ ਅਨੁਕੂਲ ਨਹੀਂ ਸਨ। ਪਰ ਇਸ ਪ੍ਰਚਾਰ ਤੋਂ ਲੋਕ ਤਾਂ ਹੀ ਪੂਰਾ ਲਾਭ ਉਠਾਅ ਸਕਦੇ ਸਨ, ਜੇ ਉਹ ਨੂੰ ਪੰਜਾਬੀ ਲਿਖਣੀ ਆਉਂਦੀ ਹੋਵੇ। ਇਸ ਲਈ ਹਰ ਸੰਭਵ ਉਪਰਾਲੇ ਨਾਲ ਲੋਕਾਂ ਨੂੰ ਪੰਜਾਬੀ ਪੜ੍ਹਨ ਲਈ ਪ੍ਰੇਰਨਾਂ ਦਿੱਤੀ ਗਈ ਅਤੇ ਉਨ੍ਹਾਂ ਦਾ ਉਤਸ਼ਾਹ ਵੀ ਵਧਾਇਆ ਗਿਆ। ਇਸ ਮਨੋਰਥ ਲਈ ਨਵੇ ਸਕੂਲ ਖੋਲੇ ਗਏ, ਜਾਂ ਪਹਿਲਾਂ ਤੋਂ ਖੁਲ੍ਹੇ ਹੋਏ ਸਕੂਲਾਂ ਵਿੱਚ ਇਸ ਲਈ ਉਚੇਚੇ ਪ੍ਰਬੰਧ ਕੀਤੇ ਗਏ। ਠੇਠ ਪੰਜਾਬੀ ਵਿੱਚ ਧਾਰਮਿਕ ਇਤਿਹਾਸਕ ਜਾਂ ਸਾਹਿਤਕ ਪੁਸਤਕਾਂ ਦੀ ਰਚਨਾ ਕੀਤੀ ਗਈ। ਜਿਨ੍ਹਾਂ ਦੇ ਪੜ੍ਹਨ ਨਾਲ ਗੁਰਮਤਿ ਤੇ ਪੰਜਾਬੀ ਦਾ ਢੂਹਰਾ ਗਿਆਨ ਪ੍ਰਾਪਤ ਹੁੰਦਾ ਸੀ। ਪਰ ਪੰਜਾਬੀ ਦੇ ਨਾਲ-ਨਾਲ ਅੰਗਰੇਜ਼ੀ ਦੀ ਪੜ੍ਹਾਈ ਵੀ ਬਹੁਤ ਜ਼ਰੂਰੀ ਸੀ। ਇਸ ਤੋਂ ਬਿਨਾਂ ਦੇਸ਼ ਦੀਆਂ ਦੂਜੀਆਂ ਕੌਮਾਂ ਦੇ ਮੁਕਾਬਲੇ ਵਿੱਚ ਜੀਵਨ ਦੌੜ ਵਿੱਚ ਪਛੜ ਜਾਣ ਦਾ ਖ਼ਤਰਾ ਸੀ। ਦਿਨੋ-ਦਿਨ ਅੰਗਰੇਜ਼ੀ ਵਿਦਿਆ ਦਾ ਬੋਲ ਬਾਲਾ ਹੋ ਰਿਹਾ ਸੀ। ਵੈਸੇ ਵੀ ਨਵੇਂ ਹਾਲਾਤ ਵਿੱਚ ਪੱਛਮੀ ਵਿਦਿਆ ਦੇ ਗਿਆਨ ਤੋਂ ਬਿਨਾਂ ਗੁਜਾਰਾ ਮੁਸ਼ਕਲ ਜਾਪਦਾ ਸੀ। ਇਸ ਸਬੰਧ ਵਿੱਚ ਭਰਪੂਰ ਯਤਨਾਂ ਲਈ ਸੰਨ 1908 ਵਿੱਚ ਇਕ ਉੱਚ ਪੱਧਰੀ ਸਿੱਖ ਵਿਦਿਅਕ ਕਾਨਫਰੰਸ ਦੀ ਸਥਾਪਨਾ

ਕੀਤੀ ਗਈ। ਕੁਝ ਵਰ੍ਹੇ ਪਹਿਲਾ, ਚੀਫ ਖਾਲਸਾ ਦੀਵਾਨ ਦੀ ਸਥਾਪਨਾ ਨੇ ਸਿੰਘ ਸਭਾ ਤਹਿਰੀਕ ਦੀ ਅੰਦਰਲੀ ਫੁੱਟ ਦੂਰ ਕਰਕੇ ਤਰੱਕੀ ਦੇ ਕਦਮ ਹੋਰ ਤਿੱਖੇ ਕਰ ਦਿੱਤੇ ਸਨ।[9]

ਜਿਉਂ-ਜਿਉਂ ਸਿੰਘ ਸਭਾ ਲਹਿਰ ਦਾ ਪ੍ਰਭਾਵ ਵਧਦਾ ਗਿਆ ਕੁਰੀਤੀਆਂ ਦਾ ਕੋਹੜ ਨਿਕਲਦਾ ਗਿਆ ਤੇ ਸਿੱਖ ਸਮਾਜ ਨਰੋਆ, ਤੰਦਰੁਸਤ ਤੇ ਬਲਵਾਨ ਹੁੰਦਾ ਗਿਆ, ਨਾਲ ਹੀ ਸਿੱਖਾਂ ਵਿੱਚ ਆਪਣੇ ਵਿਲੱਖਣ ਆਪੇ ਦੀ ਸੋਝੀ ਵਧੀ ਅਤੇ ਅਨੁਭਵ ਕਰਨ ਲੱਗ ਗਏ ਕਿ ਉਹਨਾਂ ਦੇ ਪੂਜੀਨੀਕ ਧਾਂਰਮਿਕ ਅਸਥਾਨਾਂ ਦਾ ਜੋ ਪ੍ਰਬੰਧ ਮਹੰਤਾਂ ਦੁਆਰਾ ਚਲਾਇਆ ਜਾ ਰਿਹਾ ਹੈ, ਉਹ ਗੁਰੂ ਸਾਹਿਬਾਨ ਦੇ ਆਸ਼ਿਆਂ ਤੇ ਪੂਰਾ ਨਹੀਂ ਉਤਰਦਾ, ਸਗੋਂ ਕਈ ਗੱਲਾਂ ਵਿੱਚ ਅਤਿ ਸ਼ਰਮਨਾਕ ਹੈ। ਇਹ ਅਨੁਭਵ ਨੂੰ ਨਵੀਂ ਪੁੰਗਰੀ ਰਾਜਨੀਤਿਕ ਚੇਤਨਤਾ ਨੇ ਹੋਰ ਉਭਾਰ ਦਿੱਤਾ। 1907 ਵਿੱਚ ਸਰਕਾਰ ਨੇ ਸ਼ਹਿਰੀ ਆਬਾਦੀਆਂ ਸਬੰਧੀ ਇਕ ਕਾਨੂੰਨ ਪਾਸ ਕਰਨਾ ਚਾਹਿਆ। ਉਸ ਦੀ ਸਖਤ ਵਿਰੋਧਤਾ ਕੀਤੀ ਗਈ ਅਤੇ ਕਈ ਸ਼ਹਿਰਾਂ ਵਿੱਚ ਸਰਕਾਰ ਦੇ ਖਿਲਾਫ ਜਲੇ ਤੇ ਵਿਖਾਵੇ ਕੀਤੇ ਗਏ। ਇਸ ਨਾਲ ਅਧਿਕਾਰੀਆਂ ਨੂੰ ਚੋਖੀ ਘਬਰਾਹਟ ਹੋਈ ਤੇ ਲਾਲਾ ਲਾਜਪਤ ਰਾਏ ਤੇ ਅਜੀਤ ਸਿੰਘ ਨੂੰ ਗ੍ਰਿਫਤਾਰ ਕਰਕੇ ਮਾਂਡਲੇ ਬਰਮਾਂ ਦੀ ਜੇਲ੍ਹ ਵਿੱਚ ਨਜ਼ਰਬੰਦ ਕਰ ਦਿੱਤਾ ਗਿਆ। ਪਰੰਤੂ ਅੰਤ ਨੂੰ ਸਰਕਾਰ ਨੂੰ ਮੂੰਹ ਦੀ ਖਾਣੀ ਪਈ। ਕਾਨੂੰਨ ਵਾਪਸ ਲੈ ਲਿਆ ਅਤੇ ਕੈਦ ਕੀਤੇ ਆਗੂਆਂ ਨੂੰ ਰਿਹਾ ਕਰ ਦਿੱਤਾ ਗਿਆ। ਸੱਤ ਸਾਲ ਮਗਰੋਂ ਕਾਮਾਗਾਟਾਮਾਰੂ ਦੀ ਦੁਰਘਟਾ ਵਾਪਰੀ। ਉਸ ਸਮੇਂ ਜਿਹੜੇ ਪੰਜਾਬੀ ਵਿਦੇਸ਼ਾਂ ਵਿੱਚ ਰਹਿ ਰਹੇ ਸਨ। ਉਨ੍ਹਾਂ ਨਾਲ ਨਸਲੀ ਵਿਤਕਰੇ ਦੀ ਨੀਤੀ ਨੇ ਇਹ ਅਹਿਸਾਸ ਕਰਵਾ ਦਿੱਤਾ ਕਿ ਅਜ਼ਾਦ ਦੇਸ਼ ਦੇ ਲੋਕ ਹੀ ਦੂਜੇ ਦੇਸ਼ਾਂ ਵਿੱਚ ਮਾਨ ਇੱਜ਼ਤ ਪ੍ਰਾਪਤ ਕਰ ਸਕਦੇ ਸਨ। ਪ੍ਰਵਾਸੀ ਪੰਜਾਬੀਆਂ ਨੇ ਅਮਰੀਕਾ ਤੋਂ ਪੰਜਾਬ ਵਿੱਚ ਗਦਰੀਆ ਨੂੰ ਵਿਦੇਸ਼ਾਂ ਤੋਂ ਦੇਸ਼ ਅਜਾਦ ਕਰਾਉਣ ਲਈ ਭੇਜਿਆ। ਉਪਰੰਤ, ਚੌਖੀ ਸੰਖਿਆ ਵਿੱਚ ਗਦਰ ਪਾਰਟੀ ਦੇ ਮੈਬਰ ਅਮਰੀਕਾ ਤੋਂ ਪੰਜਾਬ ਵਿੱਚ ਇਹ ਮਨੋਰਥ ਧਾਰ ਕੇ ਪੁੱਜੇ ਕਿ ਇੱਥੇ ਇੰਨਕਲਾਬ ਲਿਆਉਣਾ ਹੈ ਅਤੇ ਵਿਦੇਸ਼ੀਆਂ ਤੋਂ ਦੇਸ਼ ਨੂੰ ਆਜਾਦ ਕਰਾਉਣਾ ਹੈ। ਪਰ ਆਪਣੀਆਂ ਇਹਨਾਂ ਸਰਗਰਮੀਆਂ ਦੇ ਦੌਰਾਨ ਉਨ੍ਹਾਂ ਵਿੱਚੋਂ ਬਹੁਤ ਸਾਰੇ ਪਕੜ ਲਏ ਗਏ। ਕਈਆਂ ਨੂੰ ਫਾਂਸੀ ਚੜ੍ਹਾ ਦਿੱਤਾ ਗਿਆ। ਜਦੋਂ ਪਹਿਲਾ 1918 ਵਿੱਚ ਸੰਸਾਰ ਯੁੱਧ ਖਤਮ ਹੋਇਆ ਤਾਂ ਮੁਲਕ ਵਿੱਚ ਬੇਚੈਨੀ ਹੋਰ ਵੱਧ ਗਈ। 1919 ਵਿੱਚ ਵਿਸਾਖੀ ਵਾਲੇ ਦਿਨ ਅੰਮ੍ਰਿਤਸਰ ਵਿੱਚ ਜੱਲ੍ਹਿਆਂ ਵਾਲੇ ਬਾਗ ਦਾ ਦੁਖਾਂਤ ਵਾਪਰਿਆ, ਜਿਸ ਵਿੱਚ ਬਗੈਰ ਕਿਸੇ ਠੋਸ ਕਾਰਨ ਦੇ ਸੈਕੜੇ ਨਿਰਦੋਸ਼ ਦੇਸ਼ ਵਾਸੀਆਂ ਨੂੰ ਗੋਲੀਆਂ ਨਾਲ ਭੁੰਨ ਦਿੱਤਾ ਗਿਆ। ਇਸ ਨਾਲ ਸਾਰੇ ਮੁਲਕ ਵਿੱਚ ਹਾਹਾਕਾਰ ਮੱਚ ਗਈ। ਪਰ ਇਸ ਦਾ ਇਕ ਬਹੁਤ ਵੱਡਾ ਲਾਭ ਇਹ ਹੋਇਆ ਕਿ ਇਸ ਤੋਂ ਪਹਿਲਾਂ ਸਰਕਾਰ ਵਿਰੋਧ ਜੋ ਸੰਘਰਸ਼, ਮੱਠੀ ਰਫਤਾਰ ਨਾਲ ਚਲ ਰਿਹਾ ਸੀ, ਉਸ ਵਿੱਚ ਹੁਣ ਇੰਨੀ ਤੇਜ਼ੀ ਆ ਗਈ ਕਿ ਉਸ ਦਾ ਮੁਹਾਂਦਰਾਂ ਹੀ ਹੋਰ ਹੋ ਗਿਆ। ਰਾਜਨੀਤਿਕ ਖੇਤਰ ਵਿੱਚ ਆਏ ਇਸ ਪਲਟੇ ਨੇ ਸਿੱਖਾਂ ਦੇ ਮਨਾਂ ਉੱਤੇ ਬਹੁਤ ਡੂੰਘਾ ਅਸਰ ਕੀਤਾ 'ਤੇ

ਉਹਨਾਂ ਨੇ ਚੀਫ ਖਾਲਸਾ ਦੀਵਾਨ ਵਿੱਚ ਬੇਵਿਸ਼ਵਾਸੀ ਪ੍ਰਗਟ ਕਰਕੇ ਇਕ ਨਵੀਂ ਸੰਸਥਾਂ **ਸੈਂਟਰਲ ਸਿੱਖ ਲੀਗ** ਦੀ ਸਥਾਪਨਾ ਕਰ ਲਈ। ਚੀਫ ਖਾਲਸਾ ਦੀਵਾਨ ਦੇ ਆਗੂ ਸਰਕਾਰ ਨਾਲ ਮਿਲਕੇ ਤੇ ਉਸ ਦੇ ਇਸ਼ਾਰੇ ਤੇ ਚਲਦੇ ਸਨ, ਪਰ ਸਿੱਖ ਲੀਗ ਦੀ ਨੀਤੀ ਰਾਸ਼ਟਰੀ ਮਾਮਲਿਆਂ ਵਿੱਚ ਕਾਂਗਰਸ ਦੀ ਨੀਤੀ ਨਾਲ ਮਿਲਦੀ ਜੁਲਦੀ ਸੀ।[10]

1921 ਵਿੱਚ ਸ਼ੁਰੂ ਹੋਣ ਵਾਲੀ ਗੁਰਦੁਆਰਾ ਸੁਧਾਰ ਲਹਿਰ ਜਿਸ ਨੂੰ ਕਈ ਵਾਰ ਅਕਾਲੀ ਲਹਿਰ ਦੇ ਨਾਲ-ਨਾਲ ਸੱਦਿਆ ਜਾਂਦਾ ਸੀ, ਇਹ ਸਿੱਖਾਂ ਦੀ ਇਸ ਤਰ੍ਹਾਂ ਪੈਦਾ ਹੋਈ ਨਵੀਂ ਮਨੋ-ਬਿਰਤੀ ਦਾ ਪ੍ਰਫਾਰਮਾ ਹੀ ਸੀ। ਜਿੱਥੋਂ ਤੱਕ ਗੁਰੂਦੁਆਰਾ ਸੁਧਾਰ ਦੇ ਵਿਚਾਰ ਦਾ ਸਬੰਧ ਹੈ, ਉਹ ਤਾਂ ਇਸ ਤੋਂ ਢੇਰ ਚਿਰ ਪਹਿਲਾਂ ਸਾਹਮਣੇ ਆ ਚੁੱਕਾ ਸੀ। 1905 ਵਿੱਚ ਕਈ ਸਿੱਖ ਅਖਬਾਰਾਂ ਜਿਵੇਂ ਕਿ ਖਾਲਸਾ ਐਡਵੋਕੇਟ, ਖਾਲਸਾ ਸਮਾਚਾਰ, ਖ਼ਾਲਸਾ ਸੇਵਕ ਤੇ ਪੰਜਾਬ ਆਦਿ ਨੇ ਗੁਰੂਦੁਆਰਿਆਂ ਦੇ ਪ੍ਰਬੰਧਕ ਮਹੰਤਾਂ ਦੀ ਸਖਤ ਆਲੋਚਨਾ ਕੀਤੀ ਤੇ ਕਿਹਾ ਕਿ ਗੁਰਦੁਆਰੇ ਸਿੱਖ ਪੰਥ ਦੇ ਹਨ ਅਤੇ ਮਹੰਤ ਉਹਨਾ ਦੇ ਖ਼ੁਦ ਮਾਲਕ ਨਹੀਂ, ਸਗੋਂ ਪੰਥ ਦੇ ਸੇਵਕ ਹਨ ਅਤੇ ਉਸਦੇ ਅੱਗੇ ਉਤਰਦਾਈ ਹਨ। ਜਦੋਂ ਮਹੰਤਾਂ ਨੇ ਇਸ ਚਿਤਾਵਨੀ ਦੀ ਕੋਈ ਪਰਵਾਹ ਨਹੀਂ ਕੀਤੀ ਤਾਂ ਚੀਫ ਖ਼ਾਲਸਾ ਦੀਵਾਨ ਸਥਾਨਕ ਸਿੰਘ ਸਭਾਵਾਂ ਤੇ ਹੋਰ ਕਈ ਸਿਰਕੱਢ ਸਿੱਖਾਂ ਨੇ ਮਤਿਆਂ ਤੇ ਯਾਦ ਪੱਤਰਾਂ ਦੁਆਰਾ ਸਰਕਾਰ ਨੂੰ ਦਖਲ ਦੇਣ ਲਈ ਅਪੀਲਾਂ ਕੀਤੀਆਂ। ਮਹੰਤਾਂ ਨੂੰ ਵੀ ਮੁੜ-ਮੁੜ ਬੇਨਤੀ ਕੀਤੀ ਗਈ ਕਿ ਉਹ ਕੁਰਾਹੇ ਨਾ ਜਾਣ ਤੇ ਆਪਣੇ ਪ੍ਰਬੰਧ ਹੇਠ ਗੁਰਦੁਆਰਿਆਂ ਵਿੱਚ ਪ੍ਰਚਲਿਤ ਕੁਰੀਤੀਆਂ ਨੂੰ ਤੁਰੰਤ ਬੰਦ ਕਰਵਾਉਣ। ਪਰੰਤੂ ਇਹਨਾਂ ਸਾਂਤਮਈ ਯਤਨਾਂ ਦਾ ਨਾ ਸਰਕਾਰ ਤੇ ਕੋਈ ਅਸਰ ਹੋਇਆ ਤੇ ਨਾ ਹੀ ਮਹੰਤਾਂ ਤੇ। ਇਹ ਵੇਖ ਕੇ ਕੁਝ ਅਗਾਂਹਵਧੂ ਸਿੱਖਾਂ ਨੇ ਸੁਝਾਅ ਦਿੱਤੇ ਕਿ ਮਹੰਤਾਂ ਦਾ ਬਾਈਕਾਟ ਕੀਤਾ ਜਾਵੇ ਅਤੇ ਇੰਜ ਦਬਾਅ ਪਾ ਕੇ ਉਹਨਾ ਨੂੰ ਸੁਧਾਰ ਲਈ ਮਜ਼ਬੂਰ ਕੀਤਾ ਜਾਵੇ। ਪਰ ਇਸ ਦਾ ਨਤੀਜਾ ਵੀ ਉਹੀ ਨਿਕਲਿਆ ਜੋ ਮਤਿਆਂ, ਯਾਦ ਪੱਤਰਾਂ ਦਾ ਨਿਕਲਿਆ ਸੀ ਜਾਂ ਨਿਕਲ ਰਿਹਾ ਸੀ। ਫਿਰ ਸੋਚਿਆ ਗਿਆ ਕਿ ਕਾਨੂੰਨ ਦਾ ਆਸਰਾ ਲਿਆ ਜਾਵੇ ਤੇ ਮਹੰਤਾਂ ਵਿਰੁੱਧ ਅਦਾਲਤਾਂ ਵਿੱਚ ਮੁਕੱਦਮੇ ਦਾਇਰ ਕੀਤੇ ਜਾਣ। ਇਹ ਤਰੀਕਾ ਵੀ ਨਿਸਫਲ ਸਿੱਧ ਹੋਇਆ ਕਿਉਂਕਿ ਮੁਕੱਦਮਾ ਚਲਾਉਣ ਤੋਂ ਪਹਿਲਾਂ ਸਬੰਧਤ ਉਸ ਜਿਲ੍ਹੇ ਦੇ ਡਿਪਟੀ ਕਮਿਸ਼ਨਰ ਤੇ ਇਸ ਲਈ ਇਜਾਜਤ ਲੈਣੀ ਜ਼ਰੂਰੀ ਸੀ। ਉਨ੍ਹਾਂ ਦਿਨਾਂ ਵਿੱਚ ਸਭ ਡਿਪਟੀ ਕਮਿਸ਼ਨਰ ਅੰਗਰੇਜ਼ ਹੋਇਆ ਕਰਦੇ ਸਨ ਤੇ ਉਹ ਸਿੱਖਾਂ ਨਾਲੋਂ ਮਹੰਤਾਂ ਦੇ ਪੱਖ ਵਿੱਚ ਵਧੇਰੇ ਸਨ।

ਇਹ ਵੇਖ ਕੇ ਹੁਣ ਕੋਈ ਹੋਰ ਚਾਰਾ ਨਹੀਂ ਚਲਦਾ, ਸਿੱਖਾਂ ਨੇ ਸਿੱਧੀ ਕਾਰਵਾਈ ਦੀ ਵਿਧੀ ਅਪਣਾਈ ਜਿਸ ਦਾ ਬੜਾ ਭਾਰੀ ਲਾਭ ਹੋਇਆ, ਜਿੱਥੇ ਤੇ ਜਦੋਂ ਲੋੜ ਪਈ ਸਥਾਨਕ ਸਿੱਖ ਸੰਗਤ ਜਥੇ ਬਣਾ ਕੇ ਗੁੰਮਰਾਹ ਹੋਏ ਮਹੰਤਾਂ ਕੋਲ ਗੁਰਦੁਆਰਿਆਂ ਦਾ ਪ੍ਰਬੰਧ ਖੋਹ ਕੇ ਆਪਣੇ ਹੱਥਾਂ ਵਿੱਚ ਲੈ ਲੈਂਦੀ। ਗੁਰਦੁਆਰਾ ਬਾਬੇ ਦੀ ਬੇਰ, ਸਿਆਲਕੋਟ, ਸਬੰਧੀ 1920 ਵਿੱਚ ਮਹੰਤ ਤੇ ਸਥਾਨਕ ਸਿੱਖ ਸੰਗਤ ਵਿੱਚ ਝਗੜਾ ਹੋ ਗਿਆ। ਸੰਗਤ ਨੇ ਗੁਰੂਦੁਆਰੇ ਵਿੱਚ ਪਾਠ ਕੀਰਤਨ ਤੇ ਲੰਗਰਾ ਦਾ ਇੰਤਜਾਮ ਆਪ ਕਰਨਾ

ਸ਼ੁਰੂ ਕਰ ਦਿੱਤਾ। ਮਹੰਤ ਨੇ ਡਿਪਟੀ ਕਮਿਸ਼ਨਰ ਕੋਲ ਅਪੀਲ ਕੀਤੀ। ਡਿਪਟੀ ਕਮਿਸ਼ਨਰ ਨੇ ਉਸਦੇ ਹੱਕ ਵਿੱਚਫੈਸਲਾ ਕੀਤਾ। ਸੰਗਤ ਨੇ ਕਮਿਸ਼ਨਰ ਕੋਲ ਅਪੀਲ ਕੀਤੀ ਉਸਨੇ ਵੀ ਮਹੰਤ ਦਾ ਹੀ ਪੱਖ ਪੂਰਿਆ। ਇਸ ਤੇ ਸਿੱਖਾਂ ਵਿੱਚ ਬੜੀ ਬੇਚੈਨੀ ਫੈਲ ਗਈ। ਬਾਹਰੇ ਵੀ ਜੱਥੇ ਆਉਣੇ ਸ਼ੁਰੂ ਹੋ ਗਏ। ਮਹੰਤ ਤੇ ਸਰਕਾਰ ਦੋਹਾਂ ਨੂੰ ਹਾਰ ਹੋਈ ਤੇ ਉਹਨਾਂ ਨੇ ਅੰਤ ਵਿੱਚ ਸਿੱਖਾਂ ਦੀ ਮੰਗ ਪ੍ਰਵਾਨ ਕਰ ਲਈ।[11]

ਦੂਜੀ ਉਘੀ ਉਦਾਹਰਨ ਦਾ ਸਬੰਧ ਸ੍ਰੀ ਦਰਬਾਰ ਸਾਹਿਬ ਤੇ ਅਕਾਲ ਤਖ਼ਤ ਅੰਮ੍ਰਿਤਸਰ ਨਾਲ ਹੈ। ਇਨ੍ਹਾਂ ਦੋਨਾਂ ਧਰਮ ਅਸਥਾਨਾਂ ਦੇ ਪ੍ਰਬੰਧ ਵਿੱਚ ਬੜੇ ਦੋਸ਼ ਸਨ ਅਤੇ ਚਿਰਾਂ ਤੋਂ ਸਿੱਖਾਂ ਦੀ ਇਹ ਮੰਗ ਚਲੀ ਆ ਰਹੀ ਸੀ। ਇੱਥੋਂ ਦਾ ਦਸਤੂਰ ਬਦਲਿਆ ਜਾਵੇ, ਸਰਬਰਾਹ ਦਾ ਅਹੁਦਾ ਖ਼ਤਮ ਕੀਤਾ ਜਾਵੇ ਤੇ ਪ੍ਰਬੰਧ ਤੇ ਜ਼ਿੰਮੇਵਾਰੀ ਸਿੱਖ ਪੰਥ ਨੂੰ ਸੋਪੀ ਜਾਵੇ। ਸਰਕਾਰ ਅਜਿਹੇ ਕਿਸੇ ਕੰਮ ਲਈ ਤਿਆਅਰ ਨਹੀਂ ਸੀ, ਕਿਉਂਕਿ ਸਰਕਾਰ ਦਾ ਵਿਸ਼ਵਾਸ ਸੀ ਕਿ ਸਿੱਖ ਕੌਮ ਨੂੰ ਕਾਬੂ ਵਿੱਚ ਰੱਖਣ ਲਈ ਉਨ੍ਹਾਂ ਦੇ ਇਹ ਪ੍ਰਮੁੱਖ ਅਸਥਾਨ ਸਰਕਾਰੀ ਨਿਯੰਤਰਨ ਵਿੱਚ ਰੱਖਣੇ ਜ਼ਰੂਰੀ ਹਨ। 1920 ਵਿੱਚ ਸੈਂਟਰਲ ਸਿੱਖ ਲੀਗ ਨੇ ਆਪਣੀ ਸਥਾਪਨਾ ਤੋਂ ਕੁਝ ਹੀ ਚਿਰ ਮਗਰੋਂ ਮਤਾ ਪਾਸ ਕਰਕੇ ਮੁੜ ਸਰਕਾਰ ਨੂੰ ਚਿਰਾਂ ਤੋਂ ਚਲੀ ਆ ਰਹੀ। ਇਸ ਮੰਗ ਨੂੰ ਪ੍ਰਵਾਨ ਕਰਨ ਵਾਸਤੇ ਬੇਨਤੀ ਕੀਤੀ। ਸਰਕਾਰ ਨੇ ਫਿਰ ਟਾਲ-ਮਟੋਲ ਕਰ ਛੱਡੀ। ਇਸ ਉਪਰੰਤ ਸਿੱਖਾ ਨੇ ਜੱਲ੍ਹਿਆਵਾਲੇ ਬਾਗ ਵਿੱਚ ਭਾਰੀ ਜਲਸਾ ਕੀਤਾ। ਜਿਸ ਵਿੱਚ ਫੈਸਲਾ ਕੀਤਾ ਗਿਆ ਕਿ ਜੇ 29 ਅਗਸਤ, 1920 ਤੱਕ ਸਰਬਰਾਹ ਅਸਤੀਫਾ ਨਹੀਂ ਦਿੰਦਾਂ ਜਾਂ ਉਸਦਾ ਜਨਾਜ਼ਾ ਕੱਢਿਆ ਜਾਵੇ ਤੇ ਬੁੱਤ ਸਾੜਿਆ ਜਾਵੇ। ਇਸ ਤੋਂ ਸਰਬਰਾਹ ਭੈ-ਭੀਤ ਹੋ ਗਿਆ ਅਤੇ ਉਸ ਨੇ ਫੋਰਨ ਹੀ ਤਿਆਗ ਪੱਤਰ ਦੇ ਦਿੱਤਾ । ਇਹ ਪੰਥ ਲਈ ਬੜੀ ਵੱਡੀ ਜਿੱਤ ਸੀ। ਕੁਝ ਚਿਰ ਪਿੱਛੋਂ ਇਕ ਹੋਰ ਜਲਸਾ ਕੀਤਾ ਗਿਆ, ਜਿਸ ਵਿੱਚ ਦਰਬਾਰ ਸਾਹਿਬ ਤੇ ਅਕਾਲ ਤਖ਼ਤ ਮਹੰਤਾਂ ਨੂੰ ਕਿਹਾ ਗਿਆ ਕਿ ਉਹ ਰਾਮਦਾਸੀ ਸਿੱਖੀ ਦੇ ਵਿਰੁੱਧ ਵਿਤਕਰੇ ਦਾ ਰਵੱਈਆਂ ਛੱਡ ਦੇਣ। ਸਮਾਗਮ ਤੋਂ ਮਗਰੋਂ ਉੱਥੇ ਬੈਠੇ ਸਾਰੇ ਸਿੱਖ ਇਕ ਜਲੂਸ ਦੇ ਰੂਪ ਵਿੱਚ ਦਰਬਾਰ ਸਾਹਿਬ ਦੇ ਅੰਦਰ ਗਏ। ਮਹੰਤਾਂ ਨੇ ਰਾਮਦਾਸੀ ਸਿੱਖਾਂ ਕੋਲੋਂ ਪ੍ਰਸਾਦ ਲੈਣਾ ਕਬੂਲ ਨਾ ਕੀਤਾ। ਇਸ ਤੇ ਚੋਖਾ ਵਾਦ-ਵਿਵਾਦ ਹੋਇਆ ਅਤੇ ਅੰਤ ਨੂੰ ਫੈਸਲਾ ਹੋਇਆ ਕਿ ਇਸ ਵਿਸ਼ੇ ਤੇ ਗੁਰੂ ਗ੍ਰੰਥ ਸਾਹਿਬ ਦਾ ਹੁਕਮ ਲਿਆ ਜਾਵੇ। ਜੋ ਹੁਕਮ ਆਇਆ ਉਹ ਮਹੰਤਾਂ ਦੀ ਅੜੀ ਦੇ ਵਿਰੁੱਧ ਸੀ। ਮਹੰਤਾਂ ਨੇ ਜਦ ਦੇਖਿਆ ਕਿ ਉਹ ਸਿੱਖਾਂ ਦੇ ਅਥਾਹ ਜੋਸ਼ ਦੇ ਸਾਹਮਣੇ ਕੁਝ ਨਹੀਂ ਕਰ ਸਕਦੇ, ਤਾਂ ਉਹ ਦਰਬਾਰ ਸਾਹਿਬ ਤੇ ਅਕਾਲ ਤਖ਼ਤ ਖਾਲੀ ਕਰਕੇ ਦੋੜ ਗਏ। ਸੁਨਿਹਰੀ ਮੋਕਾ ਸਮਝ ਕੇ ਸਿੱਖ ਆਗੂਆਂ ਨੇ ਆਪਣੇ ਪ੍ਰਬੰਧਕ ਨਿਯਕਤ ਕਰ ਦਿੱਤੇ ਅਤੇ ਉਹਨਾਂ ਦੀ ਨਿਗਰਾਨੀ ਲਈ ਇਕ ਨੋ ਮੈਂਬਰੀ ਕਮੇਟੀ ਸਥਾਪਤ ਕੀਤੀ। ਸਰਦਾਰ ਸੁੰਦਰ ਸਿੰਘ ਰਾਮਗੜ੍ਹੀਆਂ ਨਵਾਂ ਸ਼ਹਿ ਸਰਬਰਾਹ ਬਣਿਆ। ਕੁਝ ਵਿਚਾਰ ਮਗਰੋਂ ਕਮੇਟੀ ਦੇ ਮੈਬਰਾਂ ਦੀ ਸੰਖਿਆ ਵਧਾ ਦਿੱਤੀ ਗਈ। ਅਕਾਲੀਆਂ ਦੀ ਕਾਮਯਾਬੀ ਸਰਕਾਰ ਨੂੰ ਬਹੁਤ ਬੁਰੀ ਲੱਗੀ ਅਤੇ ਉਸਨੇ ਉਹਨਾਂ ਦੇ ਬਾਦਸ਼ਾਨਾਂ ਵਿੱਚੋਂ ਹਵਾ ਕੱਢ ਲਈ ਇੱਕ ਨਵੀ ਕਮੇਟੀ

ਦੀ ਘੋਸਣਾਂ ਕੀਤੀ, ਜਿਸ ਦੇ ਮੈਂਬਰਾਂ ਦੀ ਕੁੱਲ ਗਿਣਤੀ 36 ਸੀ। ਪਰ ਸਰਕਾਰ ਦੀ ਇਹ ਚਾਲਾਕੀ ਕਾਰਗਾਰ ਨਾ ਹੋ ਸਕੀ, ਕਿਉਂਕਿ ਅਕਾਲੀਆਂ ਨੇ 175 ਮੈਂਬਰਾਂ ਦੀ ਕਮੇਟੀ ਬਣਾ ਦਿੱਤੀ। ਜਿਸ ਵਿੱਚ ਸਰਕਾਰ ਦੀ ਕਮੇਟੀ ਦੇ ਸਾਰੇ ਦੇ ਸਾਰੇ 36 ਮੈਂਬਰਾਂ ਨੂੰ ਸ਼ਾਮਿਲ ਕਰ ਲਿਆ ਗਿਆ। ਇਸ ਵਡੇਰੀ ਸੰਸਥਾ ਦਾ ਨਾਂ ਸ੍ਰਮੋਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਰੱਖਿਆ ਗਿਆ।[12]

ਅੰਮ੍ਰਿਤਸਰ ਦੇ ਪਵਿੱਤਰ ਗੁਰੂਧਾਮਾਂ ਵਿੱਚੋਂ ਮਹੰਤਾਂ ਦਾ ਦੋੜ ਜਾਣਾ ਤੇ ਇਹਨਾਂ ਗੁਰਧਾਮਾਂ ਦਾ ਇਕ ਕੰਟਰੋਲ ਵਿੱਚ ਆ ਜਾਣਾ ਇਹ ਦੋਵੇਂ ਮਹਾਨ ਘਟਨਾਵਾਂ ਸਨ, ਜਿਨ੍ਹਾਂਦਾ ਅਸਰ ਦੂਰ-ਦੂਰ ਤੱਕ ਪਿਆ। 25 ਅਕਾਲੀ ਸਿੰਘਾ ਦਾ ਇਕ ਜੱਥਾ ਕਰਤਾਰ ਸਿੰਘ ਬੱਬਰ ਦੀ ਜੱਥੇਦਾਰੀ ਹੇਠ ਅੰਮ੍ਰਿਤਸਰ ਤੋਂ ਪੰਜਾ ਸਾਹਿਬ ਲਈ ਰਵਾਨਾ ਹੋਇਆ। ਉੱਥੋਂ ਦੇ ਮਹੰਤ ਨੇ ਜੱਥੇ ਉੱਤੇ ਹੱਲਾ ਬੋਲ ਦਿੱਤਾ ਪਰ ਉਸਦੀ ਕੋਈ ਪੇਸ਼ ਨਾ ਜਾ ਸਕੀ ਤੇ ਗੁਰਦੁਆਰੇ ਉੱਤੇ ਅਕਾਲੀਆਂ ਦਾ ਕਬਜ਼ਾ ਹੋ ਗਿਆ। ਇਸ ਦੇ ਪ੍ਰਬੰਧ ਲਈ ਇਕ ਪ੍ਰਤੀਨਿਧ ਕਮੇਟੀ ਨਿਯੁਕਤ ਕਰ ਦਿੱਤੀ ਗਈ ਇਸੇ ਤਰ੍ਹਾਂ ਹੀ ਅਕਾਲੀ ਜੱਥਿਆਂ ਨੇ ਥੰਮ ਸਾਹਿਬ ਜਿਲ੍ਹਾ ਲਾਹੌਰ, ਖਰਾ ਸੋਦਾ, ਚੋਲਾ ਸਾਹਿਬ, ਖਡੂਰ ਸਾਹਿਬ ਆਦਿ ਗੁਰੂਧਾਮਾਂ ਤੇ ਕਬਜ਼ਾ ਕਰ ਲਿਆ।

ਗੁਰਦੁਆਰਾ ਤਰਨਤਾਰਨ ਸਾਹਿਬ ਦੇ ਮਹੰਤਾਂ ਨੂੰ ਅਕਾਲੀਆਂ ਦੀ ਸਿੱਧੀ ਕਾਰਵਾਈ ਇੰਨੀ ਬੁਰੀ ਲੱਗੀ ਕਿ 11 ਜਨਵਰੀ 1920 ਨੂੰ ਉਹਨਾ ਦੇ ਕੁਝ ਭਾੜੇ ਦੇ ਟੱਟੂਆਂ ਨੇ ਸਥਾਨਕ ਅਕਾਲੀ ਸਿੱਖਾਂ ਦੇ ਇਕ ਜੱਥੇ ਤੇ ਚੁਪ-ਚੁਪੀਤੇ ਲਾਠੀਆ ਨਾਲ ਹਮਲਾ ਕਰ ਦਿੱਤਾ। 14 ਜਨਵਰੀ ਨੂੰ ਇਕ ਸਿੱਖ ਬੀਬੀ ਨੇ ਅਕਾਲ ਤਖ਼ਤ ਅੰਮ੍ਰਿਤਸਰ ਆ ਕੇ ਵਾਪਰੀ ਘਟਨਾ ਬਾਰੇ ਸੂਚਨਾ ਦਿੱਤੀ। 15 ਜਨਵਰੀ ਨੂੰ ਉੱਥੋਂ ਇਕ ਉਚੇਚਾ ਜਥਾ ਤਰਨਤਾਰਨ ਪੁੱਜਾ ਤੇ ਮਹੰਤਾਂ ਨਾਲ ਗੱਲਬਾਤ ਕਰਨੀ ਸ਼ੁਰੂ ਕੀਤੀ। ਅਜੇ ਗੱਲਬਾਤ ਚਲ ਹੀ ਰਹੀ ਸੀ ਕਿ ਮਹੰਤਾਂ ਦੇ ਕੁਝ ਆਦਮੀਆ ਨੇ ਸਿੱਖਾਂ ਉੱਤੇ ਤਲਵਾਰਾਂ, ਲਾਠੀਆਂ, ਛੁਰੀਆਂ ਅਤੇ ਇੱਟਾ ਲਾਲ ਧਾਵਾ ਬੋਲ ਦਿੱਤਾ। ਦੋ ਸਿੱਖ ਥਾਂ ਹੀ ਮਰ ਗਏ ਅਤੇ ਕਈਆ ਨੂੰ ਗੰਭੀਰ ਜਖ਼ਮ ਆਏ। ਇਸ ਘਟਨਾਂ ਨਾਲ ਸਿੱਖਾਂ ਵਿੱਚ ਗੁੱਸੇ ਦੀ ਲਹਿਰ ਦੋੜ ਗਈ, ਉਹਨਾਂ ਦੇ ਸਾਹਮਣੇ ਮਹੰਤ ਕੰਬ ਗਏ ਅਤੇ ਗੁਰਦੁਆਰਾ ਸਾਹਿਬ ਛੱਡ ਕੇ ਭੱਜ ਗਏ। ਉਪਰੰਤ ਇੱਥੋਂ ਦਾ ਪ੍ਰਬੰਧ ਇਕ ਪ੍ਰਤੀਨਿਧਤ ਸਿੱਖ ਕਮੇਟੀ ਦੇ ਹਵਾਲੇ ਕਰ ਦਿੱਤਾ ਗਿਆ।

ਤਰਨ ਤਾਰਨ ਸਾਹਿਬ ਦੀ ਦੁਰਘਟਨਾਂ ਤੋਂ ਲੱਗਭੱਗ ਇਕ ਮਹੀਨਾ ਮਗਰੋਂ ਨਨਕਾਣਾ ਸਾਹਿਬ ਦਾ ਸਾਕਾ ਹੋਇਆ। ਇੱਥੋਂ ਦਾ ਪ੍ਰਬੰਧ ਮਹੰਤ ਨਰੈਣ ਦਾਸ ਦੇ ਅਧੀਨ ਸੀ। ਗੁਰਦੁਆਰਾ ਜਨਮ ਅਸਥਾਨ ਦੇ ਨਾਂ ਨਾਲ ਸੈਕੜੇ ਏਕੜ ਭੂਮੀ ਦੀ ਸਾਰੀ ਆਮਦਨ ਉਸ ਦੀ ਨਿੱਜੀ ਜਾਇਦਾਦ ਬਣੀ ਹੋਈ ਸੀ। ਉਸ ਦੇ ਘਟੀਆ ਤੇ ਨੀਵੇਂ ਆਚਰਣ ਅਤੇ ਭੈਭੀਆਂ ਕਰਪਤੂਤਾਂ ਤੋਂ ਸਿੱਖ ਬਹੁਤ ਪਰੇਸ਼ਾਨ ਸਨ ਅਤੇ ਉਹਨਾਂ ਕਈ ਵਾਰ ਮਹੰਤ ਨੂੰ ਇਸ ਬਾਰੇ ਬੇਨਤੀ ਕੀਤੀ ਸੀ। ਮਹੰਤ ਕਈ ਵਾਰ ਉਹਨਾਂ ਅਪੀਲਾਂ ਨੂੰ ਮੰਨੇ ਸੁਧਾਰਾਂ ਲਈ ਤਿਆਰ ਵੀ ਹੋ ਗਿਆ ਸੀ ਪਰ ਮਗਰੋਂ ਅੰਗਰੇਜ਼ਾਂ ਦੀ ਸ਼ਹਿ ਦੇਣ ਤੇ

ਉਹ ਮੁਕਰ ਗਿਆ। ਇਸ ਤੇ ਅਕਾਲੀਆਂ ਨੇ ਫੈਸਲਾ ਕੀਤਾ ਕਿ ਮਾਰਚ ਦੇ ਸ਼ੁਰੂ ਵਿੱਚ ਨਨਕਾਣਾ ਸਾਹਿਬ ਵਿਖੇ ਇਕ ਵੱਡਾ ਇਕੱਠ ਕੀਤਾ ਜਾਵੇ ਭਾਈ ਲਛਮਣ ਸਿੰਘ ਕੋਈ 150 ਸਿੱਖਾ ਦੇ ਜੱਥੇ ਨਾਲ ਨਨਕਾਣਾ ਸਾਹਿਬ ਪਹੁੰਚ ਗਿਆ। ਮਹੰਤ ਨੇ ਸਮੁੱਚੇ ਜੱਥੇ ਨੂੰ ਕਤਲ ਕਰ ਦਿੱਤਾ ਤੇ ਫਿਰ ਮਿੱਟੀ ਦਾ ਤੇਲ ਪਾ ਕੇ ਸਾੜ ਦਿੱਤਾ। ਇਹ ਦੁਰਘਟਨਾ 20 ਫਰਵਰੀ 1921 ਨੂੰ ਹੋਈ। ਇਸ ਨਾਲ ਸਾਰੇ ਮੁਲਕ ਵਿੱਚ ਕੋਹਰਾਮ ਮੱਚ ਗਿਆ। ਸਰਕਾਰ ਨੂੰ ਮਜ਼ਬੂਰਨ ਨਨਕਾਣਾ ਸਾਹਿਬ ਦੇ ਸਾਰੇ ਵਿੱਚ ਕੋਹਰਾਮ ਮੱਚ ਗਿਆ। ਸਰਕਾਰ ਨੂੰ ਮਜ਼ਬੂਰਨ ਨਨਕਾਣਾ ਸਾਹਿਬ ਦੇ ਸਾਰੇ ਗੁਰਦੁਆਰਿਆਂ ਦਾ ਪ੍ਰਬੰਧ ਸਿੱਖਾਂ ਦੀ ਇਕ ਕਮੇਟੀ ਦੇ ਹਵਾਲੇ ਕਰਨਾ ਪਿਆ। ਇਹ ਕਮੇਟੀ ਅੰਮ੍ਰਿਤਸਰ ਦੀ ਸ਼ੋਮਣੀ ਗੁਰਦਵਾਰਾਂ ਪ੍ਰਬੰਧਕ ਕਮੇਟੀ ਦੇ ਅਧੀਨ ਸੀ। ਮਹੰਤ ਨਰੈਣ ਦਾਸ ਤੇ ਉਸਦੇ ਦੇ ਕਈ ਸਾਥੀਆ ਨੂੰ ਫੜ ਲਿਆ ਗਿਆ।[13]

ਪਰ ਸਰਕਾਰ ਤੇ ਅਕਾਲੀਆਂ ਦੇ ਪਰਸਪਰ ਸਬੰਧਾਂ ਵਿੱਚ ਕੋਈ ਸੁਧਾਰ ਨਾ ਹੋ ਸਕਿਆ। ਸਰਕਾਰ ਨੇ ਨਨਕਾਣਾ ਸਾਹਿਬ ਦੇ ਸਾਕੇ ਦੀ ਪੜਤਾਲ ਕਰਾਉਣ ਲਈ ਇਕ ਵਿਸ਼ੇਸ਼ ਕਮੇਟੀ ਨਿਯੁਕਤ ਕੀਤੀ। ਅਕਾਲੀਆਂ ਦੀ ਇਸ ਕਮੇਟੀ ਦੀ ਕਾਰਗੁਜ਼ਾਰੀ ਨਾਲ ਸੰਤੁਸ਼ਟਾ ਨਾ ਹੋਈ ਅਤੇ ਉਹਨਾਂ ਨੇ ਇਸ ਦਾ ਬਾਈਕਾਟ ਕਰ ਦਿੱਤਾ, ਕਿਉਂਕਿ ਉਹਨਾ ਨੂੰ ਸਰਕਾਰ ਦੀ ਨੀਯਤੀ ਤੇ ਭਰੋਸਾ ਨਹੀਂ ਸੀ। ਇਸ ਉਪਰੰਤ ਉਹ ਕਾਂਗਰਸ ਤੇ ਖਿਲਾਫਤ ਤਹਿਰੀਕ ਦੇ ਹੋਰ ਨੇੜੇ ਹੋ ਗਏ। ਇਹ ਗੱਲ ਸਰਕਾਰ ਨੂੰ ਗੋਲੀ ਵਾਂਗ ਲੱਗੀ ਤੇ ਉਸ ਨੇ ਅਕਾਲੀਆ ਦੇ ਵਿਰੁੱਧ ਦਮਨ ਦੀ ਕਾਰਵਾਈ ਆਰੰਭ ਕਰ ਦਿੱਤੀ। ਸਿੱਖ ਅਖਬਾਰਾਂ ਤੇ ਸਖ਼ਤ ਪਾਬੰਦੀਆਂ ਲਾ ਦਿੱਤੀਆਂ ਗਈਆਂ ਅਤੇ ਅਕਾਲੀ ਨੇਤਾਂਵਾਂ ਨੂੰ ਧੜਾ-ਧੜ ਫੜਿਆ ਜਾਣ ਲੱਗ ਪਿਆ। ਕਿਰਪਾਨ ਪਹਿਨਣ ਤੇ ਪਾਬੰਦੀ ਲਗਾ ਦਿੱਤੀ ਗਈ। ਜਦ ਇਹ ਸਭ ਕੁਝ ਦੇ ਬਾਵਜੂਦ ਅਕਾਲੀਆਂ ਦੀ ਸ਼ਕਤੀ ਘਟਣ ਦੀ ਬਜਾਏ ਵਧੀ ਤਾਂ ਸਰਕਾਰ ਨੇ ਸ੍ਰੋਮਣੀ ਕਮੇਟੀ ਦੇ ਸਕੱਤਰ ਸੁੰਦਰ ਸਿੰਘ ਰਾਮਗੜ੍ਹੀਆਂ ਕੋਲੋਂ ਦਰਬਾਰ ਸਾਹਿਬ ਤੇ ਅਕਾਲ ਤਖ਼ਤ ਦੇ ਤੋਂ ਤੋਸੇਖਾਨਿਆਂ ਦੀਆਂ ਚਾਬੀਆਂ ਜ਼ਬਰਦਸਤੀ ਲੈ ਲਈਆ ਅਤੇ ਇੱਥੋਂ ਦਾ ਪ੍ਰਬੰਧ ਇਕ ਨਵੇ ਸਰਬਰਾਹ ਨੂੰ ਸੋਪਣ ਦਾ ਐਲਾਨ ਕਰ ਦਿੱਤਾ। ਨਵੇਂ ਨਿਯੁਕਤ ਕੀਤੇ ਸਰਬਰਾਹ ਬਹਾਦਰ ਸਿੰਘ ਨੇ ਅਹੁਦਾ ਸੰਭਾਲਣ ਤੋਂ ਇਨਕਾਰ ਕਰ ਦਿੱਤਾ। ਅੰਗਰੇਜ਼ਾਂ ਦੀ ਇਸ ਧੱਕੇਸ਼ਾਹੀ ਦੀ ਸਾਰੇ ਮੁਲਕ ਵਿੱਚ ਨਿੰਦਾ ਹੋਈ। ਸਿੱਖਾ ਨੇ ਇਸ ਨੂੰ ਆਪਣੇ ਧਰਮ ਵਿੱਚ ਦਖ਼ਲ-ਅੰਦਾਜ਼ੀ ਸਮਝਿਆ। ਫਲਸਰੂਪ, ਅਕਾਲੀ ਤਹਿਰੀਕ ਅੱਗੇ ਨਾਲੋਂ ਵੀ ਤੇਜ਼ ਹੋ ਗਈ। ਕੁਝ ਮਹੀਨਿਆਂ ਵਿੱਚ ਹੀ ਸਰਕਾਰ ਨੂੰ ਆਪਣੀ ਭੁੱਲ ਦਾ ਅਹਿਸਾਸ ਹੋ ਗਿਆ ਤੇ ਉਸਨੇ ਚਾਬੀਆਂ ਮੋੜ ਦੇਣ ਦਾ ਫੈਸਲਾ ਕੀਤਾ। ਸਿੱਖਾਂ ਦੀ ਸ਼ਰਤ ਸੀ ਕਿ ਜਿੰਨਾ ਚਿਰ ਤੀਕ ਉਹਨਾਂ ਦੇ ਸਾਰੇ ਕੈਦੀ ਜੇਲ੍ਹਾਂ ਵਿੱਚੋਂ ਰਿਹਾ ਨਹੀਂ ਕੀਤੇ ਜਾਂਦੇ, ਉਹ ਸਰਕਾਰ ਦੀ ਕੋਈ ਵੀ ਗੱਲ ਸੁਣਨ ਲਈ ਤਿਆਰ ਨਹੀਂ ਹਨ। ਅੰਤ ਵਿੱਚ ਸਰਕਾਰ ਨੂੰ ਇਹ ਸ਼ਰਤ ਮੰਨਣੀ ਪਈ. ਫਿਰ ਵੀ ਬਾਬਾ ਖੜਕ ਸਿੰਘ, ਪ੍ਰਧਾਨ ਸ੍ਰੋਮਣੀ ਕਮੇਟੀ ਨੇ ਡਿਪਟੀ ਕਮਿਸ਼ਨਰ ਦੇ ਬੰਗਲੇ ਜਾ ਕੇ ਚਾਬੀਆਂ ਲਿਆਉਣ ਤੋਂ ਇਨਕਾਰ ਕਰ ਦਿੱਤਾ ਅਤੇ ਸਰਕਾਰੀ ਆਦਮੀਆ

ਨੂੰ ਆਪ ਅਕਾਲ ਤਖ਼ਤ ਆ ਕੇ ਚਾਬੀਆਂ ਵਾਪਸ ਦੇਣੀਆਂ ਪਈਆਂ। ਅਕਾਲੀਆਂ ਦੀ ਇਹ ਸ਼ਾਨਦਾਰ ਜਿੱਤ ਤੇ ਮਹਾਤਮਾ ਗਾਂਧੀ ਨੇ ਵਧਾਈ ਤਾਂ ਤਾਰ ਭੇਜਦੇ ਹੋਏ ਲਿਖਿਆ ਕਿ ਇਸ ਨਾਲ ਆਜ਼ਾਦੀ ਦੀ ਪਹਿਲੀ ਲੜਾਈ ਜਿੱਤ ਲਈ ਗਈ ਹੈ।[14]

ਇਸ ਜਿੱਤ ਨਾਲ ਸਿੱਖਾਂ ਦੇ ਹੌਸਲੇ ਹੋਰ ਬੁਲੰਦ ਹੋ ਗਏ। ਸਪਸ਼ਟ ਤੌਰ ਤੇ ਇਸ ਨਾਲ ਹਕੂਮਤ ਦੇ ਵਕਾਰ ਨੂੰ ਬੜੀ ਸੱਟ ਲੱਗੀ। ਇਹ ਦਰਸਾਉਣ ਵਾਸਤੇ ਕਿ ਸਰਕਾਰ ਕਮਜ਼ੋਰ ਨਹੀਂ ਹੈ, ਉਸਨੇ ਅਕਾਲੀਆਂ ਉੱਤੇ ਸਖਤੀ ਦੇ ਪਹਾੜ ਢਾਉਣੇ ਸ਼ੁਰੂ ਕਰ ਦਿੱਤੇ। ਉਹ ਗ੍ਰਿਫਤਾਰੀਆ ਸ਼ੁਰੂ ਹੋ ਗਈਆਂ। ਉਸੇ ਤਰ੍ਹਾਂ ਸਿੱਖ ਅਖ਼ਬਾਰਾਂ ਤੇ ਰੋਕਾਂ ਲੱਗਣ ਲੱਗ ਪਈਆਂ। ਖਿਚਾਅ ਦੇ ਇਸ ਵਾਤਾਵਰਨ ਵਿੱਚ ਛੇਤੀ ਹੀ ਇੱਕ ਹੋਰ ਮੋਰਚਾ ਲੱਗ ਗਿਆ। ਗੁਰੂ ਕੇ ਬਾਗ ਦਾ ਇਤਿਹਾਸਕ ਗੁਰੂਦੁਆਰਾ ਮਹੰਤ ਦੇ ਕੰਟਰੋਲ ਹੇਠੋਂ ਨਿਕਲ ਕੇ ਸਿੱਖਾਂ ਦੇ ਹੱਥਾਂ ਵਿੱਚ ਆ ਗਿਆ। ਉਸ ਦੇ ਨਾਲ ਰੁੱਖਾਂ ਦੀ ਇਕ ਝੁੰਗੀ ਸੀ, ਜਿੱਥੋਂ ਗੁਰੂ ਕੇ ਲੰਗਰ ਲਈ ਬਾਲਣ ਵੱਢਿਆ ਜਾਂਦਾ ਸੀ। ਜਦ ਮਹੰਤ ਨੇ ਇਸ ਗੱਲ ਤੇ ਇਤਰਾਜ ਕੀਤਾ ਤਾਂ ਸਰਕਾਰ ਨੇ ਉਸਦੀ ਸਹਾਇਤਾ ਕੀਤੀ ਤੇ ਸਿੱਖਾਂ ਨੂੰ ਉੱਥੋਂ ਲੱਕੜਾਂ ਵੱਢਣ ਤੋਂ ਵਰਜਿਆ। ਅਕਾਲੀਆਂ ਨੇ ਇਸਦੇ ਵਿਰੁੱਧ ਰੋਸ ਵੱਜੋਂ ਜਥੇ ਭੇਜਣੇ ਸ਼ੁਰੂ ਕਰ ਦਿੱਤੇ। ਅਕਾਲ ਤਖ਼ਤ ਤੋਂ ਰੋਜ਼ ਜੱਥਾ ਜਾਂਦਾ ਗੁਰੂ ਕੇ ਬਾਗ ਕੋਲ ਖੜੀ ਕੀਤੀ ਪੁਲਿਸ ਉਹਨਾਂ ਤੇ ਡਾਂਗਾਂ ਵਰਾਉਦੀ, ਘੋੜੇ ਚਲਾਉਂਦੀ ਤੇ ਬੇਹੋਸ਼ੀ ਦੀ ਹਾਲਤ ਵਿੱਚ ਕੈਦ ਕਰਕੇ ਜੇਲ੍ਹਾਂ ਵਿੱਚ ਬੰਦ ਕਰ ਦਿੰਦੀ। ਇਹ ਸਿਲਸਿਲਾ ਵੀਹ ਦਿਨਾਂ ਤੱਕ ਚਾਲੂ ਰਿਹਾ। ਅਕਾਲੀਆਂ ਦੀ ਇਸ ਪੂਰਨ ਸ਼ਾਂਤਮਈ ਜਦੋਂ ਜਹਿਦ ਨੇ ਸਮੁੱਚ ਮੁਲਕ ਦੇ ਨੇਤਾਵਾਂ ਨੂੰ ਹੈਰਾਨੀ ਨਾਲ ਚਕਿਤ ਕਰ ਦਿੱਤਾ। ਇੰਨੀ ਬਹਾਦਰ ਕੋਮ ਤੇ ਫਿਰ ਇੰਨੀ ਸਾਂਤਮਈ। ਪੰਡਤ ਮਦਨ ਮੋਹਨ ਮਾਲਵੀਆਂ ਤੇ ਸੀ ਐਫ ਅਡਰੀਉ ਵਰਗੀਆਂ ਮਹਾਨ ਹਸਤੀਆਂ ਇਸ ਅਦਭੁਤ ਦ੍ਰਿਸ਼ ਨੂੰ ਵੇਖਣ ਲਈ ਉਚੇਚੇ ਤੋਰ ਤੇ ਮੌਕੇ ਤੇ ਪਹੁੰਚੀਆਂ ਅਤੇ ਸਿੱਖ ਸੱਤਿਆਗਰਹੀਆਂ ਦੀ ਭਰਭੂਰ ਸਲਾਘਾ ਕੀਤੀ। ਇਕ ਵਾਰ ਫਿਰ ਸਰਕਾਰ ਨੂੰ ਮੂੰਹ ਦੀ ਖਾਣੀ ਪਈ। ਮੋਰਚਾਂ ਸਿੱਖਾਂ ਨੇ ਜਿੱਤ ਲਿਆ। ਪਰ ਮੋਰਚੇ ਦੋਰਾਨ 5605 ਸਿੱਖਾਂ ਦੀਆਂ ਗ੍ਰਿਫਤਾਰੀਆਂ ਹੋਈਆਂ। ਸਰ ਗੰਗਾ ਰਾਮ ਨੇ ਉਹ ਜਮੀਨ ਖਰੀਦ ਦੇ ਸਿੱਖਾ ਦੇ ਹਵਾਲੇ ਕਰ ਦਿੱਤੀ।

ਮੋਰਚਾ ਜਿੱਤ ਲੈਣ ਦਾ ਮਤਲਬ ਇਹ ਨਹੀਂ ਸੀ ਕਿ ਸਿੱਖ ਸਮੱਸਿਆ ਹੱਲ ਹੋ ਗਈ ਸੀ। ਇਸ ਦਾ ਸਮਾਧਾਨ ਤਾਂ ਹੀ ਹੋ ਸਕਦਾ ਸੀ ਜੋ ਗੁਰਦੁਆਰਾ ਪ੍ਰਬੰਧ ਸਬੰਧੀ ਕੋਈ ਯੋਗ ਕਾਨੂੰਨ ਬਣਾਇਆ ਜਾਂਦਾ। ਇਸ ਦਿਸ਼ਾ ਵਿੱਚ ਵੀ ਕਈ ਕਦਮ ਚੁੱਕੇ ਗਏ।

ਸਰਕਾਰ ਨੇ ਕਈ ਵਾਰ ਬਿਲ ਪਾਸ ਕਰਨ ਦੀ ਕੋਸ਼ਿਸ਼ ਕੀਤੀ, ਪਰ ਕਿਉਂਕਿ ਸਰਕਾਰ ਦੀ ਨੀਯਤ ਸਾਫ ਨਹੀਂ ਸੀ ਉਸ ਨੂੰ ਸਿੱਖਾਂ ਦਾ ਸਹਿਯੋਗ ਹਾਸਲ ਨਾ ਹੋ ਸਕਿਆ ਅਤੇ ਉਸ ਦੀ ਹਰ ਕੋਸ਼ਿਸ਼ ਅਜਾਈ ਗਈ। ਇਸ ਪ੍ਰਕਾਰ ਖਿਚੋਤਾਣ ਦਾ ਵਾਯੂ-ਮੰਡਲ ਪਹਿਲਾਂ ਵਾਂਗ ਹੀ ਬਣਿਆ ਰਿਹਾ। ਜੁਲਾਈ 1923 ਨੂੰ ਨਾਭਾ ਰਿਆਸਤ ਦੇ ਰਾਜਾ ਰਿਪੁਦਮਨ ਸਿੰਘ ਨੂੰ ਅਕਾਲੀਆਂ ਦੇ ਹਿਤੈਸ਼ੀ ਹੋਣ ਦੇ ਕਾਰਨ ਗੱਦੀ ਤੋਂ ਉਤਾਰ ਦਿੱਤਾ ਗਿਆ। ਇਸ ਘਟਨਾ ਨੇ ਅਕਾਲੀਆਂ ਨੂੰ ਮੁੜ ਸਰਗਰਮ ਕਰ ਦਿੱਤਾ ਤੇ

ਇਕ ਹੋਰ ਮੋਰਚੇ ਦਾ ਮੁੱਢ ਬੱਝ ਗਿਆ। ਜੋ ਜੈਤੋ ਤੇ ਮੋਰਚੇ ਦੇ ਨਾਂ ਨਾਲ ਪ੍ਰਸਿੱਧ ਹੈ।

1849 ਵਿੱਚ ਪੰਜਾਬ ਉੱਤੇ ਅੰਗਰੇਜ਼ਾਂ ਨੇ ਖ਼ਾਲਸਾ ਰਾਜ ਖ਼ਤਮ ਕਰਕੇ ਅੰਗਰੇਜ਼ੀ ਰਾਜ ਵਿੱਚ ਸ਼ਾਮਿਲ ਕਰ ਲਿਆ ਜੋ ਇੱਕ ਬਹੁਤ ਵੱਡਾ ਧੋਖਾ ਸੀ। ਪੰਜਾਬੀਆਂ ਦੀਆਂ ਭਾਵਨਾਵਾਂ ਅੰਗਰੇਜ਼ਾਂ ਪ੍ਰਤੀ ਉਤੇਜਿਤ ਹੋ ਗਈਆਂ। ਗੁਰਦੁਆਰਾ ਅੰਦੋਲਨ ਵਿੱਚ ਮਿਲ ਰਹੀ ਲਗਾਤਾਰ ਸਫਲਤਾ ਕਾਰਨ ਇਹ ਅੰਦੋਲਨ ਤਾਕਤਵਰ ਹੁੰਦਾ ਜਾ ਰਿਹਾ ਸੀ। ਅੰਗਰੇਜ਼ੀ ਸਰਕਾਰ ਸੋਚਦੀ ਸੀ ਕਿ ਗੁਰਦੁਆਰਾ ਅੰਦੋਲਨ ਕਾਰਨ ਪੰਜਾਬ ਵਿੱਚ ਰਾਸ਼ਟਰਵਾਦੀ ਗਤੀਵਿਧੀਆਂ ਵਧਦੀਆਂ ਜਾ ਰਹੀਆਂ ਸਨ ਅਤੇ ਨਾਲ ਹੀ ਦੂਸਰੇ ਪਾਸੇ ਪੰਜਾਬ ਵਿੱਚ ਰਾਜੀਤਿਕ ਜਾਗਰਤੀ ਆ ਰਹੀ ਸੀ। ਸੋ ਨਤੀਜ਼ੇ ਵੱਜੋਂ ਨਾਭੇ ਦੇ ਮਹਾਰਾਜੇ ਦੇ ਪ੍ਰਸ਼ਨ ਉੱਤੇ ਜੈਤੋ ਦੇ ਮੋਰਚੇ ਤੇ ਅੰਗਰੇਜ਼ਾਂ ਨਾਲ ਟੱਕਰ ਹੋਈ. ਨਾਭਾ ਦੀ ਪਰਜਾ ਵੀ ਮਹਾਰਾਜਾ ਦੇ ਨਾਲ ਸੀ। 5 ਅਗਸਤ 1923 ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਮਹਾਰਾਜਾ ਨਾਭਾ ਨਾਲ ਹਮਦਰਦੀ ਦਾ ਮਤਾ ਪਾਸ ਕੀਤਾ ਅਤੇ ਫੈਸਲਾ ਕੀਤਾ ਕਿ ਮਹਾਰਾਜਾ ਨੂੰ ਗੱਦੀ ਤੇ ਵਾਪਸ ਬਠਾਉਣ ਲਈ ਪੂਰੀ ਮਦਦ ਕੀਤੀ ਜਾਵੇਗੀ।

ਮਹਾਰਾਜਾ ਰਿਪੁਦਮਨ ਸਿੰਘ ਨਾਲ ਹਮਦਰਦੀ ਪ੍ਰਗਟ ਕਰਨ ਲਈ ਅਗਸਤ 25-27 ਵਾਲੇ ਦਿਨਾਂ ਦੀ ਜੈਤੋ ਦੀ ਸੰਗਤ ਨੇ ਗੁਰੂਦੁਆਰਾ ਗੰਗਸਰ ਵਿੱਚ ਦੀਵਾਨ ਤੇ ਪਾਠ ਕਰਨ ਦਾ ਫੈਸਲਾ ਕੀਤਾ। ਸਰਕਾਰ ਨੇ ਨਾਭਾ ਵਿੱਚ ਸਾਰੀਆਂ ਸਭਾਵਾਂ ਉੱਤੇ ਪਾਬੰਦੀ ਲਗਾ ਦਿੱਤੀ। ਜਦ ਤੋਂ ਅਕਾਲੀਆਂ ਦਾ ਗੁਰੂਦੁਆਰਾ ਗੰਗਸਰ ਜੈਤੋਂ ਵਿੱਚ ਦੀਵਾਨ ਚਲ ਰਿਹਾ ਸੀ ਤਾਂ ਸਰਕਾਰ ਨੇ ਪੁਲਿਸ ਰਾਹੀਂ ਦੀਵਾਨ ਭੰਗ ਕਰਨ ਦੀ ਕੋਸ਼ਿਸ਼ ਕੀਤੀ ਅਤੇ ਸਿੱਖਾਂ ਦੀ ਧਾਰਮਿਕ ਮਰਿਆਦਾ ਦੀ ਹੱਤਕ ਕੀਤੀ। ਸੰਗਤਾਂ ਨੇ ਇਹ ਫੈਸਲਾ ਕੀਤਾ ਕਿ ਜਦ ਤੱਕ ਸਰਕਾਰ ਆਪਣੀ ਗਲਤੀ ਨਹੀਂ ਮੰਨਦੀ ਤਾਂ ਦੀਵਾਨ ਕਰਨੇ ਅਤੇ ਪਾਠਾਂ ਦਾ ਸਿਲਸਿਲਾ ਲਗਾਤਾਰ ਜਾਰੀ ਰਹੇਗਾ। ਇਸ ਤਰ੍ਹਾਂ ਜੈਤੋਂ ਦਾ ਮੋਰਚਾ ਸ਼ੁਰੂ ਹੋ ਗਿਆ, ਅਤੇ ਪਹਿਲਾ ਜੱਥਾ 15 ਸਤੰਬਰ 1923 ਨੂੰ ਆਉਂਣਾ ਸ਼ੁਰੂ ਹੋ ਗਿਆ ਜੋ ਲਗਾਤਾਰ 16 ਜੱਥੇ ਜੈਤੋਂ ਤੱਕ ਆਉਂਦੇ ਰਹੇ ਅਤੇ ਗ੍ਰਿਫਤਾਰੀਆਂ ਦਿੰਦੇ ਰਹੇ। ਸਰਕਾਰੀ ਅੱਤਿਆਚਾਰ ਹੁੰਦੇ ਰਹੇ, ਜੱਥਿਆਂ ਤੇ ਗੋਲੀ ਵੀ ਚਲਾਈ ਗਈ। ਆਖ਼ਿਰ ਸੰਗਤ ਦੀ ਜਿੱਤ ਹੋਈ ਅਤੇ ਸਰਕਾਰ ਨੇ 1925 ਵਿੱਚ ਗੁਰਦੁਆਰਾ ਬਿਲ ਐਕਟ ਪਾਸ ਕਰ ਦਿੱਤਾ। ਅਕਾਲੀਆਂ ਨੂੰ ਅਖੰਡ ਪਾਠ ਕਰਨ ਦੀ ਇਜ਼ਾਜਤ ਮਿਲ ਗਈ ਅਤੇ ਮੋਰਚਾ ਸਫਲ ਹੋ ਗਿਆ।

ਪੰਜਾਬ ਵਿੱਚ ਅੰਗਰੇਜ਼ੀ ਸ਼ਾਸਨ ਪ੍ਰਬੰਧਕਾਂ ਦੀ ਮੁੱਖ ਨੀਤੀ ਪੂਰੇ ਪ੍ਰਾਂਤ ਵਿੱਚ ਅੰਗਰੇਜ਼ੀ ਰਾਜ ਦੀਆਂ ਜੜ੍ਹਾਂ ਪੱਕੀਆ ਕਰਨ ਦੀ ਸੀ। ਇਸ ਉਦੇਸ਼ ਦੀ ਪ੍ਰਾਪਤੀ ਲਈ ਉਹਨਾਂ ਨੇ ਸਭ ਤੋਂ ਪਹਿਲਾਂ ਖਾਲਸਾ ਰਾਜ ਨੂੰ ਤੋੜ ਦਿੱਤਾ। ਪੰਜਾਬ ਵਿੱਚ ਅੰਦਰੂਨੀ ਸਾਂਤੀ ਅਤੇ ਸੁਰੱਖਿਆ ਦੀ ਸਥਾਪਨਾ ਕਰਨ ਲਈ ਪੁਲਿਸ ਪ੍ਰਬੰਧ ਦਾ ਗਠਨ ਕੀਤਾ। ਸਾਰੇ ਪ੍ਰਾਂਤ ਵਿੱਚ ਇਕੋ ਜਿਹਾ ਰਾਜ ਪ੍ਰਬੰਧ ਇਕ ਸਾਰ ਸੰਸਥਾਂਵਾਂ ਤੇ ਇਕਸਾਰ ਕਾਨੂੰਨ ਪ੍ਰਚਲਿਤ ਕੀਤੇ। ਇਸ ਲਈ ਲੋਕਾਂ ਦੀਆਂ ਸਮੱਸਿਆਵਾਂ ਤਕਲੀਫਾਂ ਅਤੇ ਮੰਗਾਂ ਵਿੱਚ

ਸਮਾਨਤਾ ਆ ਗਈ ਅਤੇ ਉਹਨਾਂ ਨੇ ਸਾਝੇ ਹਿੱਤਾਂ ਦੀ ਰੱਖਿਆ ਲਈ ਜਥੇਬੰਦੀਆਂ ਦਾ ਨਿਰਮਾਣ ਕੀਤਾ। ਉਨੀਵੀਂ ਸਦੀ ਦੇ ਦੂਜੇ ਅੱਧ ਵਿੱਚ ਉਤਪੰਨ ਹੋਣ ਵਾਲੀਆ ਸਾਰੀਆਂ ਲਹਿਰਾਂ ਧਾਰਮਿਕ ਅਤੇ ਸਮਾਜਿਕ ਕਿਸਮ ਦੀਆਂ ਸਨ। ਇਹ ਲਹਿਰਾਂ ਬ੍ਰਿਟਿਸ਼ ਸ਼ਾਸਨ ਪ੍ਰਣਾਲੀ ਅਤੇ ਈਸਾਈ ਧਰਮ ਦੇ ਪ੍ਰਚਾਰ ਤੇ ਵਿਚਾਰਾਂ ਦੇ ਵਿਰੁੱਧ ਸਨ।[15]

ਵੀਹਵੀਂ ਸਦੀ ਵਿੱਚ ਪੰਜਾਬ ਵਿੱਚੋਂ ਭਾਰਤ ਦੇ ਦੂਜੇ ਪ੍ਰਾਂਤਾਂ ਵਾਂਗ ਸੁਤੰਤਰਤਾ ਲਹਿਰ ਜ਼ੋਰ ਸ਼ੋਰ ਨਾਲ ਚੱਲੀ, ਜਿਸ ਨਾਲ ਪੰਜਾਬ ਨਿਵਾਸੀਆਂ ਨੂੰ ਨਵਾਂ ਹੁਲਾਰਾ ਮਿਲਿਆ ਤੇ ਜਿਸ ਨੇ ਆਪ ਲੋਕਾਂ ਦੀ ਚੇਤਨਾ ਨੂੰ ਉਤੇਜਿਤ ਕੀਤਾ ਅਤੇ ਰਾਸ਼ਟਰੀਅਤਾ ਦੀ ਭਾਵਨਾਂ ਦੀ ਨੀਂਹ ਰੱਖੀ ਜਿਹੜੀ ।ਕ ਰਾਸ਼ਟਰੀ ਸੰਘਰਸ਼ ਦੇ ਰੂਪ ਵਿੱਚ ਵਿਕਸਿਤ ਹੋਈ।

14 ਅਪ੍ਰੈਲ 1919 ਈਸਵੀ ਨੂੰ ਲੋਕਾਂ ਅਤੇ ਅੰਗਰੇਜ਼ ਸਰਕਾਰ ਦੇ ਵਿਚਕਾਰ ਟਕਰਾਅ ਦਾ ਵਾਤਾਵਰਣ ਸਿਖਰ ਤੇ ਪਹੁੰਚ ਗਿਆ ਜਿਸ ਦੇ ਫਸਰੂਪ ਜੱਲ੍ਹਿਆਂਵਾਲਾ ਬਾਗ ਦਾ ਸਾਕਾ ਹੋਇਆ। ਜੱਲ੍ਹਿਆਂਵਾਲਾ ਬਾਗ਼ ਦਾ ਸਾਕਾ ਅੰਤਰ ਰਾਸ਼ਟਰੀ ਪੱਧਰ ਉੱਤੇ ਚਰਚਾ ਦਾ ਵਿਸ਼ਾ ਬਣ ਗਿਆ। ਇਸ ਘਟਨਾ ਉਪਰੰਤ ਭਾਰਤ ਦੀ ਰਾਜਨੀਤੀ ਵਿੱਚ ਇਤਨਾ ਗੁੱਸਾ ਪੈਦਾ ਹੋਇਆ ਕਿ ਨਰਮ ਖਿਆਲੀਏ ਵੀ ਅੰਗਰੇਜ਼ ਸਾਮਰਾਜ ਦੇ ਵਿਰੁੱਧ ਹੋ ਗਏ। ਪੰਜਾਬ ਵਿੱਚ 1906 ਤੋਂ 1919 ਦੇ ਕਾਲ ਵਿੱਚ ਜੋ ਰਾਸ਼ਟਰੀ ਚੇਤਨਾ ਦਾ ਵਿਸਥਾਰ ਹੋਇਆ ਉਸ ਨਾਲ ਮੱਧ ਵਰਗੀ ਸ਼੍ਰੇਣੀ ਦੀ ਲੀਡਰਸ਼ਿਪ ਅਗਾਂਹ ਵੱਧ ਕੇ ਆਈ।

ਅਜਿਹੀ ਹਾਲਤ ਵਿੱਚ ਸਿੱਖ ਸਮਾਜ ਦੀ ਸੋਚਣੀ ਵਿੱਚ ਮੌਜੂਦ ਬੇਬਸੀ ਅਕਾਲੀ ਲਹਿਰ ਦੀ ਉਤਪਤੀ ਦੇ ਰੂਪ ਵਿੱਚ ਸਾਹਮਣੇ ਆਈ. ਇਸ ਲਹਿਰ ਦੇ ਸਿੱਟੇ ਵੱਜੋਂ ਅੰਗਰੇਜ਼ ਹਕੂਮਤ ਤੇ ਉਸਦੇ ਖ਼ੈਰ-ਖਵਾਹ ਮਹੰਤਾਂ ਤੋਂ ਗੁਰਦੁਆਰਿਆਂ ਦਾ ਕੰਟਰੋਲ ਖੁਸ਼ ਗਿਆ ਅਤੇ ਸਿੱਖਾਂ ਦੇ ਜ਼ਮਹੂਰੀ ਹੱਥਾਂ ਵਿੱਚ ਆ ਗਿਆ। ਇਸ ਲਹਿਰ ਨੂੰ ਦਬਾਉਣ ਲਈ ਸਿੱਖਾਂ ਤੇ ਬੇਹਿਸਾਬ ਤਸ਼ਦਦ ਹੋਇਆ **ਲਗਭਗ 40000 ਅਕਾਲੀ ਕੈਦ ਹੋਏ, 500 ਦੇ ਕਰੀਬ ਸ਼ਹੀਦ ਕੀਤੇ ਗਏ, 3000 ਅਕਾਲੀਆਂ ਦੀਆਂ ਜਾਇਦਾਦਾਂ ਜਬਤ ਹੋਈਆਂ ਅਤੇ ਜਲਾਵਤਨ ਕਰ ਦਿੱਤੇ ਗਏ**। ਇਹ ਸੀ ਇਸ ਨਵੀਂ, ਚੇਤਨਾ ਦਾ ਰੂਪ।

## ਹਵਾਲੇ ਪੁਸਤਕਾਂ ਦੀ ਸੂਚੀ

1. ਏ. ਸੀ. ਅਰੋੜਾ, ਪੰਜਾਬ ਦੀਆਂ ਲੋਕ ਲਹਿਰ, ਪਟਿਆਲਾ 1989, ਪੰਨਾ-144.
2. Fauja Singh, Kuka Movement, Delhi, 1965, p. 118.
3. Administration Report of Punjab 1849-51, 1875-76 Delhi.
4. N.L. Khilwani, Administration Report of Punjab-III 1854-56 Punjab under the Lawarance Shimla 1951, p. III.
5. Ibid.

6. Ganda Singh, Punjab, Bhai Jodh Singh, Abhinandan Granth, Patila, 1962, p. 7.
7. Khushwant Singh, A History of Sikhs, London 1977, p. 66.
8. Harbans Singh, The Haritage of Sikhs, Delhi 1983, p. 280.
9. Satya M Ray, Lagislative politics and the Freedom Struggle in Punjab, 1897-1947 New Delhi, 1984, p. 73.
10. Bajaj Y. P., Punjab Lagislature and the Indian National Movement, Indian Book Cronical Vol. No. 9, New Delhi 1985, P. III.
11. ਬਜ਼ਾਜ਼ ਵਾਈ ਪੀ. ਪੰਜਾਬ ਵਿੱਚ ਕੋਮੀ ਅੰਦੋਲਨ 1930-1947 ਪਾਠ ਪੰਜਾਬ ਦੀਆਂ ਲੋਕ ਲਹਿਰਾ, ਪਟਿਆਲਾ 1989 ਪੰਨਾ-112.
12. ਗੁਰਬਚਨ ਸਿੰਘ ਤਾਲਬ, ਸਰਦਾਰ ਸੇਵਾ ਸਿੰਘ ਠੀਕਰੀਵਾਲਾ, ਪਟਿਆਲਾ 1971, ਪੰਨਾ-66.
13. ਸੋਹਨ ਸਿੰਘ ਜੋਸ਼, ਅਕਾਲੀ ਮੋਰਚਿਆਂ ਦਾ ਇਤਿਹਾਸ, ਦਿੱਲੀ 1975 ਪੰਨਾ-42.
14. K.L. Tuteja, Sikh Politics 1920-40, Kurukshetra, 1984, p. 74.
15. Ruchi Ram Sahni, Struggle for Reforms in Sikh Shrines, Amritsar, 1965, p. 60.

## ਅਧਿਆਇ-9

# ਬੱਬਰ ਅਕਾਲੀ ਲਹਿਰ

ਪੰਜਾਬ ਦੇ ਇਤਿਹਾਸ ਵਿੱਚ ਬੱਬਰ ਅਕਾਲੀ ਲਹਿਰ ਖਾਸ ਸਥਾਨ ਰੱਖਦੀ ਹੈ। ਇਹ ਅੰਦੋਲਨ ਨਿਰੋਲ ਦੇਸ਼ ਭਗਤੀ ਦੇ ਜ਼ਜ਼ਬਿਆਂ ਨਾਲ ਭਰਿਆ ਹੋਇਆ ਸੀ। ਇਸ ਦੇ ਚੱਕਰਵਰਤੀ ਜੱਥਿਆਂ ਦਾ ਮੁੱਖ ਮਕਸ਼ਦ ਸਰਕਾਰ ਦੇ ਮੁੱਖਬਰਾਂ ਅਤੇ ਦੇਸ਼ ਭਤਤਾਂ ਵਿਰੁੱਧ ਝੂਠੀਆਂ ਗਵਾਹੀਆਂ ਦੇਣ ਵਾਲਿਆਂ ਨੂੰ ਸਜ਼ਾ ਦੇਣਾ ਸੀ। ਇਹ ਲਹਿਰ ਚੱਲਣ ਘੋਰ ਵਿਰੋਧੀ ਸਨ। ਅੰਗਰੇਜ਼ਾਂ ਨੇ ਪੰਜਾਬ ਦੀ ਆਰਥਿਕਤਾ ਨੂੰ ਸਾਮਰਾਜਿਕ ਅਰਥਚਾਰੇ ਦਾ ਸਹਾਇਕ ਅੰਗ ਬਣਾਇਆ। ਹੋਲੀ-ਹੋਲੀ ਕਿਸਾਨਾਂ ਦੀ ਹਾਲਤ ਮਾੜੀ ਹੋਣੀ ਸ਼ੁਰੂ ਹੋ ਗਈ ਅਤੇ ਉਹਨਾਂ ਨੂੰ ਆਰਥਿਕ ਸੰਕਟ ਸਹਿਣੇ ਪਏ। ਇਸੇ ਦੌਰਾਨ ਨਹਿਰੀ ਕਲੋਨੀਆ ਨੂੰ ਵਸਾਉਣ ਵਾਲੇ ਲੋਕਾਂ ਉੱਤੇ ਕਈ ਪ੍ਰਕਾਰ ਦੀਆਂ ਪਾਬੰਦੀਆਂ ਲਗਾ ਦਿੱਤੀਆਂ। ਜਦੋਂ ਉਹਨਾ ਨੇ ਐਜ਼ੀਟੇਸ਼ਨ ਕੀਤਾ ਤਾਂ ਉਹਨਾਂ ਤੇ ਬਹੁਤ ਜਿਆਦਾ ਸਖਤੀ ਕੀਤੀ ਗਈ।

ਪੰਜਾਬੀਆਂ ਦੇ ਮਨਾਂ ਵਿੱਚ ਅੰਗਰੇਜ਼ਾਂ ਪ੍ਰਤੀ ਪ੍ਰਤੀਕਰਮ ਬਦਲਦੇ ਗਏ। ਕੈਨੇਡਾ ਵਿੱਚ ਭਾਰਤੀ ਪ੍ਰਵਾਸੀਆਂ ਨਾਲ ਅਤਿ ਮਾੜਾ ਸਲੂਕ ਕੀਤਾ ਗਿਆ। ਜਿਸ ਦੇ ਪ੍ਰਤੀਕਰਮ ਵੱਜੋਂ ਉਨ੍ਹਾਂ ਨੇ ਗਦਰ ਪਾਰਟੀ ਗਠਿਤ ਕੀਤੀ ਤਾਂ ਜੋ ਭਾਰਤ ਨੂੰ ਹਥਿਆਰਬੰਦ ਕ੍ਰਾਂਤੀ ਦੁਆਰਾ ਅੰਗਰੇਜ਼ਾਂ ਤੋਂ ਮੁਕਤ ਕਰਾਇਆ ਜਾ ਸਕੇ।[1] ਕਾਮਾਗਾਟਾਮਾਰੂ ਜਹਾਜ਼ ਦੇ ਕਨੇਡਾ ਵਿੱਚ ਪ੍ਰਵੇਸ਼ ਨਾ ਕਰਨ ਦੇਣ ਤੇ ਮੁਸਾਫਰਾਂ ਤੇ ਅਨੇਕਾਂ ਤਸੀਹੇ ਤੇ ਦੁੱਖ ਸਹਿੰਦੇ ਹੋਏ ਜਦੋਂ ਭਾਰਤ ਵਾਪਸ ਆਏ ਤਾਂ ਬਜਬਜ ਦੇ ਸਥਾਨ ਤੇ ਉਨ੍ਹਾਂ ਨੂੰ ਗੋਲੀਆਂ ਦਾ ਸ਼ਿਕਾਰ ਹੋਣਾ ਪਿਆ। ਪਹਿਲੇ ਵਿਸ਼ਵ ਯੁੱਧ ਦੀ ਸਮਾਪਤੀ ਤੋਂ ਬਾਦ ਅੰਗਰੇਜ਼ਾਂ ਨੇ ਫ਼ੌਜਾਂ ਦੀ ਛਾਂਟੀ ਕੀਤੀ ਜਿਸ ਨਾਲ ਬਹੁਤ ਸਾਰੇ ਪੰਜਾਬੀ ਫ਼ੌਜ਼ੀ ਆਪਣੇ ਘਰਾਂ ਵਿੱਚ ਵਾਪਸ ਆ ਗਏ। ਉਹਨਾਂ ਨੇ ਮਹਿਸੂਸ ਕੀਤਾ ਕਿ ਅੰਗਰੇਜ਼ਾਂ ਨੇ ਪਹਿਲੀ ਸੰਸਾਰ ਜੰਗ ਵਿੱਚ ਆਪਣੇ ਹਿੱਤਾਂ ਵਾਸਤੇ ਵਰਤ ਕੇ ਉਨ੍ਹਾਂ ਨੂੰ ਫ਼ੌਜ਼ ਵਿੱਚੋਂ ਬਾਹਰ ਕੱਢ ਦਿੱਤਾ ਹੈ।

ਇਨ੍ਹਾਂ ਹੀ ਦਿਨਾਂ ਵਿੱਚ **ਭਾਈ ਕਿਸ਼ਨ ਸਿੰਘ** ਫ਼ੌਜ਼ ਵਿੱਚ ਹੋਲਦਾਰ ਮੇਜ਼ਰ ਸਨ। ਪਰ ਦੇਸ਼ ਭਗਤੀ ਦੇ ਜ਼ਜ਼ਬੇ ਨਾਲ ਭਰੇ ਹੋਏ ਸਨ ਤੇ ਲਗਾਤਾਰ ਆਪਣੇ ਸਾਥੀਆ ਨਾਲ ਅੰਗਰੇਜ਼ਾਂ ਦੀਆਂ ਨੀਤੀਆਂ ਦੀ ਆਲੋਚਨਾਂ ਕਰਦੇ ਰਹਿੰਦੇ ਸਨ।

20 ਫਰਵਰੀ 1921 ਨੂੰ ਨਨਕਾਣਾ ਸਾਹਿਬ ਦਾ ਖ਼ੂਨੀ ਸਾਕਾ ਵਾਪਰ ਗਿਆ। ਜਿਸ ਦੇ ਪ੍ਰਤੀਕਰਮ ਵੱਜੋਂ ਸਾਰੇ ਪੰਜਾਬ ਵਿੱਚ ਰੋਸ ਦੀ ਲਹਿਰ ਦੋੜ ਗਈ। ਮਹੰਤ ਨਰਾਇਣ ਦਾਸ ਨੇ ਅੰਗਰੇਜ਼ ਅਫਸਰਾਂ ਖਾਸ ਤੌਰ ਤੇ ਸੀ. ਐਮ ਕਿੰਗ ਅਤੇ ਸੀ. ਐਮ ਬੋਰਿੰਗ ਦੀ ਸਹਾਇਤਾਂ ਨਾਲ ਯੋਜ਼ਨਾ ਬਣਾ ਕੇ ਨਿਹੱਥੇ ਅਕਾਲੀਆਂ ਦੇ ਜੱਥੇ ਤੇ ਹਮਲਾ ਕਰਵਾ ਕੇ 110 ਸਿੱਖਾਂ ਨੂੰ ਮੌਤ ਦੇ ਘਾਟ ਉਤਾਰ ਦਿੱਤਾ।[2]

ਗਰਮ ਖ਼ਿਆਲੀਆਂ ਨੇ ਫੈਸਲਾ ਕੀਤਾ ਕਿ ਹੁਣ ਸਾਨੂੰ ਸਸਤਰਾਂ ਤੋਂ ਕੰਮ ਲੈਣਾ ਚਾਹੀਦਾ ਹੈ। ਭਾਵੇਂ ਇਸ ਘਟਨਾ ਦਾ ਅਸਰ ਸਮੁੱਚੇ ਪੰਜਾਬ ਤੇ ਪਿਆ, ਪਰ ਕਿਸ਼ਨ ਸਿੰਘ ਉੱਤੇ ਗਹਿਰਾ ਅਸਰ ਪਿਆ। ਉਸ ਨੇ ਫ਼ੌਜ਼ੀ ਗੁਰਦੁਆਰੇ ਵਿੱਚ ਖੁੱਲੀ ਜੋਸ਼ੀਲੀ ਤਕਰੀਰ ਕਰਕੇ ਅੰਗਰੇਜ਼ਾਂ ਦੀ ਆਲੋਚਨਾਂ ਕੀਤੀ। ਉਹ ਇਸ ਲਈ ਜ਼ਿੰਮੇਵਾਰ ਸਨ। ਫ਼ੌਜ਼ੀ ਅਫਸਰਾਂ ਨੇ ਕਿਸ਼ਨ ਸਿੰਘ ਨੂੰ ਕੋਰਟ ਮਾਰਸ਼ਲ ਕਰਕੇ 28 ਦਿਨਾਂ ਦੀ ਕੁਆਟਰ ਗਾਰਦ ਦੀ ਸਜਾ ਸੁਣਾ ਦਿੱਤੀ ਇਸ ਤੋਂ ਬਾਅਦ ਭਾਈ ਸਾਹਿਬ ਨੇ ਨੌਕਰੀ ਛੱਡ ਦਿੱਤੀ ਤੇ ਵਾਪਸ ਪਿੰਡ ਆ ਗਏ। 1921 ਵਿੱਚ ਉਨ੍ਹਾਂ ਨੇ ਸ਼੍ਰੋਮਣੀ ਅਕਾਲੀ ਦਲ ਦੇ ਸਕੱਤਰ ਦਾ ਕਾਰਜ਼ ਸੰਭਾਲਿਆ।

25-27 ਮਾਰਚ 1921 ਵਿੱਚ ਹੁਸ਼ਿਆਰਪੁਰ ਵਿੱਚ ਸਿੱਖ ਐਜੂਕੇਸ਼ਨ ਕਾਨਫਰੰਸ ਦੇ ਮੌਕੇ ਤੇ ਕਿਸ਼ਨ ਸਿੰਘ ਸਮੇਤ 13 ਵਿਅਕਤੀਆਂ ਨੇ ਇਕ ਗੁਪਤ ਮੀਟਿੰਗ ਕੀਤੀ।[3] ਜਿਸ ਵਿੱਚ ਫੈਸਲਾ ਕੀਤਾ ਗਿਆ ਕਿ 'ਨਨਕਾਣਾ ਸਾਹਿਬ' ਦੇ ਸਾਕੇ ਦੇ ਜਿੰਮੇਵਾਰ ਜਿੰਨੇ ਵੀ ਵਿਅਕਤੀਆਂ ਨੂੰ ਹੋ ਸਕੇ ਖ਼ਤਮ ਕਰ ਦਿੱਤਾ ਜਾਵੇ।[4] ਗੰਡਾ ਸਿੰਘ ਅਤੇ ਬੇਲਾ ਸਿੰਘ ਦੀ ਮਿਸਟਰ ਸੀ. ਐਮ ਕਿੰਗ ਅਤੇ ਪੁਲਿਸ ਕਪਤਾਨ ਸੀ. ਐਮ ਬੋਰਿੰਗ ਦੇ ਕਤਲ ਦੀ ਜ਼ਿੰਮੇਵਾਰੀ ਲਾਈ ਗਈ। ਪਰ ਸਾਧੂ ਸਿੰਘ ਦੇ ਵਿਸ਼ਵਾਸਘਾਤ ਕਰਨ ਨਾਲ ਗੰਡਾ ਸਿੰਘ ਅਤੇ ਬੇਲਾ ਸਿੰਘ ਨੂੰ ਪੁਲਿਸ, ਨੇ ਗ੍ਰਿਫਤਾਰ ਕਰ ਲਿਆ। ਗੰਡਾ ਸਿੰਘ ਵਾਅਦਾ ਮੁਆਫ ਗਵਾਹ ਬਣ ਗਿਆ। ਜਿਸ ਦੀ ਸੂਚਨਾਂ ਦੇ ਅਧਾਰ ਤੇ ਕਈਆ ਨੂੰ ਸਜ਼ਾ ਹੋਈ।[5] ਇਸ ਘਟਨਾ ਦਾ ਭਾਈ ਕਿਸ਼ਨ ਸਿੰਘ ਤੇ ਬੜਾ ਪ੍ਰਭਾਵ ਪਿਆ ਤੇ ਉਸ ਨੇ ਪੁਲਿਸ ਨੂੰ ਗਿਫਤਾਰੀ ਨਹੀਂ ਦਿੱਤੀ। ਉਸ ਸਮੇਂ ਗੁਰੂਦੁਵਾਰਾ ਸੁਧਾਰ ਅੰਦੋਲਨ ਚਲ ਰਿਹਾ ਸੀ, ਜਿਸ ਵਿੱਚ ਅੰਗਰੇਜ਼ੀ ਪੁਲਿਸ ਨੇ ਸਿੱਖਾਂ ਤੇ ਬੇਪਨਾਹ ਜ਼ੁਲਮ ਕੀਤੇ ਤੇ ਮਹੰਤਾਂ ਦਾ ਪੱਖ ਲਿਆ। ਹੁਣ ਕਿਸ਼ਨ ਸਿੰਘ ਨੇ ਅੰਗਰੇਜ਼ਾਂ ਦੇ ਖਿਲਾਫ ਸੰਘਰਸ਼ ਕਰਨ ਦਾ ਫੈਸਲਾ ਕੀਤਾ। ਅੰਗਰੇਜ਼, ਹਕੂਮਤ ਨੇ ਭਾਈ ਕਿਸ਼ਨ ਸਿੰਘ ਦੇ ਵਾਰੰਟ ਜਾਰੀ ਕਰ ਦਿੱਤੇ ਸਨ ਸੋ ਭਾਈਜੀ ਨੇ ਕੁਝ ਸਮਾ ਮਸਤੂਆਣਾ ਵਿਖੇ ਗੁਜ਼ਾਰਿਆ। ਇੱਥੋ ਉਸ ਨੇ ਇਕ ਹਥਿਆਰ ਵਿਦਰੋਹ ਕਰਨ ਦੀ ਯੋਜਨਾ ਬਣਾਈ।

ਮਾਸਟਰ ਮੋਤਾ ਸਿੰਘ ਜਿਨ੍ਹਾਂ ਨੂੰ ਗ਼ਦਰ ਲਹਿਰ ਦੇ ਉਦਭੱਵ ਅਤੇ ਅਸਫਲਤਾ ਬਾਰੇ ਗਿਆਨ ਦੀ ਪੂਰੀ ਜਾਣਕਾਰੀ ਸੀ, ਉਹ ਹਥਿਆਰਬੰਦ ਕ੍ਰਾਂਤੀ ਰਾਹੀਂ ਅੰਗਰੇਜ਼ਾਂ ਨੂੰ ਹਿੰਦੁਸਤਾਨ ਤੋਂ ਭੱਜਾਣ ਦੇ ਹੱਕ ਵਿੱਚ ਸਨ। ਹੁਣ ਮਾਸਟਰ ਜੀ ਕਿਸ਼ਨ ਸਿੰਘ ਦੇ ਸਾਥੀ ਬਣ ਗਏ। ਇਸੇ ਤਰ੍ਹਾਂ ਅਕਾਲੀ ਲਹਿਰ 'ਚ ਸ਼ਾਮਿਲ ਸੁੰਦਰ ਸਿੰਘ ਮਖਸੂਸਪੁਰਾ ਵੀ ਇਨ੍ਹਾਂ ਦਾ ਸਾਥੀ ਬਣ ਗਿਆ। ਗਦਰ ਪਾਰਟੀ ਵਿੱਚ ਕੰਮ ਕਰ ਚੁੱਕੇ ਪਿੰਡ ਪ੍ਰਿਗੜ ਦਾ ਕਰਮ ਸਿੰਘ, ਭਕੜਦੀ ਦਾ ਆਸਾ ਸਿੰਘ ਤੇ ਦੌਲਤਪੁਰ ਦਾ ਕਰਮ ਸਿੰਘ ਵੀ ਕਿਸ਼ਨ ਸਿੰਘ ਜੀ ਦੇ ਨਾਲ ਆ ਮਿਲੇ। 18 ਮਈ 1922 ਵਿੱਚ ਕਿਸ਼ਨ ਸਿੰਘ ਦੀ ਸਰਪ੍ਰਸਤੀ ਹੇਠ ਫੈਸਲਾਂ ਹੋਇਆ ਕਿ **ਚੱਕਰਵਰਤੀ ਜਥੇ ਨਾਮਕ ਸੰਸਥਾ ਬਣਾਈ ਜਾਵੇ, ਜਿਸ ਦੇ ਜੱਥੇਦਾਰ ਕਿਸ਼ਨ ਸਿੰਘ ਗੜਗੱਜ ਆਪ ਬਣੇ।**

ਇਸ ਜਥੇਬੰਦੀ ਦਾ ਮਨੋਰਥ ਅੰਗਰੇਜ਼ੀ ਸਰਕਾਰ ਵਿਰੁੱਧ ਲੋਕਾਂ ਦੇ ਮਨਾਂ ਵਿੱਚ

ਘਿਰਨਾਂ ਪੈਦਾ ਕਰਨਾ, ਹਿੰਦੂਸਤਾਨ ਦੀ ਅਜ਼ਾਦੀ ਲਈ ਸੰਘਰਸ਼ ਕਰਨਾ ਅਤੇ ਸਰਕਾਰ ਤੇ ਝੋਲੀ ਚੁੱਕ ਅਰਥਾਤ ਵਫਾਦਾਰਾਂ ਨੂੰ ਸਬਕ ਸਿਖਾਉਣਾ ਸੀ ਜੇ ਉਹ (ਝੋਲੀ ਚੁੱਕ) ਚੇਤਾਵਨੀ ਦੇਣ ਤੇ ਵੀ ਨਾਂ ਹਟਣ ਤਾਂ ਉਨ੍ਹਾਂ ਦੇ ਨੱਕ ਹੱਥ ਪੈਰ ਆਦਿ ਅੰਗਾਂ ਨੂੰ ਕੱਟਣਾ ਵੀ ਚੱਕਰਵਤੀ ਜਥੇ ਦਾ ਕੰਮ ਸੀ ਤੇ ਉਨ੍ਹਾਂ ਨੂੰ ਮੌਤ ਦੀ ਸਜ਼ਾ ਵੀ ਦਿੱਤੀ ਜਾ ਸਕਦੀ ਸੀ।[6] ਉਸ ਸਮੇਂ ਹੀ ਸ਼੍ਰੋਮਣੀ ਕਮੇਟੀ ਵੱਲੋਂ ਹਕੂਮਤ ਦੀ ਸਹਿ ਤੇ ਆਕੜੇ 'ਗੁਰੂ ਕਾ ਬਾਗ' ਦੇ ਮਹੰਤਾਂ ਵਿਰੁੱਧ ਮੋਰਚਾ ਲਗਾਇਆ ਗਿਆ। 9 ਅਗਸਤ 1922 ਨੂੰ ਗੁਰੂ ਕਾ ਬਾਗ ਵਿਖੇ ਅਕਾਲੀਆਂ ਦੀਆਂ ਗ੍ਰਿਫਤਾਰੀਆਂ ਹੋਈਆਂ। ਅਕਾਲੀਆ ਉੱਪਰ ਅੱਤਿਆਚਾਰ ਦਾ ਆਰੰਭ ਹੋਇਆਂ। ਅਨੇਕ ਅਕਾਲੀ ਆ ਕੇ ਬੱਬਰਾਂ ਨਾਲ ਰਲ ਗਏ। ਅਸਲ ਵਿੱਚ ਬੱਬਰ ਅਕਾਲੀ ਲਹਿਰ ਦਾ ਜਨਮ ਗੁਰੂ ਦੇ ਬਾਗ ਦੇ ਮੋਰਚੇ ਵਿੱਚ ਦਹਿਸ਼ਤ ਤੇ ਸਰਕਾਰੀ ਦਮਨ ਦਾ ਸਿੱਟਾ ਸੀ।

ਚੱਕਰਵਰਤੀ ਜੱਥੇ ਦੀਆਂ ਸਰਗਰਮੀਆਂ ਵੱਧ ਚੁੱਕੀਆਂ ਸਨ। ਭਾਈ ਕਿਸ਼ਨ ਸਿੰਘ ਨੇ ਆਪਣੇ ਸਾਥੀਆ ਸਮੇਤ ਪੰਜਾਬ ਦੇ ਅਲਗ-ਅਲਗ ਸਥਾਨਾਂ ਦਾ ਦੌਰਾ ਕੀਤਾ ਤੇ ਪ੍ਰਭਾਵਸ਼ਾਲੀ ਭਾਸ਼ਣ ਦਿੱਤੇ। ਇਸੇ ਤਰ੍ਹਾਂ ਉਨ੍ਹਾਂ ਨੇ ਰਿਆਸਤ ਕਪੂਰਥਲਾ ਦੇ ਪਿੰਡ ਭਵਿਆਨੇ ਵਿਖੇ ਤਕਰੀਰ ਵਿੱਚ ਕਿਹਾ, "ਸਰਕਾਰ ਨਾਲ ਨਾ-ਮਿਲਵਰਤਣ ਕਰਕੇ ਆਪਣੀਆਂ ਅਦਾਲਤਾਂ ਆਪ ਬਣਾ ਕੇ ਫੈਸਲੇ ਕਰੋ। ਪੁਲਿਸ ਤੋਂ ਡਰਨਾ ਬਿਲਕੁਲ ਛੱਡ ਦਿਓ। ਕਿਰਪਾਨ ਧਾਰਨ ਕਰੋ। ਅਸੀਂ ਸ਼੍ਰੋਮਣੀ ਗੁਰੂਦੁਵਾਰਾ ਪ੍ਰਬੰਧਕ ਕਮੇਟੀ ਦੀ ਸਾਂਤਮਈ ਜਦੋ-ਜਹਿਦ ਦੇ ਹਾਮੀ ਹਾਂ, ਪਰ ਅਸੀਂ ਸਾਮਰਾਜੀਆਂ ਨੂੰ ਪਹਿਚਾਣਦੇ ਹਾਂ। ਇਸ ਲਈ ਅਸੀਂ ਸ਼ਾਂਤਮਈ ਪਾਲਿਸੀ ਵਿੱਚ ਯਕੀਨ ਨਹੀਂ ਕਰਦੇ।[7] **ਅਸੀਂ ਚੱਕਰਵਰਤੀ ਖੁਲੀ ਬਗਾਵਤ ਦੇ ਸਮਰਥਕ ਹਾਂ।**" ਇਸੇ ਤਰ੍ਹਾਂ ਪੰਡੋਰੀ ਨਿਝਰਾਂ ਵਿਖੇ ਜਲਸੇ ਨੂੰ ਸੰਬੋਧਨ ਕਰਦਿਆ ਭਾਈ ਸਾਹਿਬ ਨੇ ਕਿਹਾ :

**"ਚੱਕਰਵਰਤੀ ਜੱਥੇ ਨੂੰ ਪਤਾ ਲਗਿਆ ਕਿ ਕਈ ਲੋਕ ਜਾ ਜਾ ਕੇ ਪੁਲਿਸ ਨੂੰ ਸਾਡੇ ਜੱਥੇ ਦੀਆਂ ਸਰਗਰਮੀਆਂ ਦੀਆਂ ਖਬਰਾਂ ਦੇਣ ਲੱਗ ਗਏ ਹਨ। ਮੈਂ ਅੱਜ ਇਕੱਠ ਵਿੱਚ ਐਲਾਨ ਕਰਦਾ ਹਾਂ ਕਿ ਉਹ ਭੈੜੀਆਂ ਕਰਤੂਤਾਂ ਤੋਂ ਬਾਜ ਆ ਜਾਣ, ਨਹੀਂ ਤਾਂ ਚੱਕਰਵਰਤੀ ਜੱਥੇ ਅਜਿਹੇ ਗੱਦਾਰਾਂ ਨੂੰ ਸਬਕ ਸਿਖਾਉਣ ਲਈ ਪਹਿਲਾਂ ਉਨ੍ਹਾਂ ਦੇ ਨੱਕ ਕੰਨ ਵੱਢਣੇ ਪੈਣਗੇ। ਜੇ ਉਹ ਫਿਰ ਵੀ ਬਾਜ ਨਾ ਆਏ ਤਾਂ ਉਨ੍ਹਾਂ ਦਾ ਵੀ ਇਸੇ ਤਰ੍ਹਾਂ ਸੁਧਾਰ ਕੀਤਾ ਜਾਵੇਗਾ।**[8]

ਜਦੋਂ ਨਾ ਮਿਲਵਰਤਨ ਲਹਿਰ ਦੌਰਾਨ ਅਕਾਲੀਆਂ ਨੇ ਗਾਂਧੀ ਨੂੰ ਪੂਰਾ ਸਮਰਥਨ ਦਿੱਤਾ ਪਰ ਇਸ ਅੰਦੋਲਨ ਦੌਰਾਨ ਹਿੰਸਾਂ ਹੋਣ ਤੇ ਗਾਂਧੀ ਨੇ ਇਸ ਨੂੰ ਵਾਪਸ ਲੈ ਲਿਆ, ਜਿਸ ਨਾਲ ਦੇਸ਼ ਭਗਤਾਂ ਵਿੱਚ ਮਾਯੂਸੀ ਫੈਲ ਗਈ। ਹੁਣ ਭਾਈ ਕਿਸ਼ਨ ਸਿੰਘ ਨੇ ਹਥਿਆਰਬੰਦ ਵਿਦਰੋਹ ਦੀ ਭਾਵਨਾ ਨੂੰ ਹੋਰ ਵਧਾਇਆ। ਇਸੇ ਦੌਰਨ ਸਾਰੇ ਦੁਆਬੇ ਵਿੱਚ ਇਸ ਵਿਚਾਰਧਾਰਾ ਦਾ ਵਿਆਪਕ ਸੰਚਾਰ ਹੋਇਆ ਕਿ 'ਚੱਕਰਵਰਤੀ ਲਹਿਰ' ਬਹੁਤ ਜ਼ੋਰ ਫੜ ਗਈ। ਵੱਡੇ ਪੈਮਾਨੇ ਤੇ ਲੋਕ ਚੱਕਰਵਰਤੀ ਜੱਥੇ ਦੇ ਮੈਂਬਰ ਬਣੇ।

ਇਕ ਵਾਰੀ ਭਾਈ ਕਿਸ਼ਨ ਸਿੰਘ 4 ਮਾਰਚ, 1922 ਨੂੰ ਹੋਲੇ ਮੁਹੱਲੇ ਤੇ ਆਪਣੇ

ਪ੍ਰੋਗਰਾਮ ਦੱਸਣ ਲਈ ਗਏ, ਪਰ ਜਦੋਂ ਪੁਲਿਸ ਉਨ੍ਹਾਂ ਨੂੰ ਗ੍ਰਿਫਤਾਰ ਕਰਨ ਲੱਗੀ ਤਾਂ ਲੋਕਾਂ ਨੇ ਪੁਲਿਸ ਨੂੰ ਹੀ ਘੇਰਾ ਪਾ ਲਿਆ ਤੇ ਭਾਈ ਸਾਹਿਬ ਜੱਥੇ ਸਮੇਤ ਬਚ ਕੇ ਨਿਕਲ ਗਏ। ਉਸ ਤੋਂ ਬਾਅਦ ਉਹ ਕਪੂਰਥਲਾ ਰਿਆਸਤ ਦੇ ਪਿੰਡ ਬਹਾਨੀ ਦੇ ਦਿਵਾਨ ਵਿੱਚ ਭਾਈ ਸਾਹਿਬ ਨੇ ਆਪਣੇ ਸਾਥੀਆਂ ਸਮੇਂ ਉੱਥੇ ਪਹੁੰਚੇ ਉੱਥੇ ਉਨ੍ਹਾਂ ਨੇ ਸਰਕਾਰ ਦੇ ਝੋਲੀ ਚੁੱਕਾਂ ਨੂੰ ਮੌਤ ਦੀ ਸਜ਼ਾ ਦੇਣ ਦਾ ਐਲਾਨ ਕੀਤਾ। ਜਦੋਂ ਚੱਕਰਵਰਤੀ ਜਥੇ ਨੂੰ ਪਤਾ ਲੱਗਿਆ ਕਿ ਰਾਣੀ ਥੂਹੇ ਦਾ ਜੈਲਦਾਰ ਬਿਸ਼ਨ ਸਿੰਘ ਅੰਗਰੇਜ਼ਾਂ ਨੂੰ ਖ਼ੁਸ਼ ਕਰਨ ਲਈ ਸਿੱਖਾਂ ਨੂੰ ਕਾਲੀਆ ਪੱਗਾਂ ਬੰਨਣ ਤੇ ਸਜ਼ਾ ਦਿੰਦਾ ਸੀ ਤੇ ਗੁਰਦਵਾਰਿਆਂ ਵਿੱਚ ਢੋਲਕੀ ਛੈਣਿਆਂ ਨਾਲ ਸ਼ਬਦ ਵੀ ਨਹੀਂ ਸੀ ਪੜਣ ਦਿੰਦਾ ਉਸ ਨੂੰ ਕਪੂਰਥਲਾ ਰਿਆਸਤ ਦੇ ਦੀਵਾਨ ਦੁਰਗਾ ਦਾਸ ਦੀ ਪੂਰੀ ਸ਼ਹਿ ਸੀ। ਚੱਕਰਵਰਤੀ ਜੱਥੇ ਦੇ ਮੈਬਰਾਂ ਨੇ 10 ਫਰਵਰੀ 1923, ਸਰਦੂਲ ਸਿੰਘ, ਕਰਤਾਰ ਸਿੰਘ ਤੇ ਜੱਥੇਦਾਰ ਕਰਮ ਸਿੰਘ (ਦੌਲਤਪੁਰ) ਨੇ ਬਿਸ਼ਨ ਸਿੰਘ ਨੂੰ ਕਤਲ ਕਰਨ ਦੀ ਯੋਜਨਾ ਬਣਾਈ। ਜਦੋਂ ਜੈਲਦਾਰ ਕਪੂਰਥਲੇ ਤੋਂ ਮਹਾਰਾਜਾ ਕਪੂਰਥਲਾ ਦੀ ਸਪੁੱਤਰੀ ਦੀ ਸ਼ਾਦੀ ਤੋਂ ਵਾਪਸ ਚਹੇੜੂ ਰੇਲਵੇ ਸਟੇਸ਼ਨ ਤੇ ਉੱਤਰ ਕੇ ਪਿੰਡ ਵੱਲ ਜਾ ਰਿਹਾ ਸੀ ਤਾਂ ਰਸਤੇ ਵਿੱਚ ਬਾਬੂ ਸੰਤਾ ਸਿੰਘ ਨੇ ਪਿਸਤੌਲ ਰਾਹੀਂ ਫਾਇਰ ਕਰਕੇ ਉਸਦਾ ਕੰਮ ਤਮਾਮ ਕਰ ਦਿੱਤਾ। ਬਾਬੂ ਸੰਤਾ ਸਿੰਘ ਦੇ ਸਾਥੀ ਫਰਾਰ ਹੋ ਗਏ।

ਚੱਕਰਵਰਤੀ ਜੱਥੇ ਦੀਆਂ ਵਾਰਦਾਤਾਂ ਪਿੱਛੇ ਸਰਕਾਰ ਨੇ ਪਿੰਡਾਂ ਵਿੱਚ ਪੁਲਿਸ ਚੌਕੀਆਂ ਕਾਇਮ ਕਰ ਦਿੱਤੀਆਂ, ਜਿੱਥੇ ਚੱਕਰਵਰਤੀ ਜੱਥਿਆਂ ਦਾ ਕਈ ਵਾਰੀ ਪੁਲਿਸ ਨਾਲ ਟਕਰਾਓ ਹੋਇਆ। ਚੱਕਰਵਰਤੀ ਜੱਥੇ ਨੇ ਆਪਣੇ ਸਬੰਧ ਫ਼ੌਜ਼ੀਆ ਨਾਲ ਵੀ ਬਣਾਏ ਤਾਂ ਕਿ ਗੋਲੀ ਸਿੱਕਾ ਹਥਿਆਰ ਆਦਿ ਪ੍ਰਾਪਤ ਕੀਤੇ ਜਾ ਸਕਣ। ਦੋ ਸਿਪਾਹੀ 50 ਰੈਜ਼ੀਮੈਂਟ ਦੇ ਕਿਰਪਾਲ ਸਿੰਘ ਤੇ ਪ੍ਰਤਾਪ ਸਿੰਘ ਭਾਈ ਜੀ ਦੇ ਸੰਪਰਕ ਵਿੱਚ ਆਏ ਅਤੇ ਉਨ੍ਹਾਂ ਨੇ ਦੇਸ਼ ਲਈ ਹਰ ਪ੍ਰਕਾਰ ਦੀ ਕੁਰਬਾਨੀ ਕਰਨ ਦੀ ਪੇਸ਼ਕਸ਼ ਦਿੱਤੀ। **ਭਾਈ ਜੀ ਨੇ ਕਿਹਾ 1857 ਦੀਆਂ ਲੀਹਾਂ ਤੇ ਚੱਲ ਪਓ। ਆਪਣੇ ਨਾਲ ਹੋਰ ਫ਼ੌਜ਼ੀਆਂ ਨੂੰ ਵੀ ਜੋੜੋ। ਹਮਖਿਆਲੀਆ ਬਣਾਂਓ। ਜਿੰਨੇ ਹਥਿਆਰ, ਗੋਲੀ, ਸਿੱਕਾ ਅਤੇ ਬੰਬ ਫ਼ੌਜ਼ ਵਿੱਚੋਂ ਖਿਸਕਾ ਸਕੋ, ਚੱਕਰਵਰਤੀ ਜੱਥੇ ਨੂੰ ਪਹੁੰਚਾਉਣ ਦੀ ਕੋਸ਼ਿਸ਼ ਕਰੋ। ਅਸੀਂ ਪਹਿਲਾਂ ਹੀ ਲੋਕਾਂ ਨੂੰ ਬਾਹਰੋਂ ਹਮਲਾ ਕਰਨ ਲਈ ਤਿਆਰ ਕਰ ਰਹੇ ਹਾਂ। ਸਮਾਂ ਆਉਣ ਤੇ ਦੋਹਾ ਪਾਸਿਆਂ ਤੋਂ ਹਮਲਾ ਕਰਕੇ ਫਰੰਗੀਆਂ ਨੂੰ ਦੌੜਾਉਣ ਤੋਂ ਬਿਨਾਂ ਚੱਕਰਵਰਤੀ ਜੱਥੇ ਦਾ ਕੋਈ ਹੋਰ ਪ੍ਰੋਗਰਾਮ ਨਹੀਂ। ਬਸ ਦੀਵੇ ਨਾਲ ਦੀਵਾ ਬਾਲਦੇ ਜਾਓ।"**

ਇਸ ਤਰ੍ਹਾਂ ਬੱਬਰਾ ਨੇ ਅੰਦਰੋਂ ਵੀ ਫ਼ੌਜ਼ੀ ਬਗਾਵਤ ਦਾ ਅਧਾਰ ਤਿਆਰ ਕਰਨ ਦੀ ਕੋਸ਼ਿਸ਼ ਕੀਤੀ। ਬੱਬਰਾਂ ਨੇ ਇੱਕ ਤੋਂ ਬਾਦ ਦੂਜੇ ਤੀਜੇ......... ਲਗਾਤਾਰ ਪਿੰਡਾ ਵਿੱਚ ਦਿਵਾਨ ਸਜ਼ਾ ਕੇ ਲੋਕਾਂ ਨੂੰ ਜਾਗ੍ਰਿਤ ਕੀਤਾ। ਹਥਿਆਰਬੰਦ ਵਿਦਰੋਹ ਕਰਨ ਲਈ ਭੂਮਿਕਾ ਬਣਾਈ ਤੇ ਅੰਗਰੇਜ਼ਾਂ ਦੇ ਵਫਾਦਾਰ ਪਿੱਠੂਆਂ ਨੂੰ ਸੋਧਿਆ। ਕਿਉਂਕਿ ਕਈ ਚੱਕਰਵਰਤੀ ਜੱਥੇ ਦੇ ਮੈਂਬਰਾਂ ਜਿਵੇਂ ਕਿ ਸੁੰਦਰ ਸਿੰਘ ਅਤੇ ਅਰਜ਼ਨ ਸਿੰਘ ਨੂੰ ਸੂਢ ਦੇ ਲੰਬਰਦਾਰ ਸ਼ੇਰ ਸਿੰਘ ਨੇ ਪੁਲਿਸ ਨੂੰ ਸ਼ਿਕਾਇਤ ਕਰਕੇ ਗ੍ਰਿਫਤਾਰ ਕਰਵਾ ਕੇ

ਸਰਕਾਰ ਪਾਸੋਂ ਇਨਾਮ ਦੇ ਰੂਪ ਵਿੱਚ ਇੱਕ ਮੁਰੱਬਾ ਜਮੀਨ ਲੈ ਲਈ।[10] ਹੁਣ ਭਾਈ ਸਾਹਿਬ ਨੂੰ ਪਤਾ ਲੱਗ ਗਿਆ ਕਿ ਟੌਡੀਆਂ ਤੇ ਗੱਦਾਰਾਂ ਦੀ ਕਮੀ ਨਹੀਂ ਜੋ ਇਨਾਮ ਦੇ ਲਾਲਚ ਵਿੱਚ ਕੁਝ ਵੀ ਕਰ ਸਕਦੇ ਸਨ।

1922 ਵਿੱਚ ਹੀ ਚੱਕਰਵਰਤੀ ਜੱਥੇ ਦੇ ਪੈਟਰਨ ਉੱਤੇ **ਕਰਮ ਸਿੰਘ ਵਾਸੀ ਦੌਲਤਪੁਰ** ਨੇ ਆਪਣਾ ਵੱਖਰਾ ਜੱਥਾ ਤਿਆਰ ਕੀਤਾ। ਕਰਮ ਸਿੰਘ ਕਨੇਡਾ ਵਿੱਚ ਰਿਹਾ ਤੇ ਗਦਰ ਪਾਰਟੀ ਦਾ ਮੈਂਬਰ ਬਣ ਕੇ ਸੰਘਰਸ਼ ਕੀਤਾ। ਗੁਰਦੁਆਰਾ ਸੁਧਾਰ ਲਹਿਰ 'ਚ ਭਾਗ ਲਿਆ ਪਰ ਉਹ ਅੰਗਰੇਜ਼ੀ ਸਾਮਰਾਜ ਦੇ ਸਖਤ ਖਿਲਾਫ ਸੀ। ਭਾਵੇ ਉਸਦੇ ਜੱਥੇ ਦਾ ਕਿਸ਼ਨ ਸਿੰਘ ਦੇ ਚੱਕਰਵਰਤੀ ਜੱਥੇ ਨਾਲ ਕੋਈ ਸਬੰਧ ਨਹੀਂ ਸੀ, ਪਰ ਪ੍ਰੋਗਰਾਮ ਇਕੋ ਜਿਹੇ ਸਨ। ਕਰਮ ਸਿੰਘ ਨੇ ਆਪਣੀ ਵਿਚਾਰਧਾਰਾ ਲੋਕਾਂ ਤੱਕ ਪਹੁੰਚਾਣ ਲਈ ਨਵਾਂ ਸ਼ਹਿਰ ਤੇ ਗੜ੍ਹਸੰਕਰ ਦੇ ਜੁੜਵੇ ਇਲਾਕਿਆਂ ਦੇ ਪਿੰਡਾਂ ਵਿੱਚ ਪ੍ਰਚਾਰ ਕੀਤਾ।

ਕਰਮ ਸਿੰਘ ਨੇ ਆਪਣੇ ਸਾਥੀਆਂ ਨਾਲ ਇਕ ਮੀਟਿੰਗ ਕੀਤੀ ਜਿਸ 'ਚ ਫੈਸਲਾ ਕੀਤਾ ਗਿਆ ਕਿ ਗਦਰ ਅੰਦੋਲਨ ਵਿੱਚ ਜਿਸ ਤਰ੍ਹਾਂ 'ਗਦਰ ਦੀ ਗੂੰਜ' ਅਖਬਾਰ ਕੱਢੀ ਗਈ ਸੀ, ਉਸੇ ਤਰ੍ਹਾਂ ਚੱਕਰਵਰਤੀ ਜੱਥੇ ਨੂੰ ਵੀ ਅਖਬਾਰ ਪ੍ਰਕਾਸ਼ਿਤ ਕਰਨੀ ਚਾਹੀਦੀ ਹੈ। ਉਨ੍ਹਾਂ ਨੇ 3 ਜੁਲਾਈ 1922 ਨੂੰ ਬਿਛੋੜੀ ਦੇ ਲੰਬਰਦਾਰ ਪਾਸੇ 570 ਰੁਪਏ ਖੋਹ ਕੇ ਅਖਬਾਰ ਕੱਢਣ ਦੀ ਮਸ਼ੀਨ ਲਈ ਤੇ **'ਬੱਬਰ ਅਕਾਲੀ ਦੁਆਬ'** ਨਾਮ ਦੀ ਖ਼ੁਫੀਆ ਅਖ਼ਬਾਰ ਕੱਢ ਦਿੱਤੀ।

ਭਾਈ ਕਿਸ਼ਨ ਸਿੰਘ ਨੇ ਕਰਮ ਸਿੰਘ ਦੌਲਤਪੁਰ ਨਾਲ ਮੁਲਾਕਾਤ ਕੀਤੀ ਤੇ ਉਨ੍ਹਾਂ ਦੀ ਪ੍ਰਸੰਸਾ ਕੀਤੀ। ਦੋਨਾਂ ਦੇ ਵਿਚਾਰ ਵਟਾਂਦਰੇ ਤੋਂ ਬਾਦ ਇਹ ਫੈਸਲਾ ਕੀਤਾ ਕਿ ਦੋਨੋ ਜੱਥਿਆ ਨੂੰ ਇੱਕ ਹੋ ਜਾਣਾ ਚਾਹੀਦਾ ਹੈ। ਇਸ ਤਰ੍ਹਾਂ ਦੋਵੇਂ ਜੱਥੇ ਇਕ ਹੋ ਗਏ ਤੇ ਅਖਬਾਰ ਦੇ ਨਾਮ ਤੇ ਉਨ੍ਹਾਂ ਨੇ ਨਵੇਂ ਜੱਥੇ ਦਾ ਨਾਮ 'ਬੱਬਰ ਅਕਾਲੀ ਜੱਥਾ' ਰੱਖ ਲਿਆ। 11 ਮਈ ਨੂੰ ਪਿੰਡ ਸੁੰਢ ਵਿਖੇ **ਸੁੰਦਰ ਸਿੰਘ** ਦੀ ਗ੍ਰਿਫਤਾਰੀ ਤੇ 16 ਜੂਨ ਨੂੰ1922 ਨੂੰ ਪਤਾਰਾ ਵਿਖੇ **ਮਾਸਟਰ ਮੋਤਾ ਸਿੰਘ** ਦੀ ਗਿਫਤਾਰੀ ਨੇ ਵੀ ਚੱਕਰਵਰਤੀ ਨੂੰ ਨਵਾਂ ਪੈਤੜਾ ਤਿਆਰ ਕਰਨ ਲਈ ਉਤੇਜਿਤ ਕੀਤਾ।

**ਚੱਕਰਵਰਤੀ ਜੱਥਿਆ ਦੀ ਹੁਣ ਅਗਸਤ 1922 ਨੂੰ ਪਿੰਡ ਰਾਜੋਵਾਲ ਵਿਖੇ ਸੰਤ ਠਾਕੁਰ ਸਿੰਘ ਦੀ ਕੁਟੀਆ ਵਿੱਚ ਬੱਬਰ ਅਕਾਲੀ ਜੱਥਾ ਕਾਇਮ ਕੀਤਾ।**[11] ਜਿਸ ਦੇ ਨੇਤਾ ਭਾਈ ਕਿਸ਼ਨ ਸਿੰਘ ਗੜਗੱਜ ਚੁਣੇ ਗਏ। ਬੱਬਰਾਂ ਦੀ ਭਰਤੀ ਬੜੇ ਧਿਆਨ ਨਾਲ ਵੱਡੇ ਪੈਮਾਨੇ ਤੇ ਕੀਤੀ ਗਈ। ਅੰਗਰੇਜ਼ੀ ਸਾਮਰਾਜ ਨਾਲ ਘ੍ਰਿਣਾ ਕਰਨ ਵਾਲੇ ਨੌਜਵਾਨ ਰਿਟਾਇਰਡ ਫ਼ੌਜ਼ੀ ਤੇ ਫੌਜ਼ ਵਿੱਚੋਂ ਹਥਿਆਰ ਲੈ ਕੇ ਭੱਜੇ ਫੌਜੀਆਂ ਦੀ ਵਿਸ਼ੇਸ਼ ਭਰਤੀ ਕੀਤੀ ਗਈ। ਹੁਣ ਬੱਬਰਾਂ ਨੇ ਹਕੂਮਤ ਦੀ ਵਿਰੋਧਤਾ ਕਰਨ ਲਈ ਇਕ ਵਿਸ਼ੇਸ਼ ਨੀਤੀ (ਸਟਰੈਟੀਜੀ) ਬਣਾਈ ਸੀ, ਜਿਸ ਅਨੁਸਾਰ ਪਿੰਡਾਂ ਵਿੱਚ ਥਾਂ-ਥਾਂ ਦੀਵਾਨ ਸਜ਼ਾਏ ਗਏ ਅਤੇ 'ਬੱਬਰ ਅਕਾਲੀ ਦੁਆਬਾ' ਅਖਬਾਰ ਰਾਹੀਂ ਵੀ ਹਕੂਮਤ ਦੀ ਗੁਲਾਮੀ, ਬੇਇੰਨਸਾਫੀਆਂ ਅਤੇ ਧੱਕੇਸ਼ਾਹੀ ਦੀ ਨੀਤੀਆਂ ਦੀ ਵਿਰੋਧਤਾ ਕੀਤੀ ਗਈ। ਇਹ ਅਖਬਾਰ ਗੁਪਤ ਸੀ, **ਜਿਸ ਤੇ ਐਡੀਟਰ ਦਾ ਨਾਮ ਬੱਬਰ ਕਰਮ ਸਿੰਘ ਹੀ ਲਿਖਿਆ ਜਾਂਦਾ**

**ਸੀ ਅਤੇ ਅਖ਼ਬਾਰਾਂ ਤੇ ਉਡਾਰੂ ਪ੍ਰੈਸ, ਜੰਗਲ ਵਿੱਚ ਛਪਿਆ ਲਿਖਿਆ ਜਾਂਦਾ ਸੀ।** ਅਖ਼ਬਾਰ ਦਾ ਸਾਰਾ ਕੰਮ ਕਿਸ਼ਨ ਸਿੰਘ ਆਪ ਕਰਦੇ ਸਨ। ਇਨ੍ਹਾਂ ਵਿੱਚ ਸਰਕਾਰੀ ਝੋਲੀ ਚੁੱਕਾਂ ਨੂੰ ਸਖਤ ਵਾਰਨਿੰਗ ਦਿੱਤੀ ਜਾਂਦੀ ਸੀ ਤੇ ਸਿੱਖਾਂ ਦੇ ਗੌਰਵਮਈ ਇਤਿਹਾਸ ਦੀ ਯਾਦ ਦੁਆਈ ਜਾਂਦੀ ਸੀ। ਇਹ ਅਖ਼ਬਾਰ ਲੋਕਾਂ ਵਿੱਚ ਬਹੁਤ ਹਰਮਨਪਿਆਰਾ ਹੋ ਗਿਆ। ਹੁਣ ਸਰਕਾਰੀ ਕਰਮਚਾਰੀ ਬੱਬਰਾਂ ਤੇ ਡਰਨ ਲੱਗੇ। ਲਗਭਗ ਦੋ ਸਾਲ ਬੱਬਰਾਂ ਨੇ ਦੁਆਬੇ ਵਿੱਚ ਰਾਜ ਕੀਤਾ। ਬੱਬਰਾ ਨੇ ਅਲਗ-ਅਲਗ ਵਿਅਕਤੀਆ ਤੋਂ ਹਥਿਆਰ ਲਏ ਤੇ ਵੱਡੇ ਪੈਮਾਨੇ ਤੇ ਗੋਲੀ ਸਿੱਕਾ ਰਿਵਾਲਵਰ ਇਕੱਠਾ ਕੀਤਾ। ਉਨ੍ਹਾਂ ਨੇ ਕਈ ਫ਼ੌਜੀਆਂ ਨਾਲ ਸੰਪਰਕ ਕਾਇਮ ਕੀਤੇ ਜੋ ਸਮੇਂ ਸਮੇਂ ਤੇ ਫ਼ੌਜੀ ਰੈਜ਼ੀਮੈਂਟ ਤੋਂ ਹਥਿਆਰ ਤੇ ਗੋਲੀ ਸਿੱਕਾਂ ਬੱਬਰਾਂ ਤੱਕ ਪਹੁੰਚਾਦੇ ਸਨ।[12]

ਜਦੋਂ ਬੱਬਰਾਂ ਦਾ ਬੋਲਬਾਲਾ ਸੀ ਤਾਂ ਸਰਕਾਰ ਨੇ ਇਸ ਲਹਿਰ ਨੂੰ ਸਖਤੀ ਨਾਲ ਕੁਚਲਣ ਦੇ ਆਦੇਸ਼ ਜਾਰੀ ਕੀਤੇ। ਸੀ. ਆਈ. ਡੀ ਨੇ ਵੱਖ-ਵੱਖ ਥਾਵਾਂ ਤੇ ਆਪਣੇ ਬੰਦੇ ਵੱਖ ਵੱਖ ਭੇਸਾ ਵਿੱਚ ਬੱਬਰਾਂ ਦੀਆਂ ਗਤੀਵਿਧੀਆਂ ਤੇ ਨਜ਼ਰ ਰੱਖਣ ਲਈ ਭੇਜ ਦਿੱਤੇ।

**ਬੱਬਰ ਅਕਾਲੀ ਲੀਡਰਾਂ ਦੀ ਗ੍ਰਿਫਤਾਰੀ ਵਾਸਤੇ ਇਨਾਮਾਂ ਦੀ ਇੱਕ ਸੂਚੀ ਪ੍ਰਕਾਸ਼ਿਤ ਕੀਤੀ ਗਈ। ਕਿਸ਼ਨ ਸਿੰਘ ਲਈ 2000 ਰੁਪਏ, ਕਰਮ ਸਿੰਘ ਦੌਲਤਪੁਰ ਲਈ 1000 ਰੁਪਏ ਆਦਿ ਰੱਖੇ ਗਏ।** ਜਲੰਧਰ ਅਤੇ ਹੁਸ਼ਿਆਰਪੁਰ ਵਿੱਚ ਇੱਕ ਸਪੈਸ਼ਲ ਸਟਾਫ ਕਾਇਮ ਕੀਤਾ ਗਿਆ। ਬੱਬਰਾਂ ਨੇ ਆਪਣਾ ਕੰਮ ਬੜੀ ਸਾਵਧਾਨੀ ਅਤੇ ਜ਼ੋਰ ਨਾਲ ਜਾਰੀ ਰੱਖਿਆ। ਪਰ ਉਨ੍ਹਾਂ ਦੀ ਬਦਕਿਸਮਤੀ ਸੀ ਕਿ ਉਨ੍ਹਾਂ ਦਾ ਨੇਤਾ ਜੱਥੇਦਾਰ ਕਿਸ਼ਨ ਸਿੰਘ ਫਰਵਰੀ 26, 1923 ਨੂੰ ਪੁਲਿਸ ਫੜ ਲਿਆ। ਗ੍ਰਿਫਤਾਰੀ ਵਿੱਚ ਉਸ ਤੇ ਇੱਕ ਰਿਸ਼ਤੇਦਾਰ ਕਾਬਲ ਸਿੰਘ ਦਾ ਹੱਥ ਸੀ। ਬੱਬਰਾਂ ਨੂੰ ਇਸ ਵਿਸ਼ਵਾਸਘਾਤ ਅਤੇ ਗੱਦਾਰੀ ਤੇ ਬਹੁਤ ਗੁੱਸਾ ਆਇਆ, ਜਿਸਦੇ ਫਲਸਰੂਪ ਉਨ੍ਹਾਂ ਨੇ ਕਈ ਝੋਲੀਚੁੱਕਾਂ ਨੂੰ ਮੌਤ ਦੇ ਘਾਟ ਉਤਾਰ ਦਿੱਤਾ। ਉਧਰੋ ਸਰਕਾਰ ਨੇ ਵੀ ਤਸੀਹੇ ਅਤੇ ਦਮਨ ਵਾਲੀ ਨੀਤੀ ਅਪਨਾ ਲਈ। ਕਈ ਬੇਕਸੂਰਾਂ ਨੂੰ ਤੰਗ ਕੀਤਾ ਗਿਆ। ਲੋਕਾਂ ਦੇ ਘਰ ਲੁੱਟੇ, ਅਨੇਕਾਂ ਨੂੰ ਬੇਇੱਜ਼ਤ ਕੀਤਾ ਅਤੇ ਕਈਆ ਨੂੰ ਜੇਲ੍ਹਾਂ ਵਿੱਚ ਪਾ ਦਿੱਤਾ।[13]

22 ਮਾਰਚ 1923 ਨੂੰ ਬੱਬਰਾਂ ਦੀ ਇੱਕ ਮੀਟਿੰਗ ਹੋਈ, ਜਿਸ ਵਿੱਚ ਕਰਮ ਸਿੰਘ ਐਡੀਟਰ ਦੀ ਪ੍ਰਧਾਨਗੀ ਵਿੱਚ ਇਹ ਫੈਸਲਾ ਹੋਇਆ ਕਿ ਅੰਗਰੇਜ਼ਾਂ ਦੇ ਜ਼ੁਲਮ ਤੋਂ ਬੇਕਸੂਰਾਂ ਨੂੰ ਬਚਾਉਣ ਲਈ ਕੋਈ ਤਿੰਨ ਬੱਬਰ ਆਪਣੇ ਆਪ ਨੂੰ ਪੇਸ਼ ਕਰਨ ਅਤੇ ਜਿਹੜੇ ਕਤਲ ਹੋਏ ਹਨ ਉਨ੍ਹਾਂ ਦੀ ਜ਼ਿੰਮੇਵਾਰੀ ਆਪਣੇ ਸਿਰ ਲੈਣ। ਤਾਂ ਕਰਮ ਸਿੰਘ, ਧੰਨਾਂ ਸਿੰਘ ਬਹਿਸਲਪੁਰ ਅਤੇ ਉਦੇ ਸਿੰਘ ਰਾਮਗੜ੍ਹ ਨੇ ਆਪਣੇ ਨਾਮ ਪੇਸ਼ ਕੀਤੇ।[14] ਇਸ ਐਲਾਨ ਤੋਂ ਬਾਅਦ ਇੱਕ ਮਹੀਨੇ ਦੇ ਅੰਦਰ-ਅੰਦਰ ਹੀ ਪੰਜ ਝੋਲੀਚੁੱਕਾਂ ਨੂੰ ਕਤਲ ਕਰ ਦਿੱਤਾ ਗਿਆ। ਜਿਸ ਨਾਲ ਦੁਆਬੇ ਦੇ ਕਈ ਪਿੰਡਾਂ ਵਿੱਚ ਪੁਲਿਸ ਚੌਂਕੀਆਂ ਬਿਠਾ ਦਿੱਤੀਆਂ ਗਈਆਂ।

31 ਅਗਸਤ 1923 ਨੂੰ ਪੁਲਿਸ ਨੇ ਪਿੰਡ ਡਮੋਲੀ ਦੁਆਲੇ ਘੇਰਾ ਪਾ ਲਿਆ। ਉੱਥੇ ਬੱਬਰਾਂ ਨਾਲ ਝੜੱਪ ਹੋਈ। ਜਿਸ ਵਿੱਚ ਚਾਰ ਬੱਬਰ ਮਾਰੇ ਗਏ। ਇਸੇ ਤਰ੍ਹਾਂ ਇੱਕ ਘਟਨਾਂ ਵਿੱਚ ਧੰਨਾ ਸਿੰਘ ਬਹਿਸਲਪੁਰ ਨੂੰ ਪੁਲਿਸ ਨੇ ਫੜ ਲਿਆ, ਪਰ ਧੰਨਾ ਸਿੰਘ ਨੇ ਹਥਕੜੀ ਵਿੱਚ ਜ਼ਕੜੇ ਹੋਏ ਹੱਥ ਨਾਲ ਹੀ ਇੱਕ ਬੰਬ ਚਲਾ ਦਿੱਤਾ। ਜਿਸ ਨਾਲ ਦੋ ਸਿਪਾਹੀ ਮਾਰੇ ਗਏ।[15] ਬੱਬਰਾਂ ਦੇ ਇਹੋ ਜਿਹੇ ਕਾਰਨਾਮੇ ਦੇਸ਼ਭਗਤੀ ਦੀ ਭਾਵਨਾਂ ਪੈਦਾ ਕਰ ਰਹੇ ਸਨ। ਪੁਲਿਸ ਨੇ ਬੱਬਰਾਂ ਨਾਲ ਹਮਦਰਦੀ ਰੱਖਣ ਵਾਲੇ 186 ਆਦਮੀਆਂ ਨੂੰ ਗ੍ਰਿਫਤਾਰ ਕਰ ਲਿਆ। ਪੁਲਿਸ ਨੇ 91 ਬੱਬਰਾਂ ਤੇ ਮੁਕੱਦਮਾ ਚਲਾਇਆ। ਪੁਲਿਸ ਦੇ ਜੁਲਮ ਕਾਰਨ ਤਿੰਨ ਵਿਅਕਤੀ ਹਵਾਲਾਤ ਵਿੱਚ ਹੀ ਸ਼ਹੀਦ ਹੋ ਗਏ। 28 ਫਰਬਰੀ 1926 ਨੂੰ ਸੈਸ਼ਨ ਜੱਜ ਨੇ ਆਪਣੇ ਫੈਸਲੇ ਵਿੱਚ 6 ਬੱਬਰਾਂ ਨੂੰ ਮੌਤ ਦੀ ਸਜ਼ਾ ਦਿੱਤੀ, 11 ਬੱਬਰਾਂ ਨੂੰ ਜ਼ਿੰਦਗੀ ਭਰ ਲਈ ਦੇਸ਼ ਨਿਕਾਲਾ ਅਤੇ 38 ਬੱਬਰਾ ਨੂੰ ਤਿੰਨ ਸਾਲ ਤੋਂ ਸੱਤ ਸਾਲ ਤੱਕ ਦੀ ਕੈਦ ਦਾ ਹੁਕਮ ਹੋਇਆ।[16]

ਬੱਬਰ ਅਕਾਲੀ ਲਹਿਰ ਭਾਵੇਂ ਥੋੜੇ ਸਮੇਂ ਤੱਕ ਹੀ ਰਹੀ, ਪਰ ਇਸ ਲਹਿਰ ਦਾ ਪੰਜਾਬ ਤੇ ਲੋਕਾਂ ਤੇ ਕਾਫੀ ਪ੍ਰਭਾਵ ਪਿਆ। ਜਿਸ ਕਾਰਨ ਬੀ. ਟੀ. ਸੁਪਰਡੈਂਟ ਪੁਲਿਸ ਜਿਸ ਨੇ ਗੁਰੂ ਕੇ ਬਾਗ ਵਿੱਚ ਅਕਾਲੀ ਸਿੱਖਾਂ ਉੱਤੇ ਬੇਦਰਦੀ ਨਾਲ ਜੁਲਮ ਕੀਤਾ ਸੀ, ਉਸਦਾ ਕਤਲ ਕਰ ਦਿੱਤਾ ਗਿਆ। ਇਸੇ ਤਰ੍ਹਾਂ ਉਧਮ ਸਿੰਘ ਨੇ ਇੰਗਲੈਂਡ ਵਿੱਚ ਓਡਵਾਇਰ ਦਾ ਖ਼ਾਤਮਾ ਕੀਤਾ ਜੋ ਇਸ ਲਹਿਰ ਦੇ ਪ੍ਰਭਾਵ ਦਾ ਨਤੀਜਾ ਸੀ। ਅੰਤ ਵਿੱਚ ਇਹ ਆਖਿਆ ਜਾ ਸਕਦਾ ਹੈ ਕਿ ਬੱਬਰ ਅਕਾਲੀ ਲਹਿਰ ਸ਼ੁਰੂ ਤੋਂ ਹੀ ਸਾਮਰਾਜ ਵਿਰੋਧੀ ਲਹਿਰ ਸੀ।

**ਹਵਾਲੇ ਪੁਸਤਕਾਂ ਦੀ ਸੂਚੀ :**

1. ਸੁਰਜੀਤ ਸਿੰਘ ਗਾਂਧੀ, ਸੁਤੰਤਰਤਾ ਸੰਗਰਾਮੀ ਭਾਈ ਕਿਸ਼ਨ ਸਿੰਘ ਜੀ ਗੜਗੱਜ: ਜੀਵਨੀ ਅਤੇ ਦ੍ਰਿਸ਼ਟੀ, ਪੰਜਾਬੀ ਯੂਨੀਵਰਸਿਟੀ, ਪਟਿਆਲਾ।
2. Mohinder Singh, the Akali Movement, Attantic Publishers, Delhi 1978, p. 34.
3. Ibid, p. 117.
4. Home Department, Political File No. 268, 1922, p. 12-13.
5. B. S. Nijjar, History of the Babbar, Jalandhar, 1989.
6. Mohinder Singh, op. cit, p. 117.
7. B. S. Nijjar, op. cit, p. 371
8. ਮਿਲਖਾ ਸਿੰਘ ਨਿੱਝਰ, ਬੱਬਰ ਅਕਾਲੀ ਲਹਿਰ ਦਾ ਇਤਿਹਾਸ, ਦਿੱਲੀ, 1986, ਪੰਨਾ 66.
9. B. S. Nijjar, op. cit, p. 371 ਲੱਛੂ ਦਾ ਬਿਆਨ ਜੋ ਉਸਨੇ 24 ਅਗਸਤ

1924 ਨੂੰ ਐਡੀਸ਼ਨਲ ਸੈਸ਼ਨਲ ਜੱਜ ਦੇ ਸਾਹਮਣੇ ਦਿੱਤਾ, ਜੱਜਮੈਂਟ ਕੇਸ ਨੰ: 21924 ਪੰਨਾ 73।

10. B. S. Nijjar, op. cit, p. 100-101.
11. ਸੁਰਜੀਤ ਸਿੰਘ ਗਾਂਧੀ, ਸੁਤੰਤਰਤਾ ਸੰਗਰਾਮੀ ਭਾਈ ਕਿਸ਼ਨ ਸਿੰਘ ਗੜਗੱਜ, ਜੀਵਨੀ ਅਤੇ ਦ੍ਰਿਸ਼ਟੀ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1995, ਪੰਨਾ 52.
12. ਉਹੀ ਪੰਨਾ 59.
13. ਤਰਲੋਕ ਸਿੰਘ, ਸ਼ਰੋਮਣੀ ਖਾਲਸਾ ਤਵਾਰੀਖ ਸੱਤਵਾ ਭਾਗ, 1962 ਅੰਮ੍ਰਿਤਸਰ ਪੰਨਾ 111-112.
14. -ਉਹੀ-
15. Khushwant Singh, History of the Sikh, Vol. II Oxford University Press, Bombay, 1977, p. 205.
16. Indian Quarterly Register Jan-June 1928.

## ਅਧਿਆਇ-10
# ਰਿਆਸਤਾਂ ਵਿੱਚ ਦਮਨ ਅਤੇ ਅਜ਼ਾਦੀ ਦਾ ਅੰਦੋਲਨ

ਪੰਜਾਬ ਦੀਆਂ ਸੱਤ ਰਿਆਸਤਾਂ-ਪਟਿਆਲਾ, ਨਾਭਾ, ਜੀਦ, ਕਪੂਰਥਲਾ, ਫਰੀਦਕੋਟ, ਮਲੇਰਕੋਟਲਾ ਅਤੇ ਕਲਸੀਆ ਵਿੱਚ ਰਾਜ ਘਰਾਣਿਆਂ ਦੀ ਹਕੂਮਤ ਚਲਦੀ ਸੀ। ਅੰਗਰਕੇਜ਼ਾਂ ਨੇ ਪੱਛਮੀ ਪੰਜਾਬ ਤੇ ਕਬਜ਼ਾ ਕਰਨ ਤੇ ਬਾਅਦ ਇਨ੍ਹਾਂ ਰਿਆਸਤਾਂ ਦੀ ਅਲੱਗ ਹੋਦ ਨੂੰ ਕਾਇਮ ਰਹਿਣ ਦਿੱਤਾ, ਭਾਵੇਂ ਅਮਲੀ ਰੂਪ ਵਿੱਚ ਇਹ ਰਿਆਸਤਾਂ ਅੰਗਰੇਜ਼ਾਂ ਦੇ ਅਧੀਨ ਹੀ ਸਨ। ਫਿਰ ਵੀ ਅੰਗਰੇਜ਼ਾਂ ਨੇ ਇਨ੍ਹਾਂ ਰਿਆਸਤਾਂ ਨੂੰ ਕਾਫ਼ੀ ਖੁੱਲ ਦਿੱਤੀ ਹੋਈ ਸੀ। ਨਤੀਜ਼ੇ ਵੱਜੋਂ ਇਨ੍ਹਾਂ ਰਿਆਸਤਾਂ ਵਿੱਚ ਨਿਰੰਕੁਸ਼ਤਾ ਦੇ ਸਾਰੇ ਭੈੜੇ ਲੱਛਮਣ ਕਾਇਮ ਸਨ।[1] ਰਿਆਸਤਾਂ ਕੁਝ ਸਾਲ ਬੰਦ ਕਿਤਾਬਾਂ ਵਾਂਗ ਰਹੀਆਂ ਸਨ। ਉੱਚੀਆਂ ਸਿਆਸੀ ਦੀਵਾਰਾ ਨੇ ਅਜ਼ਾਦੀ ਦੀ ਤਾਂਘ ਨੂੰ ਉਹਨਾਂ ਕੋਲ ਪਹੁੰਚਣ ਨਹੀਂ ਦਿੱਤਾ।

ਕਾਫੀ ਸਾਲਾਂ ਤੱਕ ਇਹਨਾਂ ਰਿਆਸਤਾਂ ਵਿੱਚ ਜੋ ਬੰਦੋਬਸਤ ਸੀ, ਉਹ ਬਰਤਾਨੀਆਂ ਸਰਕਾਰ ਅਤੇ ਰਜਵਾੜੀ ਸਰਕਾਰ ਦੇ ਆਪਸੀ ਗੱਠਜੋੜ ਕਰਕੇ ਸੀ। ਸਬੰਧਤ ਅਧਿਕਾਰੀਆਂ, ਤਾਨਾਸ਼ਾਹੀ ਹੁਕਮਰਾਨਾਂ ਅਤੇ ਮਹਿਕਮਿਆਂ ਦੇ ਮੁੱਖੀਆਂ ਕੋਲੋ ਬਾਦਸ਼ਾਹ ਦੇ ਦੈਵੀ ਅਧਿਕਾਰਾਂ ਦੀ ਗੱਲ ਛੁਪੀ ਹੋਈ ਨਹੀਂ ਸੀ। ਲੋਕ ਆਪਣੇ ਗਾੜ੍ਹੇ ਪਸੀਨੇ ਦੀ ਕਮਾਈ ਇਹਨਾਂ ਹੁਕਮਰਾਨਾਂ ਵੱਲੋਂ ਉਡਾਉਣ ਤੇ ਬਰਬਾਦ ਕਰਨ ਨੂੰ ਚੁੱਪਚਾਪ ਬਰਦਾਸ਼ਤ ਕਰ ਰਹੇ ਸਨ। ਇਹਨਾਂ ਹੁਕਮਰਾਨਾਂ ਨੂੰ ਲੋਕਾਂ ਦੀ ਭਲਾਈ ਦਾ ਕੋਈ ਵੀ ਖਿਆਲ ਨਹੀਂ ਸੀ। ਗਾਂਧੀ ਜੀ ਨੇ ਵੀ ਦੁਖੀ ਹੁੰਦਿਆਂ ਹੋਇਆ ਕਿਹਾ ਸੀ, **"ਹਰ ਹਿੰਦੁਸਤਾਨੀ ਰਿਆਸਤ ਦਾ ਹੁਕਮਰਾਨ ਆਪਣੀ ਰਿਆਸਤ ਦਾ ਹਿਟਲਰ ਹੈ ਅਤੇ ਉਹ ਆਪਣੀ ਜਨਤਾ ਨੂੰ ਬਗੈਰ ਕਿਸੇ ਕਾਨੂੰਨ ਦੇ ਗੋਲੀ ਮਾਰ ਸਕਦਾ ਹੈ।**[2]

ਹਰ ਪੂਰਬੀ ਪੰਜਾਬੀ ਰਿਆਸਤ ਅਤੇ ਹੋਰ ਭਾਰਤੀ ਰਿਆਸਤਾਂ ਵਿੱਚ ਰਾਜਾਂ ਨੂੰ ਜਾਣ ਕੇ ਪਛੜਿਆਂ ਹੋਇਆ, ਦਕਿਆਨੂਸੀ ਅਤੇ ਬਹੁਤ ਪੁਰਾਣੇ ਢੰਗ ਵਾਲਾ ਰੱਖਿਆ ਗਿਆ ਸੀ ਅਤੇ ਅਸਲ ਵਿੱਚ ਰਾਜਾ ਸਰਕਾਰ ਸੀ ਅਤੇ ਸਰਕਾਰ ਹੀ ਰਾਜਾ ਸੀ।[3]

ਭਾਰਤ ਦੇ ਹੋਰ ਹਿੱਸਿਆਂ ਵਿੱਚ ਜਿਵੇਂ ਕਿ ਬੰਗਾਲ ਵਿੱਚ ਉਭਰ ਰਹੀਆਂ ਮੱਧ ਸ੍ਰੇਣੀਆਂ ਤੇ ਪੜ੍ਹੇ-ਲਿਖੇ ਸ਼ਹਿਰੀ ਨਾਗਰਿਕਾਂ ਨੇ ਵਿਦੇਸ਼ੀ ਹਾਕਮਾਂ ਵਿਰੁੱਧ ਵਿਦਰੋਹ ਦੀ ਲਹਿਰ ਦੀ ਅਗਵਾਈ ਕੀਤੀ। ਪਰ ਇਨ੍ਹਾਂ ਰਿਆਸਤਾਂ ਦੇ ਸ਼ਹਿਰਾਂ ਵਿੱਚ ਉਦਯੋਗਿਕ ਪੱਛੜੇਪਨ ਤੇ ਅਨਪੜ੍ਹਤਾ ਕਾਰਣ, ਜਾਗਰਿਕ ਕਿਸਾਨ ਵਰਗ ਨੇ ਹੀ ਨਿਰੰਕੁਸ਼ ਪ੍ਰਸ਼ਾਸ਼ਕਾਂ ਦੇ ਖਿਲਾਫ ਰਾਜਨੀਤਿਕ ਵਿਦਰੋਹ ਦੀ ਜ਼ਿੰਮੇਵਾਰੀ ਸੰਭਾਲੀ।[4] ਜਿਆਦਾ ਜਨਤਾ ਪਿੰਡਾਂ ਵਿੱਚ ਹੀ ਰਹਿੰਦੀ ਸੀ।[5] ਰਾਜੇ ਮਹਾਰਾਜੇ ਜਿਆਦਾ ਸਮਾਂ ਵਿਦੇਸ਼ਾਂ ਵਿੱਚ ਹੀ ਗੁਜਾਰਦੇ ਸਨ। ਆਮ ਲੋਕਾਂ ਦੀ ਹਾਲਤ ਤਰਸਯੋਗ ਸੀ। ਜਗੀਰਦਾਰ, ਬਿਸਵੇਦਾਰ,

ਸਰਦਾਰ ਅਤੇ ਅਮੀਰ ਲੋਕ ਹੀ ਹੁਕਮਰਾਨਾਂ ਵਾਂਗ ਸੌਖਾ ਜੀਵਨ ਬਤੀਤ ਕਰਦੇ ਸਨ। ਪਿੰਡਾਂ ਵਿੱਚ ਪੈਸਾ ਵਿਆਜ ਤੇ ਦੇਣਾ ਸੁਰੱਖਿਅਤ ਤੇ ਲਾਭਦਾਇਕ ਵਪਾਰ ਸੀ, ਕਿਉਂਕਿ ਸਰਕਾਰਾਂ ਇਨ੍ਹਾਂ ਵਿਆਜ ਦੇਣ ਵਾਲਿਆਂ ਨੂੰ ਹਿਫਾਜਤ ਦਿੰਦੀਆਂ ਸਨ।[6]

ਰਿਆਸਤਾਂ ਵਿੱਚ ਕੁਝ ਅਹੁਦਿਆਂ ਦੀ ਖੁੱਲੇ ਤੌਰ ਤੇ ਨਿਲਾਮੀ ਹੁੰਦੀ ਸੀ। ਰਿਆਸਤਾਂ ਵਿੱਚ ਨੌਕਰੀਆਂ ਸਿਰਫ ਜਿਮੀਦਾਰਾਂ, ਰਈਸਾਂ, ਜਾਂ ਸ਼ਹਿਰੀ ਵਪਾਰੀਆ ਨੂੰ ਹੀ ਮਿਲਦੀਆਂ ਸਨ।[7]

ਪੜ੍ਹਾਈ ਅਤੇ ਸਭਿਆਚਾਰਕ ਤੌਰ ਤੇ ਰਿਆਸਤਾਂ ਕਾਫੀ ਪਛੜੀਆਂ ਹੋਈਆਂ ਸਨ। ਰਿਆਸਤਾਂ ਦੇ ਸ਼ਾਸਕ ਲੋਕਾਂ ਦੀ ਪੜ੍ਹਾਈ ਅਤੇ ਚੇਤਨਾ ਦੇ ਸਖਤ ਖਿਲਾਫ ਸਨ। ਉਨ੍ਹਾਂ ਨੇ ਰਿਆਸਤਾਂ ਵਿੱਚ ਸਿਰਫ ਅਖਬਾਰਾਂ ਦੇ ਦਾਖਲੇ ਉੱਤੇ ਹੀ ਪਾਬੰਦੀ ਨਹੀਂ ਲਗਾਈ ਸੀ ਬਲਕਿ, ਅਖਬਾਰਾਂ ਦੇ ਛਪਣ ਤੇ ਵੀ ਰੋਕ ਲਗਾ ਦਿੱਤੀ ਸੀ। "**ਪਟਿਆਲਾ ਸੈਂਟੀਨਲ**" ਅਤੇ "**ਨਾਭਾ ਅਖਬਾਰ**" ਆਪਣੀ-ਆਪਣੀ ਸਰਕਾਰ ਦੇ ਬੁਲਾਰੇ ਸਨ, ਅਤੇ ਉਹਨਾਂ ਨੂੰ ਮੁਸ਼ਕਿਲ ਨਾਲ ਅਖਬਾਰ ਕਿਹਾ ਜਾ ਸਕਦਾ ਸੀ। ਰਿਆਸਤੀ ਪ੍ਰਬੰਧਕਾਂ ਦਾ ਅਖਬਾਰਾਂ ਬਾਰੇ ਵਤੀਰਾ ਫਰੀਦਕੋਟ ਰਿਆਸਤ ਦੇ ਜਿਲ੍ਹਾਂ ਮਜਸਿਟਰੇਟ ਦੀ ਹੇਠ ਲਿਖੀ ਰਿਪੋਰਟ ਤੋਂ ਸਪਸ਼ਟ ਹੈ।"

"ਅਖਬਾਰਾਂ ਦਾ ਕੋਈ ਫਾਇਦਾ ਨਹੀਂ ਸਗੋਂ ਇਹ ਬੇਕਾਰ ਹੀ ਗਲਤ ਅਤੇ ਖਤਰਨਾਕ ਵਿਚਾਰਾਂ ਨੂੰ ਫੈਲਾਉਂਦੇ ਹਨ। ਸਾਡੀ ਰਿਆਸਤ ਵਿੱਚ ਕਦੇ ਵੀ ਅਖਬਾਰ ਨਹੀਂ ਸਨ ਵਿਕੇ।[8]

ਜਦੋਂ ਪੂਰੇ ਦੇਸ਼ ਵਿੱਚ ਅਜ਼ਾਦੀ ਦੀ ਲਹਿਰ ਚਲ ਪਈ, ਪਰ ਰਿਆਸਤਾਂ ਵਿੱਚ ਰਾਜਨੀਤਿਕ ਜਾਗਰੂਕਤਾ ਨਾਮ ਦੀ ਕੋਈ ਚੀਜ਼ ਨਹੀਂ ਸੀ। ਆਖਿਰ ਕਿਸਾਨਾਂ ਨੂੰ ਹੀ ਸਿਆਸੀ ਲਹਿਰ ਚਲਾਉਣੀ ਪਈ।[9] ਸਿੰਘ ਸਭਾ ਲਹਿਰ ਅਤੇ ਆਰੀਆ ਸਮਾਜ ਖਾਸ ਕਰਕੇ ਉਹਨਾਂ ਦੇ ਤਾਲੀਮੀ ਪ੍ਰਚਾਰ ਨੇ ਲੋਕਾਂ ਨੂੰ ਸੁਚੇਤ ਕਰਨ ਵਿੱਚ ਬਹੁਤ ਭਾਰੀ ਹਿੱਸਾ ਪਾਇਆ।[10] **ਮਾਲਵੇ ਦੇ ਇਲਾਕੇ ਵਿੱਚ ਗਦਰ ਲਹਿਰ ਦਾ ਜਬਰਦਸਤ ਪ੍ਰਭਾਵ ਪਿਆ।**[11]

ਜਦੋਂ ਰਾਸ਼ਟਰੀ ਅੰਦੋਲਨ ਬਰਤਾਨਵੀ ਪੰਜਾਬ ਵਿੱਚ ਸਰਗਰਮ ਹੋਇਆ ਤਾਂ ਉਸ ਦਾ ਪ੍ਰਭਾਵ ਪੂਰਬੀ ਰਿਆਸਤਾਂ ਉੱਤੇ ਵੀ ਪਿਆ। ਇੱਥੋਂ **ਜੱਲਿਆਂਵਾਲਾ ਬਾਗ਼** ਦੇ ਖ਼ੂਨੀ ਕਾਂਡ ਅਤੇ ਪਹਿਲੇ **ਨਾ ਮਿਲਵਰਤਣ ਅੰਦੋਲਨ** ਨੇ ਜਿਹੜਾ ਉਤਸ਼ਾਹ ਲੋਕਾਂ ਦੇ ਦਿਲਾਂ ਵਿੱਚ ਭਰਿਆ ਉਹ ਵਿਸ਼ੇਸ਼ ਹੈ। ਪਰ ਸਹੀ ਅਰਥਾਂ ਵਿੱਚ ਪੂਰਬੀ ਪੰਜਾਬ ਰਿਆਸਤਾਂ ਦੇ ਲੋਕਾਂ ਦੀ ਰਾਸ਼ਟਰੀ ਰਾਜਨੀਤੀ ਨਾਲ ਅਸਲੀ ਜਾਣ ਪਛਾਣ ਗੁਰੂਦੁਆਰਾ ਸੁਧਾਰ ਲਹਿਰ ਨੇ ਹੀ ਕਰਾਈ। **ਜੈਤੋ ਮੋਰਚੇ ਨੇ ਅਕਾਲੀ ਅੰਦੋਲਨ ਨੂੰ ਮਾਲਵੇ ਦੇ ਗੜ੍ਹ ਵਿੱਚ ਲੈ ਆਂਦਾ।**[12] 1920 ਵਿੱਚ ਅਕਾਲੀ ਲਹਿਰ ਸ਼ੁਰੂ ਹੋਣ ਤੋਂ ਇਸਦੇ ਅੰਤ ਤੱਕ ਅਤੇ ਇਸ ਤੋਂ ਮਗਰੋਂ ਵੀ ਪਟਿਆਲਾ ਦੇ ਮਹਾਰਾਜਾ ਭੁਪਿੰਦਰ ਸਿੰਘ ਨੇ ਆਪਣਾ ਪੂਰਾ ਜ਼ੋਰ ਇਸ ਗੱਲ ਉੱਤੇ ਲਾ ਦਿੱਤਾ, ਕਿ ਅੰਗਰੇਜ਼ ਅਧਿਕਾਰੀ ਸੁਰੱਖਿਅਤ ਰਹਿਣ।[13] ਇਨ੍ਹਾਂ ਸਰਗਰਮੀਆਂ ਨੇ ਰਿਆਸਤ ਦੇ ਕਿਸਾਨਾਂ ਵਿੱਚ ਜਾਗਰਿਤੀ ਪੈਦਾ ਕੀਤੀ। ਜੈਤੋ ਮੋਰਚੇ

(1923-24) ਵੇਲੇ ਪਟਿਆਲਾ ਅਤੇ ਨਾਭਾ ਦੀ ਜਨਤਾ ਨੇ ਪਹਿਲੀ ਵਾਰ ਖੁਲ੍ਹਮ ਖੁੱਲਾ ਹੁਕਮ ਅਦੂਲੀ ਦਾ ਹੌਸਲਾ ਕੀਤਾ ਅਤੇ ਸਰਕਾਰ ਦੇ ਹੁਕਮਾਂ ਦੀ ਉਲੰਘਣਾ ਕੀਤੀ। ਨਾਭਾ ਦੇ ਮਹਾਰਾਜਾ ਰਿਪੁਦਮਨ ਸਿੰਘ ਦੇ ਸਿੰਘਾਸਨ ਤਿਆਗ ਅਤੇ ਅਕਾਲੀ ਲਹਿਰ ਨੇ ਲੋਕਾਂ ਦੇ ਦਿਲਾਂ ਵਿੱਚ ਸਰਕਾਰ ਦੇ ਵਿਰੁੱਧ ਜੋਸ਼ ਪੈਦਾ ਕੀਤਾ ਅਤੇ ਝਗੜਾ ਵਧਿਆ। ਰਜ਼ਵਾੜਿਆਂ ਵਿੱਚ ਦਹਿਸ਼ਤ ਫੈਲ ਗਈ ਅਤੇ ਉਹਨਾਂ ਨੇ ਆਪਣੇ ਸਰਵ ਸੱਤਾਧਾਰੀ ਹੋਣ ਦਾ ਰੋਲਾ ਰੱਪਾ ਪਾਉਣਾ ਸ਼ੁਰੂ ਕਰ ਦਿੱਤਾ। ਉਹਨਾਂ ਨੇ ਪੰਜਾਬ ਦੇ ਹਿਲਜੁਲ ਵਾਲੇ ਦਹਾਕਿਆਂ (1910-25) ਦੌਰਾਨ ਬੜੇ ਫਖਰ ਨਾਲ ਆਪਣੀ ਖੁਲ੍ਹਦਿਲੀ, ਬਰਤਾਨੀਆ ਸਰਕਾਰ ਨਾਲ ਮਿਲਵਰਤਣ ਅਤੇ ਸ਼ਾਹਨਾ ਮਦਦ ਵਾਲੀ ਰੀਤ ਕਾਇਮ ਰੱਖੀ ਅਤੇ ਇਨਕਲਾਬੀ ਲਹਿਰਾਂ ਜਿਵੇਂ ਬੱਬਰ ਅਕਾਲੀ ਲਹਿਰ ਆਦਿ ਨੂੰ ਕੁਚਲਣ ਵਿੱਚ 70 ਪ੍ਰਤੀਸ਼ਤ ਸਹਾਇਤਾ ਕੀਤੀ। ਮਹਾਰਾਜਾ ਨਾਭਾ, ਜੋ ਕਿ ਦੇਸ਼ ਭਗਤ ਸੀ, ਨੇ ਆਪਣੀ ਇਖਲਾਕੀ ਮਦਦ ਸਿੱਖੀ ਗਦਰ ਲਹਿਰ ਅਤੇ ਰੋਲਟ ਬਿੱਲ ਮੋਰਚੇ ਨੂੰ ਦਿੱਤੀ। ਪਰ ਦੂਜੇ ਪਾਸੇ ਪਟਿਆਲਾ ਰਿਆਸਤ ਨੇ ਆਪਣੀ ਸਰਗਰਮ ਮਦਦ ਅਤੇ ਸਦਭਾਵਨਾ ਸਾਹਿਤ ਮਿਲਵਰਤੋ ਬਰਤਾਨੀਆ ਸਰਕਾਰ ਨੂੰ ਦਿੱਤੀ ਤਾਂ ਜੋ ਸਰਕਾਰ ਗ਼ਦਰ ਲਹਿਰ, ਸਿਆਸੀ ਮੋਰਚੇ (1917 ਵਾਲੇ) ਅਤੇ ਗੁਰੂਦੁਆਰਾ ਸੁਧਾਰ ਲਹਿਰ (1920 ਵਾਲੀ) ਤੇ ਜੈਤੋ ਮੋਰਚੇ ਨੂੰ ਦਬਾਅ ਸਕੇ। ਅਗਸਤ 1923 ਵਿੱਚ ਇਕ ਸ਼ਾਹੀ ਫਰਮਾਨ ਜਾਰੀ ਕੀਤਾ ਗਿਆ, ਜਿਸ ਰਾਹੀਂ ਪਟਿਆਲਾ ਰਿਆਸਤ ਅਤੇ ਬਰਤਾਨੀਆ ਸਰਕਾਰ ਵਿਰੁੱਧ ਸਾਰੀਆਂ ਸਰਗਰਮੀਆਂ ਵਰਜਿਤ ਕਰ ਦਿੱਤੀਆਂ ਗਈਆਂ। ਗਿਰਫਤਾਰੀਆ ਕੀਤੀਆ ਗਈਆ। **ਸੇਵਾ ਸਿੰਘ ਠੀਕਰੀਵਾਲਾ**, ਜੋ ਇਕ ਮਸ਼ਹੂਰ ਸੁਤੰਤਰਤਾ ਸੰਗਰਾਮੀ ਸੀ, ਨੂੰ ਵੀ ਹਿਰਾਸਤ ਵਿੱਚ ਲੈ ਲਿਆ ਗਿਆ। ਕਿਰਪਾਨ ਪਹਿਨਣ ਕਾਰਨ ਵੀ ਮੁਕੱਦਮੇ ਚਲਾਉਣੇ ਸ਼ੁਰੂ ਕਰ ਦਿੱਤੇ ਗਏ। ਕੁਹਾੜੀਆਂ, ਜੋ ਖੇਤੀਬਾੜੀ ਜਾ ਘਰ ਦੀ ਵਰਤੋਂ ਲਈ ਸਨ, ਨੂੰ ਅਸਲਾ ਕਾਨੂੰਨ ਅਧੀਨ ਕਰਾਰ ਦਿੱਤਾ ਗਿਆ। ਫੌਜ਼ੀ ਚੌਕੀਆ ਕਾਇਮ ਕਰ ਦਿੱਤੀਆਂ ਗਈਆਂ ਤਾਂ ਜੋ ਅਕਾਲੀਆਂ ਨੂੰ ਤਿੱਤਰ-ਬਿੱਤਰ ਕਰਨ ਵਿੱਚ ਪੁਲਿਸ ਦੀ ਮਦਦ ਹੋ ਸਕੇ। ਕਾਲੀ ਪਗੜੀ ਬੰਨ੍ਹਣ ਵਾਲੇ ਅਕਾਲੀਆਂ ਦੀਆਂ ਸੂਚੀਆ ਤਿਆਰ ਕੀਤੀਆਂ ਗਈਆਂ। ਅਧਿਕਾਰੀਆਂ ਨੇ ਪਟਿਆਲੇ ਦੀ ਹੱਦ ਵਿੱਚੋਂ ਅਕਾਲੀ ਜਥਿਆਂ ਨੂੰ ਜੈਤੋ ਜਾਣ ਤੋਂ ਰੋਕਿਆ। ਰਿਆਸਤ ਪਟਿਆਲਾ ਨੇ ਪੰਜਾਬ ਖੁਫੀਆਂ ਵਿਭਾਗ ਨੂੰ ਅਕਾਲੀਆਂ ਅਤੇ ਬੱਬਰ ਅਕਾਲੀਆਂ ਵਿਰੁੱਧ ਸਾਰੀ ਜਾਣਕਾਰੀ ਦਿੱਤੀ। ਸਾਰੇ ਅਕਾਲੀ ਆਗੂਆਂ ਨੂੰ ਛੱਡ ਦਿੱਤਾ ਗਿਆ ਪਰ ਸੇਵਾ ਸਿੰਘ ਠੀਕਰੀਵਾਲਾ ਨੂੰ ਪਟਿਆਲਾ ਰਿਆਸਤ ਦੇ ਹਵਾਲੇ ਕਰ ਦਿੱਤਾ ਗਿਆ।

ਰਿਆਸਤਾਂ ਵਿੱਚ ਹਰ ਤਰ੍ਹਾਂ ਦੀਆਂ ਰਾਜਨੀਤਿਕ ਗਤੀਵਿਧੀਆਂ ਕਰਨ ਤੇ ਰੋਕ ਸੀ। ਪਰ ਗਦਰ ਅੰਦੋਲਨ ਤੇ ਖਾਸ ਕਰ ਅਕਾਲੀਆਂ ਦੀਆਂ ਗਤੀਵਿਧੀਆਂ ਦਾ ਅਸਰ ਦੇਖਣ ਨੂੰ ਮਿਲਿਆ, ਗੁਰਦਵਾਰਾ ਸੁਧਾਰ ਲਹਿਰ ਵਿੱਚ ਖਾਸ ਤੌਰ ਤੇ ਜੈਤੋ ਮੋਰਚੇ ਦਾ ਰਿਆਸਤਾਂ ਵਿੱਚ ਜਿਆਦਾ ਅਸਰ ਪਿਆ, ਕਿਉਂਕਿ ਨਾਭਾ ਦੇ ਲੋਕਪ੍ਰਿਯ ਰਾਜੇ ਰਿਪੁਦਮਨ ਸਿੰਘ ਦੇ ਖਿਲਾਫ ਅੰਗਰੇਜ਼ਾਂ ਤੇ ਪਟਿਆਲਾ ਦੇ ਰਾਜੇ ਨੇ ਮਿਲ ਕੇ ਸਾਜ਼ਿਸ਼

ਕੀਤੀ, ਜਿਸ ਨਾਲ ਕਈ ਰਿਆਸਤਾਂ ਜਿਵੇਂ ਪਟਿਆਲਾ, ਨਾਭਾ, ਜੀਂਦ ਫਰੀਦਕੋਟ ਅਤੇ ਕਪੂਰਥਲਾ ਵਿੱਚ ਉਸ ਦੇ ਸਮਰਥਨ ਦੀਆਂ ਲਹਿਰਾਂ ਚੱਲੀਆਂ। ਜੈਤੋ ਮੋਰਚੇ ਨੂੰ ਭਰਵਾਂ ਹੁੰਗਾਰਾ ਮਿਲਿਆ। ਪਰ ਰਿਆਸਤਾਂ ਵਿੱਚ ਵੱਡੇ ਪੈਮਾਨੇ ਤੇ ਗਿਰਫਤਾਰੀਆ ਹੋਈਆਂ। ਮਾਲਵੇ ਦੇ ਇਲਾਕੇ ਵਿੱਚ ਬਾਬਾ ਖੜਕ ਸਿੰਘ ਜੋ ਕਿ ਉਨ੍ਹਾਂ ਦਿਨਾਂ ਵਿੱਚ ਪ੍ਰਮੁੱਖ ਅਕਾਲੀ ਆਗੂ ਸਨ ਨੇ 1928 ਦੀਆਂ ਗਰਮੀਆ ਵਿੱਚ ਤੂਫਾਨੀ ਦੌਰਾ ਕੀਤਾ। ਇਸੇ ਦੌਰੇ ਦੌਰਾਨ ਉਨ੍ਹਾਂ ਨੇ ਸੇਵਾ ਸਿੰਘ ਠੀਕਰੀਵਾਲਾ ਦੀ ਪਟਿਆਲਾ ਜੇਲ ਵਿੱਚੋਂ ਰਿਹਾਈ ਦੀ ਜ਼ੋਰਦਾਰ ਮੰਗ ਕੀਤੀ। ਬਹੁਤ ਬਾਰੇ ਆਗੂਆਂ ਨੂੰ ਗ੍ਰਿਫਤਾਰ ਕਰ ਲਿਆ ਗਿਆ।

ਆਗੂਆਂ ਦੀ ਗ੍ਰਿਫਤਾਰੀ ਨੇ ਲਹਿਰ ਨੂੰ ਮਜ਼ਬੂਤ ਕੀਤਾ ਅਤੇ ਅੰਤ ਵਿੱਚ 17 ਜੁਲਾਈ 1928 ਨੂੰ ਇੱਕ ਨਵੀ ਸਿਆਸੀ ਪਾਰਟੀ ਨੇ ਪੰਜਾਬ ਰਿਆਸਤੀ **ਪਰਜਾ ਮੰਡਲ** ਦੇ ਨਾ ਨਾਲ ਜਨਮ ਲਿਆ। **ਸੇਵਾ ਸਿੰਘ ਠੀਕਰੀਵਾਲਾ ਇਸਦੇ ਪ੍ਰਧਾਨ ਤੇ ਭਗਵਾਨ ਸਿੰਘ ਲੋਂਗੋਵਾਲੀਆ ਇਸ ਦੇ ਸਕੱਤਰ ਚੁਣੇ ਗਏ**। ਦੋਨੋ ਹੀ ਗੈਰਹਾਜ਼ਰੀ ਵਿੱਚ ਚੁਣ ਲਏ ਗਏ, ਕਿਉਂ ਜੋ ਠੀਕਰੀਵਾਲਾ ਜੇਲ੍ਹ ਵਿੱਚ ਸੀ, ਅਤੇ ਭਗਵਾਨ ਸਿੰਘ ਰਿਆਸਤ ਤੋਂ ਬਾਹਰ, ਕਿਉਂਕਿ ਉਸ ਵਿਰੁੱਧ ਕਾਫੀ ਮੁਕੱਦਮੇ ਚਲ ਰਹੇ ਹਨ। ਪਰਜਾ ਦੇ ਮੈਬਰਾਂ ਨੇ ਰਾਜਿਆਂ ਅਤੇ ਨਵਾਬਾਂ ਦੀ ਨਿਖੇਧੀ ਕਰਦਿਆ ਕਿਹਾ ਕਿ ਉਹ ਜਾਨਵਰਾਂ ਨਾਲੋਂ ਵੀ ਭੈੜੇ ਹਨ ਅਤੇ ਦਲੀਲ ਦਿੱਤੀ ਕਿ ਪੰਚਾਇਤੀ ਰਾਜ ਹੋਣਾ ਚਾਹੀਦਾ ਹੈ। ਪਰਜਾ ਮੰਡਲ ਲਹਿਰ ਦਾ ਖਾਸ ਮੁੱਦਾ ਲੋਕਾਂ ਨੂੰ ਉਹਨਾਂ ਦੇ ਸਿਆਸੀ ਹੱਕ ਦਿਵਾਉਣਾ ਸੀ। ਮਹਾਰਾਜੇ ਨੂੰ ਸੇਵਾ ਸਿੰਘ ਠੀਕਰੀਵਾਲਾ ਅਤੇ ਹੋਰ ਆਗੂਆਂ ਨੂੰ ਛੱਡਣਾ ਪਿਆ।

27 ਤੋਂ 29 ਦਸੰਬਰ (1929) ਨੂੰ ਰਿਆਸਤੀ ਪਰਜਾ ਮੰਡਲ ਦੀ ਪਹਿਲੀ ਕਾਨਫਰੰਸ ਬਰੇਡਲ ਹਾਲ ਲਾਹੌਰ ਵਿਖੇ ਹੋਈ, ਜਿਸ ਵਿੱਚ ਇਹ ਫੈਸਲਾ ਲਿਆ ਗਿਆ ਕਿ ਸਾਰੀਆਂ ਪੂਰਬੀ ਪੰਜਾਬ ਰਿਆਸਤਾਂ ਵਿੱਚ ਪਰਜਾ ਮੰਡਲ ਨੂੰ ਸਰਗਰਮ ਕੀਤਾ ਜਾਵੇ। ਸਿੱਟੇ ਵੱਜੋਂ ਪਟਿਆਲਾ, ਨਾਭਾ, ਜੀਦ ਮਲੇਰਕੋਟਲਾ ਤੇ ਫਰੀਦਕੋਟ ਰਿਆਸਤਾਂ ਵਿੱਚ ਪਰਜਾ ਮੰਡਲ ਦੀਆਂ ਆਜ਼ਾਦ ਇਕਾਈਆ ਕਾਇਮ ਹੋਈਆ। ਸੇਵਾ ਵਿੱਚ ਠੀਕਰੀਵਾਲਾ ਨੂੰ ਅਗਸਤ 1923 ਵਿੱਚ ਫੇਰ ਗ੍ਰਿਫਤਾਰ ਕਰ ਲਿਆ ਗਿਆ। ਉਸਨੇ ਜੇਲ੍ਹ ਵਿੱਚ ਭੁੱਖ ਹੜਤਾਲ ਕਰ ਦਿੱਤੀ ਅਤੇ 20 ਜਲਵਰੀ ਨੂੰ1925 ਨੂੰ ਸ਼ਹੀਦ ਹੋ ਗਿਆ।

ਰਿਆਸਤਾਂ ਦੇ ਜੁਲਮ ਹੁਣ ਖੁੱਲ ਕੇ ਦੁਨੀਆਂ ਦੇ ਸਾਹਮਣੇ ਆ ਗਏ ਸਨ। ਰਿਆਸਤਾਂ ਵਿੱਚ ਜਨਤਾ ਦੀ ਸੁਰੱਖਿਆ ਅਤੇ ਜਾਇਦਾਦਾ ਦੀ ਕੋਈ ਜਮਾਨਤ ਨਹੀਂ। ਰਾਸ਼ਟਰੀ ਕਾਂਗਰਸ ਦੇ ਲਾਹੌਰ ਇਜ਼ਲਾਸ ਦੇ ਬਾਅਦ ਪੰਜਾਬ ਵਿੱਚ ਪਰਜਾ ਮੰਡਲ ਦੀ ਕਾਨਫਰੰਸ ਤੋਂ ਬਾਅਦ ਇਹ ਲਹਿਰ ਕਾਫੀ ਲੋਕਪ੍ਰਿਯ ਹੋ ਗਈ। ਗਿਆਨੀ ਜੈਲ ਸਿੰਘ, ਗੁਰਬਖ਼ਸ਼ ਸਿੰਘ, ਜੋਂਗਾ ਸਿੰਘ ਅਤੇ ਸੰਧੋਰਾ ਸਿੰਘ ਦੀ ਅਗਵਾਈ ਹੇਠ ਫਰੀਦਕੋਟ ਦੀ ਪਰਜਾ ਮੰਡਲ ਨੇ ਸਭ ਤੇ ਅਗਾਂਹ ਵਧੂ ਮੰਗ ਪੇਸ਼ ਕੀਤੀ। 1946 ਵਿੱਚ ਫਰੀਦਕੋਟ ਰਿਆਸਤ ਵਿੱਚ ਸੰਕਟਕਾਲੀ ਹਾਲਤ ਪੈਦਾ ਹੋ ਗਈ। ਸਕੂਲੀ ਬੱਚਿਆਂ ਵੱਲੋਂ ਕਾਂਗਰਸ

ਦੇ ਝੰਡੇ ਨੂੰ ਝੁਲਾਉਣਾ ਅਤੇ ਪੁਲਿਸ ਦਾ ਉਸ ਨੂੰ ਜ਼ਬਰਦਸਤੀ ਹਟਾਉਣਾ ਇੱਕ ਪੂਰਨ ਸੱਤਿਆਗ੍ਰਹਿ ਦਾ ਰੂਪ ਲੈ ਗਿਆ। ਪਰਜਾ ਮੰਡਲ ਨੇ ਵਧਾਨਿਕ ਸੁਧਾਰਾ ਦੀ ਮੰਗ ਨੂੰ ਫਿਰ ਉਠਾਇਆ ਅਤੇ ਕਪੂਰਥਲਾ ਰਿਆਸਤ ਵਿੱਚ ਵੀ ਲੋਕਾਂ ਨੇ ਮਲਬਾ ਟੈਕਸ ਦੇਣ ਤੋਂ ਇਨਕਾਰ ਕਰ ਦਿੱਤਾ। ਰਾਜ ਸਰਕਾਰ ਨੂੰ ਮਾਸਟਰ ਹਰੀ ਸਿੰਘ ਅਤੇ ਹੋਰ ਸਿਆਸੀ ਵਰਕਰਾ ਨੂੰ ਗ੍ਰਿਫਤਾਰ ਕਰ ਲਿਆ। ਮਲੇਰਕੋਟਲੇ ਵਿੱਚ ਸਾਹਿਬ ਸਿੰਘ ਸਲਾਣਾ ਸਮੇਤ ਪਰਜਾ ਮੰਡਲ ਦੇ ਬਹੁਤ ਸਾਰੇ ਆਗੂ ਗ੍ਰਿਫਤਾਰ ਕਰ ਲਏ ਗਏ। ਰਿਆਸਤਾਂ ਵਿੱਚ ਕਿਸਾਨ ਕਈ ਕਿਸਮ ਦੇ ਬੋਝਾਂ ਹੇਠ ਦੱਬੇ ਹੋਏ ਸਨ। ਜ਼ਮੀਨੀ ਮਾਮਲੇ ਅਤੇ ਪਾਣੀ ਦਾ ਮਾਮਲਾ ਗੁਆਢੀ ਪੰਜਾਬੀ ਇਲਾਕੇ ਦੇ ਲੋਕਾਂ ਨਾਲੋਂ ਜਿਆਦਾ ਸੀ। ਮਜ਼ਾਰਾ ਲਹਿਰ ਨੇ ਵੀ ਤੇਜ਼ੀ ਨਾਲ ਖੁੱਲੇ ਤੋਰ ਤੇ ਮੁਜ਼ਾਰਿਆਂ ਅਤੇ ਰਿਆਸਤੀ ਸਰਕਾਰ ਵਿੱਚ ਟਕਰਾਅ ਪੈਦਾ ਕੀਤਾ। ਪਟਿਆਲਾ, ਕਪੂਰਥਲਾ, ਮਲੇਰਕੋਟਲਾ, ਜੀਦ ਦੀਆਂ ਰਿਆਸਤਾਂ ਦੇ ਲੋਕਾਂ ਨੂੰ ਦੂਹਰੇ ਜੁਲਮ ਅਤੇ ਵਿਰੋਧ ਦਾ ਦੁੱਖ ਝੱਲਣਾ ਪਿਆ ਕਿਉਂ ਜੋ ਸਰਕਾਰ ਅਤੇ ਰਜ਼ਵਾੜੇ ਕਿਸਾਨਾਂ ਉੱਤੇ ਜੁਲਮ ਕਰਨ ਲਈ ਇੱਕ ਦੂਜੇ ਤੋਂ ਅੱਗੇ ਵੱਧਣ ਵਿੱਚ ਲੱਗੇ ਹੋਏ ਸਨ। ਸੁਨਾਮ, ਭਦੌੜ ਅਤੇ ਮਾਨਸਾ ਇਹ ਤਿੰਨ ਥਾਂਈ ਮਜਾਰਿਆਂ ਦੇ ਗੜ੍ਹ ਸਨ ਅਤੇ ਇਹ ਤਿੰਨ ਹੀ ਪਰਜਾ ਮੰਡਲ ਦੀਆਂ ਸਰਗਰਮੀਆ ਦੇ ਕੇਦਰ ਸਨ। ਸਾਲ 1940 ਵਿੱਚ ਇੱਕ ਨਾਹਣਾ "ਬਟਾਈ ਨਹੀਂ ਦੇਣੀ" ਸ਼ੁਰੂ ਕੀਤਾ ਗਿਆ। ਇੱਕ ਪਾਸੇ ਜਿਮੀਂਦਾਰ, ਉਹਨਾਂ ਦੇ ਆਦਮੀ ਅਤੇ ਪੁਲਸ, ਦੂਜੇ ਪਾਸੇ ਮੁਜ਼ਾਰੇ ਅਤੇ ਉਹਨਾਂ ਦੀਆਂ ਔਰਤਾਂ ਵਿੱਚ ਆਪਸੀ ਟਕਰਾਅ ਹੋਏ। ਪਰਜ਼ਾ ਮੰਡਲ ਦੇ ਆਗੂ ਅਤੇ ਮੁਜ਼ਾਰਿਆਂ ਦੇ ਮੰਤਵ ਨਾਲ ਹਮਦਰਦੀ ਰਖਦੇ ਸਨ। ਹੋਲੀ-ਹੋਲੀ ਪਰਜਾ ਮੰਡਲ, ਕਾਂਗਰਸ ਅਤੇ ਕਿਸਾਨ ਕਾਮੇ ਇੱਕ ਰੂਪ ਹੋਣ ਲੱਗੇ।

1940 ਤੋਂ ਬਾਅਦ ਹੋਲੀ-ਹੋਲੀ ਪਰਜਾ ਮੰਡਲ ਦਾ ਪ੍ਰਭਾਵ ਘਟਨਾ ਲੱਗਾ। ਪਰਜਾ ਮੰਡਲ ਵਿੱਚ ਸਿਰਫ ਅਜਿਹੇ ਲੋਕ ਹੀ ਰਹਿ ਗਏ ਜਿਹੜੇ ਕਿ ਸਿਧਾਂਤਕ ਤੋਰ ਤੇ ਕਾਂਗਰਸ ਦੇ ਕਰੀਬ ਸਨ। 1942 ਈ ਵਿੱਚ ਅਕਾਲੀ ਅਤੇ 1943 ਈ. ਵਿੱਚ ਵਾਮਪੰਥੀ ਪਰਜਾ ਮੰਡਲ ਤੋਂ ਅਲੱਗ ਹੋ ਗਏ। ਫਿਰ 1945 ਈ ਵਿੱਚ ਮੁਜ਼ਾਰਾ ਜੰਗੀ ਕੋਂਸਿਲ ਨਿਯੁਕਤ ਹੋਈ। ਭਾਰਤ ਨੂੰ ਅਜ਼ਾਦੀ ਮਿਲਣ ਤੇ ਜੁਲਾਈ 1948 ਈ. ਵਿੱਚ ਸੱਤ ਪੂਰਬੀ ਪੰਜਾਬ ਰਿਆਸਤਾਂ ਤੇ ਨਾਲਾਗੜ੍ਹ ਦਾ ਸੰਗਠਨ ਕਾਇਮ ਹੋਇਆ, ਇਸ ਨੂੰ ਪੈਪਸੂ ਦੇ ਨਾਂ ਨਾਲ ਜਾਣਿਆ ਜਾਣ ਲੱਗਿਆ। ਪੈਪਸੂ ਦੀ ਸਥਾਪਨਾ ਪਿੱਛੋਂ ਵੀ ਪੂਰਬੀ ਪੰਜਾਬ ਦੇ ਕਿਸਾਨਾਂ ਦਾ ਘੋਲ ਚਲਦਾ ਰਿਹਾ।

**References :**

1. Ramesh Wala, Praja Mandal Movement in East Punjab States, London, 1972, p. 40.
2. E. W. R. Lumby, The Transfer of Power in India 1945-47. London, 1954, p. 204.

3. Ibid
4. Ramesh Wala op. ci t. p/38-45.
5. Padaral Moon, The Future of India, London, 1945, p. 9.
6. Ramesh Wala op. ci t. p./40.
7. The Germany Dass, Maharaja, Bombay 1969, p. 14.
8. Confindental Daries of the District Magistrate No. 2920-21, Faridkot State Records, File Np. 23, PSA Patila.
9. S. A. Khan, the Earl of Reading, London, 1914 p. 302.
10. S. R. Sharma, Punjab in Forement in the Beginning of the 20th century, Delhi, 1965, p. 10.
11. Karanveer Singh Maan, The Agraran System of Patila State, 1900-1948, Ph. D Thesis Punjabi Unversity Patila, p 90-91.
12. Ibid, p 92-93.
13. Mohinder Singh, The Akali Movement, Delhi 1970 p. 34.
14. Truth About Nabha, S. G. P. C. Amritsar, 1937.
15. Ganda Singh, (ed) Some Confidental Papers of Akali Movement, Amritsar, 1965, pp. 183-92.
16. Ramesh Wala op. cit p./55
17. Ibid, p. 56.
18. C.I.D Reports vide P. M. Office File No. 542 PSR (PSA)
19. File No. 133A 1945-48 NMML, Delhi.

## ਅਧਿਆਇ-11
# ਭਗਤ ਸਿੰਘ : ਇੱਕ ਕ੍ਰਾਂਤੀ ਇੱਕ ਅੰਦੋਲਨ

ਭਾਰਤ ਮਾਂ ਨੂੰ ਅਜ਼ਾਦ ਕਰਾਉਣ ਲਈ ਭਗਤ ਸਿੰਘ ਦੀ ਇੱਕ ਮਹੱਤਵਪੂਰਨ ਭੂਮਿਕਾ ਰਹੀ ਹੈ। ਇਸ ਮਹਾਨ ਸ਼ਹੀਦ ਦਾ ਜਨਮ 28 ਸਤੰਬਰ 1907 ਨੂੰ ਖਟਕੜਕਲਾਂ (ਜਲੰਧਰ) ਵਿੱਚ ਕਿਸ਼ਨ ਸਿੰਘ ਦੇ ਘਰ ਹੋਇਆ। ਇਨ੍ਹਾਂ ਦੇ ਦਾਦਾ ਅਰਜ਼ਨ ਸਿੰਘ ਜੀ ਆਰੀਆ ਸਮਾਜੀ ਸਨ। ਭਗਤ ਸਿੰਘ ਨੂੰ ਦੇਸ਼ ਭਗਤੀ ਵਿਰਸੇ ਵਿੱਚ ਹੀ ਮਿਲੀ। ਭਗਤ ਸਿੰਘ ਦੇ ਜਨਮ ਹੋਣ ਤੋਂ ਥੋੜਾ ਪਹਿਲਾਂ ਹੀ ਇਨ੍ਹਾਂ ਦੇ ਪਿਤਾ ਕਿਸ਼ਨ ਸਿੰਘ ਦੀ ਨਜ਼ਰਬੰਦੀ, ਅਜੀਤ ਸਿੰਘ ਨੂੰ ਜਲਾਵਤਨੀ ਅਤੇ ਸਵਰਨ ਸਿੰਘ ਨੂੰ ਕੈਦ ਦੀ ਸਜ਼ਾ ਹੋਈ। ਭਗਤ ਸਿੰਘ ਦੇ ਜਨਮ ਨਾਲ ਇਨ੍ਹਾਂ ਤਿੰਨਾਂ ਵਿਅਕਤੀਆ ਦੀ ਨਜ਼ਰਬੰਦੀ, ਜਲਾਵਤਨੀ ਅਤੇ ਕੈਦ ਵਿੱਚੋਂ ਪਰਤ ਆਉਣ ਦੀ ਖਬਰ ਮਿਲਣ ਕਰਕੇ ਪਰਿਵਾਰ ਨੇ ਇਸ ਬੱਚੇ ਨੂੰ ਭਾਗਾ ਵਾਲਾ ਮੰਨਿਆ ਅਤੇ ਇਸ ਦਾ ਨਾਂ ਭਗਤ ਸਿੰਘ ਰੱਖ ਦਿੱਤਾ। ਭਗਤ ਸਿੰਘ ਦੇ ਜੀਵਣ ਉੱਤੇ ਜਲ੍ਹਿਆਂਵਾਲੇ ਬਾਗ਼ ਦੀ ਘਟਨਾ, ਸਾਕਾ ਗੁਰੂਦਵਾਰਾ ਨਨਕਾਣਾ ਸਾਹਿਬ ਅਤੇ ਜੈਤੋ ਦੇ ਮੋਰਚੇ ਦਾ ਖਾਸ ਪ੍ਰਭਾਵ ਪਿਆ। ਭਗਤ ਸਿੰਘ ਨੇ ਮੁਢਲੀ ਸਿੱਖਿਆ ਲਾਇਲਪੁਰ ਦੇ ਪ੍ਰਾਇਮਰੀ ਸਕੂਲ ਵਿੱਚੋਂ ਪ੍ਰਾਪਤ ਕੀਤੀ। ਬਾਅਦ ਵਿੱਚ ਉਨ੍ਹਾਂ ਨੇ ਡੀ. ਏ. ਵੀ ਹਾਈ ਸਕੂਲ, ਲਾਹੌਰ ਤੋਂ ਸਿੱਖਿਆ ਪ੍ਰਾਪਤ ਕੀਤੀ ਅਤੇ ਫਿਰ 1923 ਵਿੱਚ ਨੈਸ਼ਨਲ ਕਾਲਜ਼ ਲਾਹੌਰ ਵਿੱਚ ਦਾਖਲਾ ਲਿਆ। ਇੱਥੇ ਹੀ ਭਗਤ ਸਿੰਘ ਆਪਣੇ ਭਵਿੱਖ ਦੇ ਸਾਥੀਆ ਜਿਵੇ ਭਗਵਤੀ ਚਰਨ ਵੋਹਰਾ, ਸੁਖਦੇਵ, ਯਸ਼ਪਾਲ ਅਤੇ ਜੈਦੇਵ ਆਦਿ ਦੇ ਸੰਪਰਕ ਵਿੱਚ ਆਏ। ਕਾਲਜ ਦੇ ਦਿਨਾਂ ਵਿੱਚ ਭਗਤ ਸਿੰਘ ਨੇ ਨਾ-ਮਿਲਵਰਤਣ ਅੰਦੋਲਨ ਵਿੱਚ ਸਰਗਰਮ ਹਿੱਸਾ ਲਿਆ। ਪਰ ਮਹਾਤਮਾ ਗਾਂਧੀ ਦੁਆਰਾ ਨਾ-ਮਿਲਵਰਤਣ ਅੰਦੋਲਨ ਦੀ ਅਚਾਨਕ ਵਾਪਸੀ ਦੇ ਫੈਸਲੇ ਨਾਲ ਭਗਤ ਸਿੰਘ ਬੜੇ ਦੁਖੀ ਹੋਏ। 19 ਵਰ੍ਹਿਆਂ ਦੇ ਇਨਕਲਾਬੀ ਕਰਤਾਰ ਸਿੰਘ ਸਰਾਭਾ ਜਿਨ੍ਹਾਂ ਨੂੰ ਫਾਂਸੀ ਹੋਈ ਸੀ, ਉਹ ਭਗਤ ਸਿੰਘ ਦੇ ਆਦਰਸ਼ ਸਨ। ਜਦੋਂ ਭਗਤ ਸਿੰਘ ਦੇ ਵਿਆਹ ਕਰਾਉਣ ਦਾ ਦਬਾਅ ਪਿਆ ਤਾਂ ਉਹ 16 ਸਾਲ ਦੀ ਉਮਰ ਵਿੱਚ ਹੀ ਘਰੋ ਕਾਨ੍ਹਪੁਰ ਚਲੇ ਗਏ। ਜਿੱਥੇ ਉਹ ਯੂ. ਪੀ ਅਤੇ ਬਿਹਾਰ ਦੇ ਇਨਕਲਾਬੀਆਂ ਨੂੰ ਮਿਲੇ ਅਤੇ ਹਿੰਦੁਸਤਾਨ ਰਿਪਬਲਿਕਨ ਐਸੋਸ਼ੀਏਸ਼ਨ ਵਿੱਚ ਸ਼ਾਮਲ ਹੋਏ।

ਭਗਤ ਸਿੰਘ ਨੇ 1925 ਵਿੱਚ ਨੌਜਵਾਨ ਭਾਰਤ ਸਭਾ ਦੀ ਸਥਾਪਨਾਂ ਕੀਤੀ। ਨੌਜਵਾਨ ਸਭਾ ਦਾ ਉਦੇਸ਼ ਸੁਤੰਤਰ ਗਣਰਾਜ਼ ਦੀ ਸਥਾਪਨਾ, ਨੌਜਵਾਨਾ ਦੇ ਦਿਲਾਂ ਵਿੱਚ ਦੇਸ਼ਭਗਤੀ ਦੀ ਭਾਵਨਾ ਪੈਦਾ ਕਰਨਾ ਸੀ। ਸਭਾ ਨੂੰ ਕਿਦਾਰਨਾਥ ਸਹਿਗਲ, ਸਰਦੂਲ ਸਿੰਘ ਕਵੀਸ਼ਨ, ਮਹਿਤਾ ਨੰਦ ਕਿਸ਼ੋਰ, ਸੋਢੀ ਪਿੰਡੀ ਦਾਸ ਅਤੇ ਰਾਮ ਚੰਦਰ ਵਰਗੇ ਮਹਾਨ ਅੰਦੋਲਨਕਾਰੀਆਂ ਦਾ ਸਹਿਯੋਗ ਮਿਲਿਆ।[1] ਇਸ ਦੇ ਮੈਂਬਰਾਂ ਨੂੰ ਸਰਕਾਰ ਵਿਰੋਧੀ

ਅੰਦੋਲਨਾਂ ਵਿੱਚ ਹਿੱਸਾ ਲੈਣ ਲਈ ਪਰੇਰਿਤ ਕੀਤਾ ਗਿਆ। ਨੌਜਵਾਨ ਸਭਾ ਲੋਕਾਂ ਵਿੱਚ ਉਨ੍ਹਾਂ ਇਨਕਲਾਬੀਆਂ ਦਾ ਪ੍ਰਚਾਰ ਕਰਦੀ ਸੀ। ਜਿਨ੍ਹਾਂ ਨੂੰ ਫਾਂਸੀ ਲੱਗਣ ਵਾਲੀ ਸੀ ਜਾਂ ਜੇਲ੍ਹਾਂ ਵਿੱਚ ਜੀਵਨ ਕੱਟ ਰਹੇ ਸਨ। 1928 ਵਿੱਚ ਨੌਜਵਾਨ ਸਭਾ ਦੇ ਪ੍ਰਧਾਨ ਕਿਦਾਰਨਾਥ ਸਹਿਗਲ ਨੇ ਪ੍ਰੈਸ ਨੂੰ ਬਿਆਨ ਦਿੱਤਾ ਕਿ ਸਾਰੇ ਪੰਜਾਬ ਵਿੱਚ ਇਸ ਦੀਆਂ ਬਰਾਂਚਾ ਖੋਲੀਆਂ ਜਾਣਗੀਆਂ। ਸੋਹਣ ਸਿੰਘ ਜੋਸ਼ ਦੇ ਅੰਮ੍ਰਿਤਸਰ ਦੀ ਨੌਜਵਾਨ ਸਭਾ ਦੇ ਪ੍ਰਧਾਨ ਬਣਨ ਨਾਲ ਕੰਮ ਵਿੱਚ ਹੋਰ ਤੇਜ਼ੀ ਆਈ। ਨੌਜਵਾਨਾਂ ਉੱਤੇ ਭਗਤ ਸਿੰਘ ਦੇ ਵੱਧਦੇ ਅਸਰ ਦੇ ਕਾਰਨ ਡਰ ਦੇ ਲਾਹੌਰ ਪੁਲੀਸ ਨੇ ਉਨ੍ਹਾਂ ਨੂੰ ਗਿਫਤਾਰ ਕਰ ਲਿਆ ਅਤੇ ਉਨ੍ਹਾਂ ਦਾ ਨਾਂ ਝੂਠੇ ਤੌਰ ਤੇ 1926 ਦੇ ਦੁਸਹਿਰਾ ਬੰਬ ਕੇਸ ਵਿੱਚ ਪਾ ਦਿੱਤਾ 6 ਮਹੀਨੇ ਤੱਕ ਜੇਲ੍ਹ ਵਿੱਚ ਰੱਖਿਆ ਅਤੇ ਅਖਿਰ ਸੱਠ ਹਜ਼ਾਰ ਦੀ ਜਮਾਨਤ ਤੇ ਉਨ੍ਹਾਂ ਨੂੰ ਛੱਡਿਆ।

1928 ਦਾ ਸਾਲ ਪੰਜਾਬ ਦੇ ਅਜ਼ਾਦੀ ਦੇ ਅੰਦੋਲਨ ਵਿੱਚ ਬੜਾ ਮਹੱਤਵ ਰੱਖਦਾ ਹੈ। 1928 ਵਿੱਚ ਦੇਸ਼ ਵਿੱਚ ਸੰਵਿਧਾਨਿਕ ਸੁਧਾਰਾਂ ਦੇ ਲਈ ਸਾਈਮਨ ਕਮਿਸ਼ਨ ਭਾਰਤ ਆਇਆ ਤਾਂ ਸਾਰੇ ਦੇਸ਼ ਵਿੱਚ ਉਸਦਾ ਬਾਈਕਾਟ ਕੀਤਾ ਗਿਆ। ਕਮਿਸ਼ਨ ਦਾ ਕਾਲੇ ਝੰਡਿਆਂ ਨਾਲ ਲਾਹੌਰ ਵਿੱਚ ਸਵਾਗਤ ਕੀਤਾ ਗਿਆ ਅਤੇ ਸਾਈਮਨ ਵਾਪਸ ਜਾਓ ਦੇ ਨਾਹਰੇ ਲਾਏ ਗਏ। ਇਸ ਅੰਦੋਲਨ ਦੀ ਅਗਵਾਈ ਲਾਲਾ ਲਾਜ਼ਪਤ ਰਾਏ ਜੀ ਕਰ ਰਹੇ ਸਨ। ਪੁਲਿਸ ਨੇ ਲਾਲਾ ਜੀ ਨੂੰ ਆਪਣਾ ਨਿਸ਼ਾਨਾ ਬਣਾ ਕੇ ਜਲੂਸ ਤੇ ਲਾਠੀਚਾਰਜ ਕੀਤਾ ਜਿਸ ਨਾਲ ਲਾਲਾ ਜੀ ਨੂੰ ਗੰਭੀਰ ਸੱਟਾਂ ਲੱਗੀਆਂ ਅਤੇ ਉਹ 18 ਨਵੰਬਰ 1927 ਨੂੰ ਸ਼ਹੀਦ ਹੋ ਗਏ। ਨੌਜਵਾਨ ਸਭਾ ਵੱਲੋਂ ਇੱਕ ਮੀਟਿੰਗ ਕੀਤੀ ਗਈ, ਜਿਸ ਵਿੱਚ ਇਹ ਕਿਹਾ ਗਿਆ ਕਿ ਲਾਲਾ ਜੀ ਸ਼ੇਰੇ-ਏ-ਪੰਜਾਬ ਸਨ, ਜਿਨ੍ਹਾਂ ਨੂੰ ਪੁਲਿਸ ਨੇ ਮਾਰਿਆ ਸੀ। ਭਗਤ ਸਿੰਘ, ਚੰਦਰ ਸ਼ੇਖਰ ਅਜ਼ਾਦ, ਕੈਲਾਸ਼ਪਤੀ, ਰਾਜਗੁਰੂ, ਜਸਪਾਲ ਅਤੇ ਕੁਝ ਹੋਰ ਕ੍ਰਾਂਤੀਕਾਰੀਆਂ ਨੇ ਇੱਕ ਮੀਟਿੰਗ ਵਿੱਚ ਇਹ ਫੈਸਲਾ ਕੀਤਾ ਕਿ ਲਾਲਾ ਜੀ ਦਾ ਮੌਤ ਦਾ ਬਦਲਾ ਲਿਆ ਜਾਵੇਗਾ।[3] 17 ਦਸੰਬਰ 1928 ਨੂੰ ਭਗਤ ਸਿੰਘ ਨੇ ਚੰਦਰ ਸ਼ੇਖਰ ਅਜ਼ਾਦ ਅਤੇ ਰਾਜਗੁਰੂ ਨੂੰ ਨਾਲ ਲੈ ਕੇ ਜੇ. ਪੀ ਸਾਂਡਰਸ ਨੂੰ ਗੋਲੀ ਮਾਰ ਦਿੱਤੀ ਜੋ ਲਾਠੀ ਚਾਰਜ਼ ਦੀ ਘਟਨਾ ਨਾਲ ਸਬੰਧਤ ਸੀ। ਬਾਅਦ ਵਿੱਚ ਕਾਰਵਾਈ ਦਾ ਜਿੰਮਾਂ ਕਬੂਲਦੇ ਹੋਏ ਹਿੰਦੁਸਤਾਨ ਸੋਸਲਿਸਟ ਰਿਪਬਲਿਕ ਨੇ ਲਾਹੌਰ ਵਿੱਚ ਪੋਸਟਰ ਚਿਪਕਾਏ, ਇਸ ਤੋਂ ਬਾਅਦ ਭਗਤ ਸਿੰਘ ਨੂੰ ਭੇਸ ਬਦਲ ਕੇ ਲਾਹੌਰ ਤੋਂ ਕਲਕੱਤੇ ਜਾਣਾ ਪਿਆ।

ਪੰਜਾਬ ਦੀ ਭੂਮੀ ਆਪਣੀ ਭੁਗੋਲਿਕ ਹਾਲਤ ਕਰਕੇ ਸੰਘਰਸ਼ ਦੀ ਭੂਮੀ ਹੀ ਰਹੀ, ਇੱਥੋਂ ਦੇ ਲੋਕਾਂ ਵਿੱਚ ਬਹਾਦਰੀ, ਜੋਸ਼, ਜ਼ਜ਼ਬਾ ਅਤੇ ਜ਼ੁਲਮ ਦਾ ਡਟ ਕੇ ਮੁਕਾਬਲਾ ਕਰਨ ਦੇ ਗੁਣ ਜਨਮ ਦੇ ਨਾਲ ਹੀ ਆ ਜਾਂਦੇ ਹਨ, ਇਸ ਲਈ ਇੱਥੇ ਅਹਿੰਸਾਵਾਦੀ ਮਹਾਤਮਾ ਗਾਂਧੀ ਦੀਆਂ ਨੀਤੀਆਂ ਨੂੰ ਜ਼ਿਆਦਾ ਪਸੰਦ ਨਹੀਂ ਕੀਤਾ ਗਿਆ। ਸਗੋਂ ਇੱਥੋਂ ਗਦਰੀਆਂ ਅਤੇ ਬੱਬਰ ਅਕਾਲੀਆਂ ਦਾ ਹੀ ਬੋਲਬਾਲਾ ਰਿਹਾ। 1924 ਵਿੱਚ ਸਚਿੱਤਰ ਨਾਲ ਸਨਿਆਲ[4] ਨੇ ਚੰਦਰ ਸ਼ੇਖਰ ਅਜ਼ਾਦ ਨਾਲ ਮਿਲ ਕੇ ਹਿੰਦੁਸਤਾਨ ਰਿਪਬਲਿਕ ਐਸੋਸੀਏਸ਼ਨ ਦੀ ਸਥਾਪਨਾ ਕੀਤੀ ਤਾਂ ਪੰਜਾਬ ਵਿੱਚ ਵੀ ਇਸਦਾ ਖਾਸ ਪ੍ਰਭਾਵ

ਪਿਆ। ਲਾਇਲਪੁਰ, ਪੰਜਾਬ ਦੇ ਰਹਿਣ ਵਾਲੇ ਸੁਖਦੇਵ ਨੂੰ ਇਸ ਸੰਸਥਾ ਦੀ ਪੰਜਾਬ ਵਿੱਚ ਮੈਬਰਸ਼ਿਪ ਕਰਨ ਦੀ ਜਿੰਮੇਵਾਰੀ ਸੌਂਪੀ ਗਈ। ਭਗਤ ਸਿੰਘ ਦਾ ਵੀ ਸਮੇਂ-ਸਮੇਂ ਉਸ ਨਾਲ ਸੰਪਰਕ ਹੁੰਦਾ ਰਹਿੰਦਾ ਸੀ। **ਹਿੰਦੁਸਤਾਨ ਸੋਸਲਿਸਠ ਰਿਪਬਲਿਕਨ** ਐਸੋਸੀਏਸ਼ਨ ਨੇ ਲੋਕਾਂ ਦਾ ਧਿਆਨ ਸੱਤਿਆਗ੍ਰਹਿ ਦੇ ਫੇਲ ਹੋਣ ਵੱਲ ਖਿੱਚਿਆ ਅਤੇ ਹਰ ਇੱਕ ਵਿਅਕਤੀ ਨੂੰ ਸਮਾਜਿਕ ਢਾਂਚਾ ਬਦਲਣ ਲਈ ਸਹੁੰ ਚੱਕਣ ਲਈ ਕਿਹਾ ਅਤੇ ਉਨ੍ਹਾਂ ਨੂੰ ਸੱਦਾ ਦਿੱਤਾ ਕਿ ਸਰਕਾਰ ਦੇ ਖਿਲਾਫ ਹਥਿਆਰਬੰਦ ਇੰਨਕਲਾਬ ਕਰਨ ਲਈ ਤਿਆਰ ਹੋ ਜਾਓ।[5] ਇੰਨਕਲਾਬੀਆਂ ਦਾ ਨਾਅਰਾ ਸੀ **ਨਾ ਅਸੀਂ ਰਹਿਮ ਦੀ ਮੰਗ ਕਰਦੇ ਹਾਂ ਅਤੇ ਨਾ ਹੀ ਅਸੀਂ ਰਹਿਮ ਕਰਾਂਗੇ। ਸਾਡੀ ਲੜਾਈ ਤਾਂ ਫੈਸਲਾਕੁੰਨ ਲੜਾਈ ਹੈ, ਜਿਸਦਾ ਨਤੀਜਾ ਹੈ ਜਿੱਤ ਜਾਂ ਮੌਤ**[6]

ਬਰਤਾਨਵੀ ਸਰਕਾਰ ਨੇ ਮਜ਼ਦੂਰਾਂ ਦੇ ਅੰਦੋਲਨ ਨੂੰ ਦਬਾਉਣ ਲਈ ਪਬਲਿਕ ਸੇਫਟੀ ਬਿਲ ਅਤੇ ਟਰੇਡ ਡਿਸਪਿਊਟਿਡ ਬਿਲ ਰਾਸ਼ਟਰੀ ਅਸੈਬਲੀ ਵਿੱਚ ਪੇਸ਼ ਕੀਤਾ ਅਤੇ ਤਾਨਾਸ਼ਾਹੀ ਰਵੱਈਆ ਅਪਨਾਉਂਦੇ ਹੋਏ ਮਜ਼ਦੂਰ ਆਗੂਆਂ ਨੂੰ ਗ੍ਰਿਫਤਾਰ ਕਰਨਾ ਸ਼ੁਰੂ ਕਰ ਦਿੱਤਾ। ਨੌਜਵਾਨ ਸਭਾ ਨੇ ਆਪਣੀ ਮੀਟਿੰਗਾਂ ਵਿੱਚ ਇਸਦਾ ਸਖਤ ਵਿਰੋਧ ਕੀਤਾ। **ਭਗਤ ਸਿੰਘ ਅਤੇ ਬਟੁਕੇਸ਼ਵਰ ਦੱਤ ਨੇ 2 ਬੁੰਬ ਅਸੈਂਬਲੀ ਹਾਲ ਵਿੱਚ ਸੁੱਟੇ** ਜਿੱਥੇ ਇਜ਼ਲਾਸ ਚੱਲ ਰਿਹਾ ਸੀ। ਇੰਨਕਲਾਬ ਜਿੰਦਾਬਾਦ ਸਾਮਰਾਜ ਮੁਰਦਾਬਾਦ ਦੇ ਨਾਅਰੇ ਲਾਉਂਦੇ ਹੋਏ ਉਨ੍ਹਾਂ ਨੇ ਆਪਣੇ ਪਾਰਟੀ ਦੇ ਪਰਚੇ ਅਸੈਂਬਲੀ ਵਿੱਚ ਸੁੱਟੇ ਜਿਨ੍ਹਾਂ ਉੱਤੇ ਇਕ ਅਪੀਲ ਛਪੀ ਹੋਈ ਸੀ ਜਿਸਦੇ ਸ਼ਬਦ ਸਨ, **ਬੋਲੇ ਕੰਨਾਂ ਨੂੰ ਸੁਣਨ ਲਾਉਣ ਲਈ ਤੇਜ਼ ਧਮਾਕੇ ਦੀ ਲੋੜ.......'' ਆਪਣੀ ਇਸ ਕਾਰਵਾਈ ਨੂੰ ਜਾਇਜ਼ ਠਹਿਰਾਉਂਦੇ ਹੋਏ ਕਿਹਾ ''ਲੋਕਾਂ ਦੇ ਨੁਮਾਇੰਦੇ ਆਪਣੇ-ਆਪਣੇ ਚੋਣ ਹਲਕਿਆਂ ਵਿੱਚ ਵਾਪਸ ਚਾਲੇ ਜਾਣ ਅਤੇ ਆਉਂਦੇ ਇੰਨਕਲਾਬ ਲਈ ਜਨਤਾ ਨੂੰ ਤਿਆਰ ਕਰਨ**....''ਫਿਰ ਉਨ੍ਹਾਂ ਨੇ ਆਪਣੇ ਆਪ ਨੂੰ ਗਿਫਥਤਾਰੀ ਲਈ ਪੇਸ਼ ਕਰ ਦਿੱਤਾ। ਉਨ੍ਹਾਂ ਨੇ ਪੂਰੀ ਬਹਾਦਰੀ ਨਾਲ ਅਦਾਲਤ ਵਿੱਚ ਬਿਆਨ ਦਿੱਤਾ ਅਤੇ ਸਪਸ਼ਟ ਕੀਤਾ ਕਿ ਉਨ੍ਹਾਂ ਦਾ ਮਕਸਦ ਕਿਸੇ ਨੂੰ ਨੁਕਸਾਨ ਪਹੁੰਚਾਉਣਾ ਨਹੀਂ ਸੀ, ਇਸ ਕਰਕੇ ਮਾਰੂ ਬੰਬ ਨਹੀਂ ਸੁੱਟੇ ਗਏ। ਉਨ੍ਹਾਂ ਦਾ ਮਕਸਦ ਬਰਤਾਨਵੀ ਹਕੂਮਤ ਨੂੰ ਆਪਣੇ ਗੁੱਸੇ ਬਾਰੇ ਆਗਾਹ ਕਰਨਾ ਸੀ। ਉਨ੍ਹਾਂ ਕਿਹਾ ਸੀ "ਇਹ ਕੋਈ ਬੰਬ ਅਤੇ ਪਿਸਤੋਲ ਦਾ ਫਲਸਪਾ ਨਹੀਂ" 12 ਜੂਨ 1929 ਅਦਾਲਤ ਨੇ ਭਗਤ ਸਿੰਘ ਅਤੇ ਬੀ. ਕੇ ਦੱਤ ਨੂੰ ਅਸੈਂਬਲੀ ਬੰਬ ਕੇਸ ਵਿੱਚ ਕਾਲੇ ਪਾਣੀ ਦੀ ਸਜ਼ਾ ਦਿੱਤੀ। ਇਸੇ ਦੌਰਾਨ ਪੁਲਿਸ ਨੇ ਸਾਂਡਰਸ ਕਤਲ ਕਾਂਡ ਕੱਢ ਲਿਆ ਅਤੇ ਭਗਤ ਸਿੰਘ, ਰਾਜਗੁਰੂ ਸੁਖਦੇਵ ਅਤੇ ਕਈ ਹੋਰਨਾਂ ਤੇ ਦੂਜੇ ਲਾਹੌਰ ਸਾਜ਼ਿਸ ਕੇਸ ਦਾ ਮੁਕੱਦਮਾ ਚਲਾਇਆ ਗਿਆ। ਭਗਤ ਸਿੰਘ ਅਤੇ ਉਨ੍ਹਾਂ ਦੇ ਸਾਥੀਆਂ ਨੇ ਬਰਤਾਨਵੀ ਹਕੂਮਤ ਦੀ ਅਨਮਨੁੱਖੀ ਜੁਲਮਾਂ ਦੀ ਦਾਸਤਾਨ ਪੂਰੀ ਦੁਨੀਆਂ ਸਾਹਮਣੇ ਰੱਖਣ ਲਈ ਇਸ ਮੁਕੱਦਮੇ ਨੂੰ ਇੱਕ ਮੰਚ ਦੀ ਤਰ੍ਹਾਂ ਵਰਤਣ ਦਾ ਫੈਸਲਾ ਕੀਤਾ। ਉਨ੍ਹਾਂ ਲਈ ਇਹ ਮੁਕੱਦਮਾ ਇਨਕਲਾਬੀ ਸੰਘਰਸ਼ ਦਾ ਹੀ ਇੱਕ ਹਿੱਸਾ ਸੀ, ਜਿੱਥੇ ਉਨ੍ਹਾਂ ਨੇ ਆਪਣੀ ਵਿਚਾਰਧਾਰਾ ਦਾ ਪ੍ਰਚਾਰ ਕੀਤਾ ਅਤੇ ਜਨਤਾ ਸਾਹਮਣੇ ਆਪਣੇ ਇਨਕਲਾਬੀ

ਪ੍ਰੋਗਰਾਮ ਰੱਖੇ। ਆਪਣੇ ਬਚਾਓ ਵਿੱਚ ਕੁਝ ਕਹਿਣ ਦੀ ਬਜਾਏ ਉਨ੍ਹਾਂ ਬ੍ਰਿਟਿਸ਼ ਸਰਕਾਰ ਨੂੰ ਹੀ ਬਚਾਓ ਦੇ ਰਾਹ ਪਾ ਦਿੱਤਾ। ਮੁਕੱਦਮੇ ਦੌਰਾਨ ਭਾਰਤ ਦੇ ਇਸ ਮਹਾਨ ਸਪੂਤ ਨੇ ਆਪਣੀ ਰਿਹਾਈ ਲਈ ਜਰਾ ਵੀ ਜ਼ੋਰ ਨਹੀਂ ਲਗਾਇਆ ਪਰ ਦੇਸ਼ ਦੀ ਅਜ਼ਾਦੀ ਲਈ ਆਖਰੀ ਸਾਹ ਤੱਕ ਲੜਨ ਦਾ ਐਲਾਨ ਕੀਤਾ।

**1929 ਦਾ ਲਾਹੌਰ ਸਾਜ਼ਿਸ਼ ਕੇਸ ਇਸ ਕਰਕੇ ਜਾਣਿਆ ਜਾਂਦਾ ਹੈ ਕਿ ਭਗਤ ਸਿੰਘ ਅਤੇ ਬੀ. ਕੇ ਦੱਤ ਨੂੰ ਨਵੇਂ ਕੇਸ ਵਿੱਚ ਫਸਾ ਦਿੱਤਾ ਗਿਆ।** ਜੇਲ੍ਹਾਂ ਅੰਦਰ ਡੱਕੇ ਇਨਕਲਾਬੀਆਂ ਨੇ ਇਸ ਕੇਸ ਨੂੰ ਖਾਸ ਰਾਜਨੀਤਿਕ ਮੰਤਵ ਲਈ ਵਰਤਣ ਦਾ ਫੈਸਲਾ ਕਰ ਲਿਆ। ਭਗਤ ਸਿੰਘ ਅਤੇ ਬੀ. ਕੇ ਦੱਤ ਨੇ ਜੇਲ੍ਹ ਵਿੱਚ ਰਹਿ ਰਹੇ ਰਾਜਨੀਤਿਕ ਕੈਦੀਆਂ ਨਾਲ ਕੀਤੇ ਜਾਂਦੇ ਬੁਰੇ ਸਲੂਕ ਵਿਰੁੱਧ ਭੁੱਖ ਹੜਤਾਲ ਕਰ ਦਿੱਤੀ। ਜੋ 100 ਦਿਨਾਂ ਤੋਂ ਵੀ ਵੱਧ ਚੱਲੀ।[7] ਜਤਿਨ ਦਾਸ ਦੀ ਹਾਲਤ ਖਰਾਬ ਹੋ ਗਈ ਅਤੇ ਉਹ ਅਕਾਲ ਚਲਾਣਾ ਕਰ ਗਏ। ਲਾਹੌਰ ਕਾਂਨਸੀਪਰੇਸੀ ਕੇਸ ਨੇ ਸਾਰੇ ਹਿੰਦੁਸਤਾਨ ਦਾ ਧਿਆਨ ਖਿੱਚਿਆ। ਵਾਇਸਰਾਏ ਨੇ ਵਿਸ਼ੇਸ਼ ਆਰਡੀਨੈਂਸ ਜਾਰੀ ਕਰਕੇ ਇਨਕਲਾਬੀਆਂ ਤੇ ਲਾਹੌਰੀ ਕਾਨਸੀਪਰੇਸੀ ਕੇਸ ਆਰਡੀਨੈਂਸ 1930 ਅਧੀਨ ਮੁਕੱਦਮਾ ਚਲਾਇਆ, ਜਿਸ ਨਾਲ ਇੱਕ ਟ੍ਰਿਬਿਊਨਲ ਸਥਾਪਿਤ ਕੀਤਾ ਗਿਆ, ਜਿੱਥੇ ਨਾ ਕਿਸੇ ਵਕੀਲ ਦੀ ਲੋੜ ਸੀ ਨਾ ਹੀ ਸਫਾਈ ਦੇ ਗ਼ਵਾਹਾਂ ਦੀ ਅਤੇ ਨਾ ਹੀ ਕਚਹਿਰੀ ਵਿੱਚ ਮੁਲਾਜ਼ਮਾਂ ਦੀ ਹਾਜ਼ਰੀ ਦੀ ਲੋੜ ਸੀ। ਇਨਕਲਾਬੀਆਂ ਨੇ ਕਚਹਿਰੀ ਵਿੱਚ ਵੀ ਆਪਣੀਆਂ ਗਤੀਵਿਧੀਆਂ ਜਾਰੀ ਰੱਖੀਆਂ, ਟ੍ਰਿਬਿਊਨਲ ਨੇ ਕਚਹਿਰੀ ਵਿੱਚ ਦਾਖਲ ਹੋਣ ਸਮੇਂ ਨਾਅਰੇ ਲਾਉਂਣ ਤੇ ਪਾਬੰਦੀ ਲਗਾ ਦਿੱਤੀ। ਪਰ ਇਨਕਲਾਬੀ ਲਗਾਤਾਰ ਨਾਅਰੇ ਲਾਉਂਦੇ, ਉਨ੍ਹਾਂ ਨੂੰ ਹਥਕੜੀਆਂ ਲਗਾਈਆਂ ਜਾਂਦੀਆ ਅਤੇ ਲਾਠੀਆਂ ਅਤੇ ਡੰਡਿਆਂ ਨਾਲ ਕੁੱਟਮਾਰ ਕੀਤੀ ਜਾਂਦੀ, ਜਿਸ ਨਾਲ ਬਹੁਤ ਸਾਰੇ ਇਨਕਲਾਬੀ ਜਖਮੀ ਹੋ ਜਾਂਦੇ।[8] **ਇਹ ਮੁਕੱਦਮਾ ਪੰਜ ਮਹੀਨੇ ਚਲਦਾ ਰਿਹਾ। ਅਕਤੂਬਰ 1930 ਵਿੱਚ ਫੈਸਲਾ ਸੁਣਾਇਆ ਗਿਆ। ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ ਨੂੰ ਮੌਤ ਦੀ ਸਜ਼ਾ ਹੋਈ।** ਸੱਤਾਂ ਨੂੰ ਉਮਰ ਭਰ ਲਈ ਦੇਸ਼ ਨਿਕਾਲਾ ਅਤੇ ਦੂਸਰਿਆਂ ਨੂੰ ਲੰਮੀ ਕੈਦ ਦੀਆ ਸਜ਼ਾਵਾਂ ਹੋਈਆਂ। ਸਾਰਾ ਦੇਸ਼ ਇਨ੍ਹਾਂ ਬਹਾਦਰਾਂ ਦੇ ਹੱਕ ਵਿੱਚ ਆ ਕੇ ਖੜਾ ਹੋ ਗਿਆ। 17 ਫਰਵਰੀ ਨੂੰ ਸਾਰੇ ਸੂਬੇ ਵਿੱਚ ਭਗਤ ਸਿੰਘ ਦਿਨ ਮਨਾਇਆ ਗਿਆ। ਜਲੂਸ ਕੱਢੇ ਗਏ ਅਤੇ ਹਿੰਦੁਸਤਾਨ ਦੀ ਅਜ਼ਾਦੀ ਲਈ ਜੂਝ ਰਹੇ ਬਹਾਦਰਾਂ ਦੀਆਂ ਜਾਨਾ ਬਚਾਉਣ ਲਈ ਯਤਨ ਕੀਤੇ ਗਏ। ਡਾਕਟਰ ਸੱਤਿਆਪਾਲ ਨੇ ਭਗਤ ਸਿੰਘ ਦੀ ਬਹਾਦਰੀ ਦੀ ਸਰਾਹਣਾ ਕੀਤੀ ਅਤੇ ਕਿਹਾ, "ਇਹ ਲੋਕ ਆਪਣੇ ਹੌਸਲੇ ਅਤੇ ਸਿਰੜ ਨਾਲ ਜ਼ਿੰਦਗੀ ਅਤੇ ਮੌਤ ਵਿੱਚ ਖਾਈ ਪੂਰਦੇ ਹਨ।" ਸੁਭਾਸ਼ ਚੰਦਰ ਬੋਸ ਨੇ ਭਗਤ ਸਿੰਘ ਜ਼ਿੰਦਾਬਾਦ ਅਤੇ ਇਨਕਲਾਬ ਜ਼ਿੰਦਾਬਾਦ ਦੇ ਨਾਰੇ ਲਾਏ।[9] ਸਜ਼ਾ ਦੇ ਐਲਾਨ ਤੋਂ ਫੌਰਨ ਬਾਅਦ ਦੇਸ਼ ਵਿਆਪੀ ਹੜਤਾਲਾਂ ਹੋਣ ਲੱਗ ਪਈਆਂ। ਹਾਲਾਂਕਿ ਅਦਾਲਤ ਨੇ ਫਾਂਸੀ ਦੇਣ ਲਈ

24 ਮਾਰਚ 1931 ਦਾ ਦਿਨ ਨਿਸਚਿਤ ਕੀਤਾ ਸੀ, ਪਰ ਲਾਹੌਰ ਦੀ ਜਨਤਾ ਨੇ ਖਬਰ ਮਿਲਦੇ ਸਾਰ ਹੀ 23 ਮਾਰਚ ਸ਼ਾਮ ਨੂੰ ਲਾਹੌਰ ਸੈਂਟਰਲ ਜੇਲ੍ਹ ਨੂੰ ਘੇਰਾ ਪਾ ਲਿਆ। ਸਰਕਾਰ ਨੂੰ ਖਤਰਾ ਪੈਦਾ ਹੋ ਗਿਆ ਕਿ ਜਨਤਕ ਵਿਦਰੋਹ ਨਾ ਹੋ ਜਾਵੇ। ਇਸ ਲਈ ਸਰਕਾਰ ਨੇ 24 ਮਾਰਚ ਦੀ ਸਵੇਰ ਦਾ ਸਮਾਂ ਬਦਲ ਕੇ 23 ਮਾਰਚ ਦੀ ਸ਼ਾਮ ਨੂੰ ਹੀ ਹਨੇਰੇ ਵਿੱਚ ਉਨ੍ਹਾਂ ਨੂੰ ਫਾਂਸੀ ਦੇ ਦਿੱਤੀ ਅਤੇ ਉਨ੍ਹਾਂ ਦੀਆਂ ਦੇਹਾਂ ਨੂੰ ਪਿਛਲੇ ਦਰਵਾਜ਼ੇ ਰਾਹੀਂ ਚੋਰੀ ਛਿਪੇ ਲਿਜਾ ਕੇ ਉਨ੍ਹਾਂ ਦਾ ਸੰਸਕਾਰ ਸਤਲੁੱਜ ਦੇ ਕੰਢੇ ਕਰ ਦਿੱਤਾ। ਪਰ ਦੂਜੇ ਦਿਨ ਲੋਕਾਂ ਦੇ ਹਜੂਮ ਨੇ ਉਨ੍ਹਾਂ ਦੀਆਂ ਅੱਧਜਲੀਆਂ ਲਾਸ਼ਾਂ ਲੱਭ ਲਈਆਂ ਅਤੇ ਉਨ੍ਹਾਂ ਦਾ ਸੰਸਕਾਰ ਪੂਰਨ ਰੀਤਾਂ ਨਾਲ ਹੁਸੈਨੀਵਾਲਾ ਵਿਖੇ ਕੀਤਾ। ਭਾਵੇਂ ਉਹ ਸ਼ਹੀਦ ਹੋ ਗਏ ਪਰ ਸਦਾ ਲਈ ਭਾਰਤੀਆਂ ਦੇ ਦਿਲਾਂ ਵਿੱਚ ਵਸ ਗਏ। ਬਾਵੇਂ ਅਜ਼ਾਦੀ ਦੇ ਅੰਦੋਲਨ ਵਿੱਚ ਬਹੁਤ ਸਾਰੇ ਵਿਅਕਤੀਆਂ ਦੀਆਂ ਸ਼ਹੀਦੀਆਂ ਹੋਈਆਂ, ਪਰ ਭਗਤ ਸਿੰਘ ਅਤੇ ਉਸਦੇ ਸਾਥੀਆਂ ਦੀਆਂ ਸ਼ਹੀਦੀਆਂ ਸਦਾ ਯਾਦ ਰੱਖਣ ਵਾਲੀਆਂ ਹਨ।

ਭਗਤ ਸਿੰਘ ਦੀ ਸ਼ਹਾਦਤ ਨਾਲ ਦੇਸ਼ ਦੀ ਅਜ਼ਾਦੀ ਦੀ ਲਹਿਰ ਨੂੰ ਹੋਰ ਹੁਲਾਰਾ ਮਿਲਿਆ ਉਸ ਵੱਲੋਂ ਦਿੱਤੇ ਗਏ ਨਾਅਰੇ ਇਨਕਲਾਬ ਜਿੰਦਾਬਾਦ ਨੂੰ ਲੋਕਾਂ ਨੂੰ ਦੇਸ਼ ਅਜ਼ਾਦ ਹੋਣ ਤੱਕ ਜਾਰੀ ਰੱਖਿਆ। ਭਗਤ ਸਿੰਘ ਦਾ ਕੱਦ ਇਤਨਾ ਜਿਆਦਾ ਉੱਚਾ ਹੋ ਗਿਆ ਕਿ ਹਰ ਕੋਈ ਉਸ ਨਾਲ ਜੁੜਨਾ ਚਾਹੁੰਦਾ ਹੈ। ਪੰਜਾਬ ਵਿੱਚ ਉਸਨੂੰ ਬਹੁਤ ਮਾਨ ਸਨਮਾਨ ਮਿਲਿਆ। ਭਗਤ ਸਿੰਘ ਦੀਆ ਲਿਖਤਾਂ ਤੋਂ ਸਪਸ਼ਟ ਹੁੰਦਾ ਹੈ ਕਿ ਉਹ ਇੱਕ ਵੱਡਾ ਵਿਦਵਾਨ ਵੀ ਸੀ ਅਤੇ ਉਸ ਕੋਲ ਦੂਰ ਦ੍ਰਿਸ਼ਟੀ ਵੀ ਸੀ। ਉਸਦੀਆਂ ਜੇਲ੍ਹ ਵਿੱਚੋਂ ਲਿਖੀਆਂ ਚਿੱਠੀਆਂ ਵਿੱਚ ਆਪਣੇ ਮਿੱਤਰਾਂ ਨੂੰ ਇਹੋ ਸੁਨੇਹੇ ਹੁੰਦੇ ਸਨ ਕਿ ਉਸਨੂੰ ਪੜ੍ਹਨ ਲਈ ਹੋਰ ਕਿਤਾਬਾਂ ਭੇਜੀਆਂ ਜਾਂਣ। ਪਾਕਿਸਤਾਨ ਦੇ ਇਮਤਿਆਜ਼ ਕੁਰੈਸ਼ੀ ਜੋ ਭਗਤ ਸਿੰਘ ਮੈਮੋਰੀਅਲ ਟਰੱਸਟ ਦੇ ਮੈਂਬਰ ਸਨ ਨੇ ਲਾਹੌਰ ਪੁਲਿਸ ਤੋਂ ਐਫ ਆਈ ਆਰ ਦੀ ਕਾਪੀ ਮੰਗੀ ਜਿਸ ਵਿੱਚ ਇਹ ਜਾਣਕਾਰੀ ਮਿਲੀ ਹੈ ਕਿ ਉਸ ਐਫ ਆਈ ਆਰ ਵਿੱਚ ਭਗਤ ਸਿੰਘ ਦਾ ਨਾਮ ਹੀ ਨਹੀਂ ਸੀ। ਅੰਗਰੇਜ਼ਾਂ ਨੇ ਸਿਰਫ ਆਪਣਾ ਸ਼ਾਮਰਾਜ ਬਚਾਉਣ ਲਈ ਇੱਕ ਦੇਸ਼ ਭਗਤ ਵਿਅਕਤੀ ਨੂੰ ਫਾਂਸੀ ਦੇ ਦਿੱਤੀ। ਪਰ ਬੜੇ ਅਫਸੋਸ ਦੀ ਗੱਲ ਹੈ ਅੱਜ ਵੀ ਭਾਰਤ ਸਰਕਾਰ ਦੇ ਰਿਕਾਰਡ ਵਿੱਚ ਭਗਤ ਸਿੰਘ ਨੂੰ ਸ਼ਹੀਦ ਦਾ ਦਰਜ਼ਾ ਨਹੀਂ ਮਿਲਿਆ ਹੈ। ਪਰ ਭਗਤ ਸਿੰਘ ਇੱਕ ਰਾਸ਼ਟਰਵਾਦੀ ਅਤੇ ਨਾਇਕ ਸੀ ਜਿਸਨੇ ਦੇਸ਼ ਨੂੰ ਬੜਾ ਪ੍ਰਭਾਵਿਤ ਕੀਤਾ, ਜਿਸਨੂੰ ਦੇਸ਼ ਹਮੇਸ਼ਾ ਯਾਦ ਰੱਖੇਗਾ।

**References :**

1. Home Political File No. 130 & K. W
2. Ibid

3. Moti Lal Nehru, Voice of Freedom, Bombay 1961, p. 431
4. Freedom Unit Files, R-3-5/3, and R. III. Pb. III.
5. The Hindustan Social list Republican Association, Manifesto.
6. Ibid
7. Ajay Ghosh, Articles & Speeches, Moscow, 1962, 20.
8. Ibid, p. 24.
9. Home Political, File No. 4/12/31, 9.

## ਅਧਿਆਇ-12
# ਪੰਜਾਬ ਵਿੱਚ ਅਜ਼ਾਦੀ ਦਾ ਅੰਦੋਲਨ 1930-46

1849 ਤੋਂ ਹੀ ਪੰਜਾਬੀਆਂ ਨੇ ਅੰਗਰੇਜ਼ਾਂ ਦੀ ਗੁਲਾਮੀ ਸਵੀਕਾਰ ਨਾ ਕੀਤੀ, ਸਗੋਂ ਉਨ੍ਹਾਂ ਨੇ ਸੰਘਰਸ਼ ਜਾਰੀ ਰੱਖਿਆ, ਇਸੇ ਕੜੀ ਵਿੱਚ ਪੰਜਾਬ ਵਿੱਚ ਕਾਂਗਰਸ ਦੁਆਰਾ **ਪੂਰਨ ਅਜਾਂਦੀ ਦੀ ਮੰਗ ਰਾਵੀ ਦੇ ਕੰਢੇ ਲਾਹੌਰ ਵਿੱਚ 31 ਦਸੰਬਰ 1929 ਨੂੰ ਕੀਤੀ**। ਅਸਲ ਵਿੱਚ ਰੋਸ ਫੈਲਿਆ ਹੋਇਆ ਸੀ ਜਿਸ ਦਾ ਲਾਭ ਉਠਾਉਣ ਲਈ ਕਾਂਗਰਸ ਨੇ ਦਸੰਬਰ 1929 ਨੂੰ ਅਧਿਵੇਸ਼ਨ ਲਾਹੌਰ ਵਿੱਚ ਰੱਖਿਆ। ਸੰਪੂਰਨ ਸਵਰਾਜ ਦਾ ਨਾਹਰਾ ਪੰਜਾਬੀਆਂ ਦੀ ਇਸ ਸਮੇਂ ਦੀ ਗੁੱਸੇ ਦੀ ਭਾਵਨਾਂ ਦਾ ਪ੍ਰਤੀਕ ਸੀ। ਇਸ ਦੀ ਪ੍ਰਾਪਤੀ ਲਈ ਸਿਵਲ ਨਾ ਫਰਮਾਨੀ ਲਹਿਰ 12 ਮਾਰਚ 1930 ਨੂੰ ਆਰੰਭ ਕੀਤੀ ਗਈ। ਇਸ ਲਹਿਰ ਦੇ ਸ਼ੁਰੂਆਤ ਵਿੱਚ ਹੀ 7000 ਪੰਜਾਬੀ ਜੇਲ੍ਹਾਂ ਵਿਚ ਗਏ। ਆਲ ਇੰਡੀਆਂ ਕਾਂਗਰਸ ਕਮੇਟੀ ਨੇ ਪੰਜਾਬ ਦੇ ਰੋਲ ਦੀ ਸਲਾਘਾ ਕਰਦੇ ਹੋਏ ਕਿਹਾ ਕਿ ਇਹ ਪ੍ਰਾਂਤ ਉਨ੍ਹਾਂ ਪੰਜ ਪ੍ਰਾਂਤਾ (ਬਿਹਾਰ, ਉੜੀਸਾ, ਬੰਗਾਲ, ਯੂ. ਪੀ. ਦੂਜੇ ਚਾਰ ਸਨ) ਵਿੱਚੋਂ ਇੱਕ ਸੀ ਜਿੱਥੇ 1930-31 ਲਹਿਰ ਨੂੰ ਦਬਾਉਣ ਲਈ ਸਰਕਾਰ ਨੇ ਸਭ ਤੋਂ ਵੱਧ ਸਜ਼ਾਂਵਾਂ ਦਿੱਤੀਆਂ ਸਨ।[1]

1932 ਦੇ ਫਿਰਕੂ ਫੈਸਲੇ ਨੇ ਪੰਜਾਬੀਆਂ ਨੂੰ ਨਿਰਾਸ਼ ਕੀਤਾ। ਪੰਜਾਬ ਵਿੱਚ ਅਕਾਲੀ ਵੀ ਫਿਰਕੂ ਫੈਸਲੇ ਦੇ ਵਿਰੁੱਧ ਸਨ। ਕਾਂਗਰਸ ਨੇ ਇਸ ਪ੍ਰਤੀ ਉਦਾਸੀਨ ਰਵੱਈਆਂ ਅਪਨਾਉਣ ਕਰਕੇ, ਪੰਜਾਬੀਆ ਦਾ ਕਾਂਗਰਸ ਤੋਂ ਵਿਸ਼ਵਾਸ ਉੱਠ ਗਿਆ।[2] ਇਸ ਦਾ ਅਸਰ ਪੰਜਾਬ ਵਿੱਚ ਸਿਵਲ ਨਾ ਫਰਮਾਨੀ ਲਹਿਰ ਦੇ ਦੂਜੇ ਪੜਾਂਵਾਂ ਤੇ ਬਹੁਤ ਮਾੜਾ ਪਿਆ। ਇਸ ਸਮੇਂ (ਫਰਵਰੀ 1932 ਤੋਂ ਮਈ 1934) ਦੌਰਾਨ ਸਾਰੇ ਹਿੰਦੁਸਤਾਨ ਨੇ 78581 ਗ੍ਰਿਫਤਾਰੀਆਂ ਦਿੱਤੀਆਂ। ਪਰ ਇਨ੍ਹਾਂ ਵਿੱਚ ਪੰਜਾਬ ਦਾ ਹਿੱਸਾ ਸਿਰਫ 1892 ਸੀ।[3] 1934 ਵਿੱਚ ਸਿਵਲ ਨਾ-ਮਿਲਵਰਤਨ ਲਹਿਰ ਨੂੰ ਸਥਗਿਤ ਕਰਨ, ਕਾਂਗਰਸ ਦੇ ਵਿਧਾਨ ਪਾਲਕਾਂਵਾਂ ਵਿੱਚ ਸ਼ਾਮਲ ਹੋਣ ਦੇ ਫੈਸਲੇ, 1935 ਦਾ ਐਕਟ ਪਾਸ ਹੋਣ ਅਤੇ ਬਾਅਦ ਵਿੱਚ 1937 ਦੇ ਆਰੰਭ ਵਿੱਚ ਚੋਣਾ ਹੋਣ ਨਾਲ ਹਿੰਦੁਸਤਾਨ ਦੀ ਅਜ਼ਾਦੀ ਦੇ ਸੰਵਿਧਾਨਿਕ ਘੋਲ ਦੇ ਇਤਿਹਾਸ ਵਿੱਚ ਇੱਕ ਨਵਾਂ ਅਧਿਆਇ ਜੁੜਿਆ। ਜਿੱਥੇ ਕਾਂਗਰਸ ਅੱਠਾਂ ਸੂਬਿਆਂ ਵਿੱਚ ਭਾਰੀ ਬਹੁਮਤ ਨਾਲ ਜਿੱਤੀ, ਜਵਾਹਰ ਲਾਲ ਨਹਿਰੂ ਅਤੇ ਹੋਰ ਪ੍ਰਮੁੱਖ ਨੇਤਾਂਵਾਂ ਦੇ ਬਾਰਾਂ ਜਿਲ੍ਹਿਆਂ ਦਾ ਤੂਫਾਂਨੀ ਦੌਰਾ ਕਰਨ ਦੇ ਬਾਵਜੂਦ, ਪੰਜਾਬ ਵਿੱਚ ਇਸ ਨੂੰ ਕੋਈ ਖਾਸ ਸਫਲਤਾ ਨਾ ਮਿਲੀ। ਯੂਨੀਅਨਿਸਟ ਪਾਰਟੀ ਨੂੰ ਪੰਜਾਬ ਵਿਧਾਨਪਾਲਿਕਾ ਵਿੱਚ ਬਹੁਸੰਮਤੀ ਪ੍ਰਾਪਤ ਹੋਈ ਅਤੇ ਸਰ ਸਿਕੰਦਰ ਹਯਾਤ ਖਾਂ ਮੁੱਖ ਮੰਤਰੀ ਬਣੇ। ਸਰਕਾਰ ਪ੍ਰਸਤ ਪਾਰਟੀਆਂ ਨੂੰ ਪੰਜਾਬ ਵਿੱਚ ਜਬਰਦਸਤ ਜਿੱਤ ਪ੍ਰਾਪਤ ਹੋਈ। ਕਾਂਗਰਸੀ ਸਰਕਾਰਾਂ ਨੇ ਤਾਂ ਇੰਡੀਅਨ

ਨੈਸ਼ਨਲ ਕਾਂਗਰਸ ਦੇ ਪ੍ਰੋਗਰਾਮ ਨੂੰ ਲਾਗੂ ਕਰਨ ਲਈ ਯੋਗ ਕਾਰਵਾਈ ਕਰਨੀ ਆਰੰਭ ਕਰ ਦਿੱਤੀ ਆਪਣੇ ਸੂਬਿਆਂ ਦੇ ਗਵਰਨਰਾਂ ਨਾਲ ਰਾਜਨੀਤਿਕ ਕੈਦੀਆਂ ਨੂੰ ਰਿਹਾ ਕਰਨ ਦੀ ਗੱਲ ਤੋਰੀ। ਪਰ ਪੰਜਾਬ ਵਿੱਚ ਲੋਕਰਾਏ ਦੇ ਦਬਾਉ ਅਤੇ ਕੈਦੀਆਂ ਵੱਲੋਂ ਜੇਲ੍ਹਾਂ ਵਿੱਚ ਕੀਤੀ ਜਾ ਰਹੀ ਜੱਦੋ-ਜਹਿਦ ਦੇ ਬਾਵਜੂਦ ਰਾਜਨੀਤਿਕ ਕੈਦੀਆਂ ਨੂੰ ਕੋਈ ਵੀ ਰਿਆਇਤ ਨਾ ਦਿੱਤੀ ਗਈ।

1939 ਨੂੰ ਦੂਸਰੀ ਸੰਸਾਰ ਜੰਗ ਛਿੜ ਗਈ। ਇਸ ਦੇ ਨਾਲ ਹੀ ਵਾਇਸਰਾਏ ਨੇ ਹਿੰਦੁਸਤਾਨ ਵੱਲੋਂ ਵੀ ਜੰਗ ਦਾ ਐਲਾਨ ਕਰ ਦਿੱਤਾ। ਪਰ ਵਾਇ੍ਸਰਾਏ ਵੱਲੋਂ ਹਿੰਦੁਸਤਾਨ ਦੇ ਨੁਮਾਇਉਂਦਿਆਂ ਨੂੰ ਬਿਨਾਂ ਪੁੱਛੇ ਐਲਾਨ ਤੋਂ ਕਾਂਗਰਸ ਪਾਰਟੀ ਨੇ ਨਰਾਜ਼ਗੀ ਜ਼ਾਹਿਰ ਕੀਤੀ। ਨਤੀਜੇ ਵੱਜੋਂ ਅੱਠਾਂ ਸੂਬਿਆਂ ਦੀਆਂ ਕਾਂਗਰਸੀ ਸਰਕਾਰਾਂ ਨੇ ਅਸਤੀਫੇ ਦਿੱਤੇ ਅਤੇ ਸਮੂਹਕ ਸਿਵਲ ਨਾ-ਮਿਵਰਤਨ ਦੀ ਥਾਂ ਵਿਅਕਤੀਗਤ ਸੱਤਿਆਗ੍ਰਹਿ ਦਾ ਸੱਦਾ ਦਿੱਤਾ। ਹਰੇਕ ਸੱਤਿਆਗ੍ਰਹਿ ਨੇ ਛੋਟੀ ਜਿਹੀ ਜੰਗ ਵਿਰੋਧੀ ਤਕਰੀਰ ਕਰਨ ਤੋਂ ਬਾਅਦ ਨਾਹਰਾ ਲਾਉਣਾ ਸੀ: ਜੰਗ ਵਾਸਤੇ ਨਾ ਕੋਈ ਪੈਸਾ ਦਿਓ, ਨਾ ਬੰਦਾ।[4] ਇਹ ਅੰਦੋਲਨ ਵੱਖ-ਵੱਖ ਚਰਨਾਂ ਵਿੱਚ ਚਲਾਇਆ ਗਿਆ ਅਤੇ ਕਾਂਗਰਸ ਦੇ ਉਪਰਲੇ ਅਹੁਦੇਦਾਰਾਂ ਤੋਂ ਲੈ ਕੇ ਛੋਟੇ ਮੈਂਬਰਾ ਤੱਕ ਨੇ ਆਪਣੀ ਵਾਰੀ ਸਿਰ ਗ੍ਰਿਫਤਾਰੀਆਂ ਦਿੱਤੀਆਂ। ਇਹ ਅੰਦੋਲਨ ਦਸੰਬਰ 1941 ਈ. ਤੱਕ ਚੱਲਿਆ। ਪੰਜਾਬ ਨੇ ਵੀ ਇਸ ਅੰਦੋਲਨ ਵਿੱਚ ਵੱਧ ਚੜ ਕੇ ਹਿੱਸਾ ਲਿਆ। ਦਸੰਬਰ 1940 ਈ. ਤੱਕ ਪੰਜਾਬ ਦੇ ਪ੍ਰਮੁੱਖ ਕਾਂਗਰਸੀ ਲੀਡਰਾਂ ਨੇ ਗਿਫਤਾਰੀ ਦੇ ਦਿੱਤੀ।[5] ਪੰਜਾਬ ਦੇ ਲੋਕਾਂ ਅਤੇ ਸਿੱਖ ਲੀਡਰਾਂ ਵੱਲੋਂ ਇਸ ਅੰਦੋਲਨ ਦੀ ਹਮਾਇਤ ਕੀਤੀ ਗਈ ਅਤੇ ਉਨ੍ਹਾਂ ਨੇ ਗ੍ਰਿਫਤਾਰੀਆ ਵੀ ਦਿੱਤੀਆਂ। ਭਾਵੇਂ ਮਾਸਟਰ ਤਾਰਾ ਸਿੰਘ ਨੂੰ ਸਤੰਬਰ 1940 ਈ. ਦੇ ਸ਼ੁਰੂ ਵਿੱਚ ਕਾਂਗਰਸ ਤੇ ਅਸਤੀਫਾ ਦੇਣਾ ਪਿਆ, ਕਿਉਂਕਿ ਉਹ ਸਿੱਖਾਂ ਦੀ ਫ਼ੌਜ਼ ਵਿੱਚ ਭਰਤੀ ਦੇ ਹੱਕ ਵਿੱਚ ਸਨ।[6] ਪਰੰਤੂ ਉਨ੍ਹਾਂ ਨੇ ਆਪਣੇ ਅਨੁਯਾਈਆਂ ਨੂੰ ਕਾਂਗਰਸ ਛੱਡਣ ਲਈ ਨਾ ਆਖਿਆ। ਨਤੀਜ਼ੇ ਵੱਜੋਂ 16 ਫਰਬਰੀ 1941 ਈ. ਨੂੰ ਹੋਈ ਸਰਵ ਭਾਰਤੀ ਅਕਾਲੀ ਕਾਨਫਰੰਸ ਵਿੱਚ, ਜਿਸ ਵਿੱਚ ਇੱਕ ਲੱਖ ਤੋਂ ਵੱਧ ਸਿੱਖਾਂ ਨੇ ਭਾਗ ਲਿਆ, ਉਨ੍ਹਾਂ ਸਿੱਖਾਂ ਦੀ ਸਲਾਘਾ ਕੀਤੀ ਗਈ, ਜਿਨ੍ਹਾਂ ਨੇ ਇਸ ਅੰਦੋਲਨ ਦੇ ਦੌਰਾਨ ਗ੍ਰਿਫਤਾਰੀਆ ਦਿੱਤੀਆਂ ਸਨ, ਨਾਲ ਇਹ ਵੀ ਪ੍ਰਸਤਾਵ ਪਾਸ ਕੀਤਾ ਗਿਆ ਕਿ ਸਿੱਖ ਅਜ਼ਾਂਦੀ ਦੇ ਇਸ ਅੰਦੋਲਨ ਵਿੱਚ ਪਹਿਲਾਂ ਨਾਲੋਂ ਵੀ ਵੱਧ ਹਿੱਸਾ ਲੈਣਗੇ। ਇਸ ਤਰ੍ਹਾਂ ਮੁਸਲਮਾਨਾਂ ਵਿੱਚ ਅਹਿਰਾਰ ਲੀਡਰਾਂ ਨੇ ਇਸ ਅੰਦੋਲਨ ਦੀ ਹਮਾਇਤ ਕੀਤੀ।[7]

ਫਰਵਰੀ 1941 ਈ. ਵਿੱਚ ਤਾਂ ਪੰਜਾਬ ਭਰ ਵਿੱਚੋਂ ਗ੍ਰਿਫਤਾਰੀਆਂ ਦੇਣ ਦੀਆਂ ਖਬਰਾਂ ਆ ਰਹੀਆਂ ਸਨ। ਕਈ ਵਾਰੀ ਹਜ਼ਾਰਾਂ ਲੋਕ ਸੱਭਿਆਗ੍ਰਹੀਆਂ ਨੂੰ ਹੱਲਾ-ਸ਼ੇਰੀ ਦੇਣ ਲਈ ਇਕੱਠੇ ਹੋ ਜਾਂਦੇ ਹਨ।[8] ਪੰਜਾਬੀ ਕਿਰਸਾਨੀ ਇਨਕਲਾਬੀ ਸੰਘਰਸ਼ ਸਮੇਂ ਪਹਿਲੀਆਂ ਕਤਾਰਾਂ ਵਿੱਚ ਸ਼ਾਮਲ ਹੋਈ ਸੀ। ਇਸ ਤੋਂ ਇਲਾਵਾ ਲੀਡਰ ਉਨ੍ਹਾਂ ਨੂੰ ਸਦਾ ਇਹੀ ਕਹਿੰਦੇ ਆਏ ਸਨ ਕਿ ਭਵਿੱਖ ਦੀ ਕਿਸੇ ਲੜਾਈ ਵਿੱਚ ਬਰਤਾਨੀਆਂ ਦੀ ਸਹਾਇਤਾ ਨਹੀਂ ਕਰਨੀ। ਇਹੋ ਕਾਰਨ ਸੀ ਕਿ ਬਹੁਤੇ ਲੋਕ ਫ਼ੌਜ਼ ਵਿੱਚ ਭਰਤੀ ਹੋਣ

ਤੋਂ ਮੁਨਕਰ ਸਨ। ਕੁਝ ਫੌਜੀਆਂ ਨੇ ਵੀ ਆਪਣੇ ਗੁੱਸੇ ਦਾ ਇਜ਼ਹਾਰ ਕੀਤਾ। ਕੇਦਰੀ ਹਿੰਦੁਸਤਾਨੀ ਘੋੜਸਵਾਰਾਂ ਦੇ ਇਕ ਸਿੱਖ ਨੌਜ਼ਵਾਨਾਂ ਦੇ ਸੁਕੈਡਰਨ ਨੇ ਸਾਮਰਾਜ ਦੀ ਰੱਖਿਆਂ ਲਈ ਸਮੁੰਦਰੋਂ ਪਾਰ ਜਾਣ ਤੋਂ ਨਾਂਹ ਕਰ ਦਿੱਤੀ। ਪੰਜਾਬ ਰੈਜੀਮੈਂਟ ਦੇ ਕੁਝ ਸਿੱਖ ਰੈਜੀਮੈਂਟ ਹੀ ਛੱਡ ਗਏ ਅਤੇ ਅਫਰੀਕਾ ਸਥਿਤ ਰਾਇਲ ਇੰਡੀਅਨ ਸਪਲਾਈ ਕਾਰਪਸ ਨੇ "ਇਹ ਕਹਿ ਕੇ ਭਾਰ ਲੱਦਣ ਤੋਂ ਇਨਕਾਰ ਕਰ ਦਿੱਤਾ ਕਿ ਉਹ ਕੁਲੀ ਨਹੀਂ ਹਨ।"

ਭਾਵੇਂ ਸਰਕਾਰ ਪੱਖੀ ਪਾਰਟੀਆਂ ਅੰਗਰੇਜ਼ੀ ਸਾਮਰਾਜ ਨੂੰ ਬਿਨਾਂ ਸ਼ਰਤ ਪੈਸੇ ਅਤੇ ਬੰਦਿਆਂ ਦੀ ਮਦਦ ਦੇ ਰਹੀਆਂ ਸਨ, ਫਿਰ ਵੀ ਦੇਸ਼ ਦੇ 25000 ਸੱਤਿਆਗ੍ਰਹੀਆਂ ਦੇ ਮੁਕਾਬਲੇ ਜਿਨ੍ਹਾਂ ਨੂੰ ਇਸ ਅੰਦੋਲਨ ਦੌਰਾਨ ਸਜ਼ਾਵਾਂ ਦਿੱਤੀਆਂ ਗਈਆਂ 1372 ਪੰਜਾਬੀ ਸਨ।[9] 1940 ਈ. ਵਿੱਚ ਮੁਸਲਿਮ ਲੀਗ ਨੇ ਪ੍ਰਭੁਸੱਤਾ ਸੰਪਨ ਪਾਕਿਸਤਾਨ ਦੀ ਮੰਗ ਦਾ ਪ੍ਰਸਤਾਵ ਪਾਸ ਕਰ ਦਿੱਤਾ ਸੀ। ਇਸ ਦਾ ਪੰਜਾਬ ਉੱਤੇ ਖਾਸ ਪ੍ਰਭਾਵ ਪਿਆ ਕਿਉਂਕਿ ਇੱਥੇ ਮੁਸਲਮਾਨ ਜਿਆਦਾ ਗਿਣਤੀ ਵਿੱਚ ਸਨ। ਇਸ ਤੋਂ ਬਾਅਦ ਆਮ ਤੌਰ ਤੇ ਮੁਸਲਮਾਨ ਕਾਂਗਰਸ ਤੋਂ ਦੂਰ ਜਾਣ ਲੱਗੇ।[10] **3 ਮਾਰਚ 1940 ਕੈਕਸ਼ਟਨ ਹਾਲ, ਲੰਡਨ ਵਿੱਚ, ਊਧਮ ਸਿੰਘ ਨਾਂ ਦੇ ਇੱਕ ਸਿੱਖ ਨੇ ਪੰਜਾਬ ਦੇ ਭੂਤ ਪੂਰਵ 'ਲੈਫਟੀਨੈਂਟ ਗਵਰਨਰ ਮਾਈਕਲ ਓਡਵਾਇਰ ਦੀ ਹੱਤਿਆ ਕਰ ਦਿੱਤੀ। ਓਡਵਾਇਰ ਜਨਰਲ ਡਾਇਰ ਦਾ ਪੱਕਾ ਹਾਮੀ ਸੀ। 30 ਜੂਨ ਨੂੰ ਉਸ ਨੂੰ ਮੌਤ ਦੀ ਸਜ਼ਾ ਦਿੱਤੀ ਗਈ ਅਤੇ 31 ਜੁਲਾਈ 1941 ਨੂੰ ਫਾਂਸੀ ਲਾ ਦਿੱਤਾ ਗਿਆ।** ਪੰਜਾਬ ਦੇ ਇਸ ਬਹਾਦਰ ਸਪੂਤ ਨੇ ਆਪਣੇ ਵੀਹ ਸਾਲ ਪਹਿਲਾਂ ਬਣਾਏ ਇਰਾਦੇ ਨੂੰ ਅਮਲੀ ਰੂਪ ਦਿੱਤਾ ਅਤੇ ਉਹ ਬਹਾਦਰਾਂ ਦੀ ਮੌਤ ਮਰਿਆ। ਇਨ੍ਹਾਂ ਸਾਲਾਂ ਵਿੱਚ ਘਟਨਾਵਾਂ ਬਹੁਤ ਤੇਜ਼ੀ ਨਾਲ ਵਾਪਰ ਰਹੀਆਂ ਸਨ।

ਮਿੱਤਰ ਰਾਸ਼ਟਰਾਂ ਦੀ ਹਾਲਤ ਯੁੱਧ ਦੇ ਖੇਤਰ ਵਿੱਚ ਜਿਆਦਾ ਅੱਛੀ ਨਹੀਂ ਸੀ, ਸੋ ਇੰਗਲੈਂਡ ਸਰਕਾਰ ਤੇ ਦਬਾਓ ਸੀ ਕਿ ਉਹ ਹਿੰਦੁਸਤਾਨ ਦੀ ਸਮੱਸਿਆ ਦਾ ਹੱਲ ਲੱਭੇ ਤਾਂ ਜੋ ਹਿੰਦੁਸਤਾਨ ਯੁੱਧ ਵਿੱਚ ਮਿੱਤਰ ਰਾਸ਼ਟਰਾਂ ਦੀ ਮਦਦ ਕਰੇ। ਬ੍ਰਿਟਿਸ਼ ਸਰਕਾਰ ਨੇ ਕ੍ਰਿਪਸ ਮਿਸ਼ਨ 1942 ਨੂੰ ਭਾਰਤ ਭੇਜਿਆ, ਭਾਵੇਂ ਇਸਦੀ ਘੋਸ਼ਣਾ ਪੱਤਰ ਭਵਿੱਖ ਵਿੱਚ ਭਾਰਤ ਦੀ ਅਜ਼ਾਦੀ ਦਾ ਦਾਅਵਾ ਤਾਂ ਕਰਦਾ ਸੀ, ਪਰ ਇਸ ਵਿੱਚ ਦੇਸ਼ ਦੀ ਵੰਡ ਦੇ ਬੀਜ਼ ਵੀ ਸਨ। ਕਾਂਗਰਸ ਸਮੇਤ ਜਿਆਦਾਤਰ ਪਾਰਟੀਆ ਨੇ ਇਸ ਨੂੰ ਸਵੀਕਾਰ ਨਹੀਂ ਕੀਤਾ ਸੋ ਕ੍ਰਿਪਸ ਮਿਸ਼ਨ ਫੇਲ ਹੋ ਗਿਆ, ਪਰ ਜਪਾਨੀ ਖ਼ਤਰਾ ਦਿਨੋ-ਦਿਨ ਵੱਧ ਰਿਹਾ ਸੀ।

ਕਾਂਗਰਸ ਵਰਕਿੰਗ ਕਮੇਟੀ ਨੇ 14 ਜੁਲਾਈ ਨੂੰ ਭਾਰਤ ਛੱਡੋ ਦਾ ਮਤਾ ਪਾਸ ਕਰ ਦਿੱਤਾ। ਇਸ ਵਿੱਚ ਅੰਗਰੇਜ਼ੀ ਸਰਕਾਰ ਨੂੰ ਕਿਹਾ ਗਿਆ ਕਿ ਉਹ ਭਾਰਤ ਤੋਂ ਚਲੇ ਜਾਣ। ਜੇ ਉਨ੍ਹਾਂ ਨੇ ਅਜਿਹਾ ਨਾ ਕੀਤਾ ਤਾਂ ਇਸ ਉਦੇਸ਼ ਦੀ ਪ੍ਰਾਪਤੀ ਲਈ ਮਹਾਤਮਾ ਗਾਂਧੀ ਦੀ ਅਗਵਾਈ ਹੇਠ ਅਹਿੰਸਾਤਮਕ ਲੋਕ ਲਹਿਰ ਚਲਾਈ ਜਾਵੇਗੀ। ਇਸ ਪ੍ਰਸਤਾਵ ਦੀ ਪੁਸਟੀ ਆਲ ਇੰਡੀਆਂ ਕਾਂਗਰਸ ਕਮੇਟੀ ਨੇ 8 ਅਗਸਤ 1942 ਈ. ਨੂੰ ਕਰ ਦਿੱਤੀ ਸਿਰਫ ਕੁਝ ਕਮਿਊਨਿਸਟ ਮੈਂਬਰਾਂ ਨੇ ਹੀ ਵਿਰੋਧ ਕੀਤਾ। 8 ਅਗਸਤ ਨੂੰ

ਗਾਂਧੀ ਜੀ ਨੇ ਆਪਣੇ ਭਾਸ਼ਣ ਵਿੱਚ ਕਿਹਾ ਕਿ ਇਸ ਲਹਿਰ ਦੁਆਰਾ ਅਸੀਂ ਜਾਂ ਤਾਂ ਭਾਰਤ ਨੂੰ ਆਜ਼ਾਦ ਕਰਵਾ ਲਵਾਂਗੇ ਜਾਂ ਖੁਦ ਇਸ ਲਈ ਮਰ ਮਿਟਾਂਗੇ।[11]

ਸਰਕਾਰ ਨੇ ਇਸ ਲਹਿਰ ਵਿਰੁੱਧ ਤੁਰੰਤ ਕਦਮ ਚੁੱਕੇ। 9 ਅਗਸਤ ਨੂੰ ਸੂਰਜ ਨਿਕਲਣ ਤੋਂ ਪਹਿਲਾ ਪਹਿਲਾਂ ਹੀ ਮਹਾਤਮਾ ਗਾਂਧੀ ਅਤੇ ਆਲ ਇੰਡੀਆਂ ਕਾਂਗਰਸ ਕਮੇਟੀ ਦੇ ਮੈਬਰ ਗ੍ਰਿਫਤਾਰ ਕਰ ਲਏ ਗਏ। ਪੰਜਾਬ ਵਿੱਚ ਇਕ ਜਗ੍ਹਾ ਵਿਸਫੋਟਕ ਸਮੱਗਰੀ ਪਕੜੀ ਗਈ। ਅਜਿਹੀਆਂ ਕਾਰਵਾਈਆਂ ਭਾਵੇਂ ਦਸੰਬਰ 1943 ਈ. ਤੱਕ ਚਲਦੀਆਂ ਰਹੀਆਂ ਪਰ ਬਹੁਤਾ ਜੋਰ ਨਵੰਬਰ 1942 ਈ. ਤਕ ਹੀ ਰਿਹਾ। ਭੰਨ ਤੋੜ ਦੀਆਂ ਕਾਰਵਾਈਆਂ ਦਾ ਬਹੁਤਾ ਜੋਰ ਬੰਬਈ, ਬਿਹਾਰ, ਯੂ. ਪੀ, ਸੀ. ਪੀ. ਬੰਗਾਲ, ਮਦਰਾਸ, ਦਿੱਲੀ ਤੇ ਉੜੀਸਾ ਵਿੱਚ ਦਿਖਾਈ ਦਿੱਤਾ। ਅਸਾਮ ਵਿੱਚ ਕੁਝ ਘੱਟ ਸੀ। ਉਸ ਤੋਂ ਘੱਟ ਉਤਰ ਪੱਛਮੀ ਸਰਹੱਦੀ ਸੂਬੇ ਵਿੱਚ। ਪਰ ਪੰਜਾਬ ਅਤੇ ਸਿੰਧ ਵਿੱਚ ਇਹ ਜ਼ੋਰ ਬਿਲਕੁਲ ਹੀ ਘੱਟ ਸੀ। ਸਰਕਾਰੀ ਕਿਰਾਡ ਮੁਤਾਬਕ ਸਾਰੇ ਦੇਸ਼ ਵਿੱਚ 601 ਵਾਰ ਪੁਲਿਸ ਫਾਈਰਿੰਗ ਹੋਈ, 763 ਬੰਦਿਆਂ ਨੂੰ ਗੰਭੀਰ ਅਤੇ 1941 ਨੂੰ ਮਾਮੂਲੀ ਚੋਟਾ ਆਈਆਂ। ਪੰਜਾਬ ਵਿੱਚ ਸਿਰਫ ਇਕ ਜਗ੍ਹਾ ਗੋਲੀ ਚੱਲੀ ਅਤੇ ਕੋਈ ਜ਼ਖਮੀ ਨਹੀਂ ਹੋਇਆਂ। ਹੋਰ ਪ੍ਰਾਂਤਾਂ ਵਾਂਗ ਪੰਜਾਬ ਵਿੱਚ ਵੀ ਜਲਸੇ, ਜਲੂਸਾਂ ਅਤੇ ਕਾਂਗਰਸੀ ਜਥੇਬੰਦੀ ਅਤੇ ਇਸ ਦੇ ਵਰਕਰਾਂ ਉੱਤੇ ਲਹਿਰ ਸ਼ੁਰੂ ਹੁੰਦੇ ਹੀ ਪਾਬੰਦੀ ਲੱਗ ਗਈ ਸੀ। ਇੱਥੋਂ ਤੱਕ ਕਿ ਇਕੱਲੇ ਆਦਮੀ ਨੂੰ ਵੀ ਨਾਹਰਾ ਨਹੀਂ ਸੀ ਲਗਾਉਣ ਦਿੱਤਾ ਜਾਂਦਾ। ਪਰ ਫਿਰ ਵੀ ਪੰਜਾਬ ਵਿੱਚ ਵੱਖ-ਵੱਖ ਥਾਂਵਾਂ ਤੇ ਜਲੂਸ ਕੱਢੇ ਗਏ। ਕਾਂਗਰਸੀ ਲੀਡਰਾਂ ਦੀ ਗ੍ਰਿਫਤਾਰੀ ਦੇ ਖਿਲਾਫ ਹੜਤਾਲਾ ਕੀਤੀਆਂ ਗਈਆਂ ਅਤੇ ਭਾਰਤ ਛੱਡੋ ਦੇ ਨਾਹਰੇ ਲਗਾਏ ਗਏ। 9 ਅਗਸਤ ਨੂੰ ਲਾਹੌਰ ਅਤੇ ਅੰਮ੍ਰਿਤਸਰ ਵਿੱਚ ਪਬਲਿਕ ਮੀਟਿੰਗਾਂ ਹੋਈਆਂ ਅੰਮ੍ਰਿਤਸਰ ਵਿੱਚ ਤਾਂ 12 ਅਗਸਤ ਤੱਕ ਹੜਤਾਲਾਂ ਕੀਤੀਆਂ ਗਈਆਂ।[12] ਅਮ੍ਰਿਤਸਰ ਵਿੱਚ ਕਈ ਦਿਨਾਂ ਤਕ ਦੋ ਵਲੰਟੀਅਰਾਂ ਜਿਨ੍ਹਾਂ ਵਿੱਚੋਂ ਇਕ ਅਕਾਲੀ ਹੁੰਦਾ ਸੀ, ਰੋਜ਼ ਗ੍ਰਿਫਤਾਰੀ ਦਿੰਦੇ ਰਹੇ। ਲਾਹੌਰ ਵਿੱਚ ਵੀ ਵਲੰਟੀਅਰ ਮੁਜ਼ਾਹਰੇ ਕਰਦੇ ਰਹੇ ਅਤੇ ਗ੍ਰਿਫਤਾਰੀਆ ਦਿੰਦੇ ਰਹੇ।[13] 12 ਅਤੇ 14 ਅਗਸਤ ਨੂੰ ਜਲ੍ਹਿਆਵਾਲੇ ਬਾਗ ਵਿੱਚ ਪੁਲਿਸ ਦੇ ਪੂਰੇ ਬੰਦੋਬਸਤ ਅਤੇ ਲੀਡਰਾਂ ਨੂੰ ਗ੍ਰਿਫਤਾਰ ਕਰਨ ਦੇ ਬਾਵਜੂਦ ਵੀ ਮੀਟਿੰਗਾਂ ਹੋਈ। ਇਸੇ ਪ੍ਰਕਾਰ ਬਟਾਲਾ ਵਿੱਚ ਕਾਂਗਰਸੀ ਵਰਕਰਾਂ ਨੇ ਸ਼ਹਿਰ ਵਿੱਚ ਮੁਜ਼ਾਹਰਾ ਕੀਤਾ ਅਤੇ ਨਾਅਰੇ ਲਾਏ। ਇਸ ਸਬੰਧ ਵਿੱਚ ਰਾਵਲਪਿੰਡੀ, ਜ਼ੇਹਲਮ, ਫਿਰੋਜ਼ਪੁਰ, ਗੁਰਦਾਸਪੁਰ, ਰੋਹਤਕ ਅਤੇ ਗੁੜਗਾਂਵਾਂ ਜ਼ਿਲਿਆਂ ਦੇ ਨਾ ਖਾਸ ਤੌਰ ਤੇ ਵਰਣਨਯੋਗ ਹਨ। ਸਰਕਾਰ ਦੀ ਖੁਸ਼ਕਿਸਮਤੀ ਨੂੰ ਛੁੱਟੀਆਂ ਕਾਰਣ ਲਾਹੌਰ ਦੇ ਅੰਮ੍ਰਿਤਸਰ ਦੇ ਕਾਲਜ਼ ਬੰਦ ਸਨ। ਜਦੋਂ ਸਤੰਬਰ 1942 ਵਿੱਚ ਕਾਲਜ਼ ਖੁੱਲੇ ਤਾਂ ਲਾਹੌਰ ਵਿੱਚ ਸਨਾਤਮ ਧਰਮ, ਡੀ. ਏ. ਵੀ. ਦਿਆਲ ਸਿੰਘ ਅਤੇ ਸਿੱਖ ਨੈਸ਼ਨਲ ਕਾਲਜ ਅਤੇ ਅੰਮ੍ਰਿਤਸਰ ਵਿਖੇ ਖਾਲਸਾ ਅਤੇ ਹਿੰਦੂ ਕਾਲਜ਼ ਵਿੱਚ ਸਰਕਾਰੀ ਜ਼ਬਰ ਦੀ ਨੀਤੀ ਦੇ ਖਿਲਾਫ ਕਈ ਦਿਨ ਹੜਤਾਲਾਂ ਰਹੀਆਂ। ਇਨ੍ਹਾਂ ਕਾਲਜ਼ਾਂ ਦੇ ਮੈਦਾਨਾਵਿੱਚ ਵਿਦਿਆਰਥੀ ਹਰ ਰੋਜ਼ ਮੀਟਿੰਗਾਂ ਅਤੇ ਮੁਜ਼ਾਹਰੇ ਕਰਦੇ ਸਨ। ਕਈ ਵਾਰ ਉਹ ਜਲੂਸ

ਕੱਢਣ ਦਾ ਵੀ ਯਤਨ ਕਰਦੇ ਸਨ। ਪਰ ਆਮ ਤੌਰ ਤੇ ਪੁਲਿਸ ਉਨ੍ਹਾਂ ਨੂੰ ਖਿੰਡਾਉਣ ਵਿੱਚ ਕਾਮਯਾਬ ਹੋ ਜਾਂਦੀ। ਇਸ ਕਿਸਮ ਦੀਆਂ ਖਬਰਾਂ ਹੁਸ਼ਿਆਰਪੁਰ, ਲਾਇਪੁਰ, ਸਿਆਲਕੋਟ ਅਤੇ ਗੁਜ਼ਰਾਂਵਾਲਾਂ ਆਦਿ ਤੋਂ ਵੀ ਆਈਆਂ। ਵਿਦਿਆਰਥੀਆਂ ਨੂੰ ਡਰਾਉਣ ਲਈ ਪੰਜਾਬ ਐਜੂਕੇਸ਼ਨ ਕੋਡ ਵਿੱਚ ਤਰਮੀਮ ਕੀਤੀ ਗਈ। ਇਸ ਅਨੁਸਾਰ ਉਪਰੋਕਤ ਕਾਰਵਾਈਆਂ ਵਿੱਚ ਹਿੱਸਾਂ ਲੈਣ ਵਾਲੇ ਵਿਦਿਆਰਥੀਆਂ ਨੂੰ ਇੱਕ ਸਾਲ ਲਈ ਕਾਲਜ਼ ਤੋਂ ਕੱਢਿਆ ਜਾ ਸਕਦਾ ਸੀ, ਇਮਤਿਹਾਨ ਦੇਣ ਤੋਂ ਰੋਕਿਆ ਜਾ ਸਕਦਾ ਸੀ ਅਤੇ ਸਰਕਾਰੀ ਨੌਕਰੀਆਂ ਲਈ ਬਲੈਕ ਲਿਸਟ ਕੀਤਾ ਜਾ ਸਕਦਾ ਸੀ। ਪੈਫਲਟਾਂ ਅਤੇ ਪੋਸਟਰਾ ਰਾਹੀਂ ਵੀ ਇਸ ਅੰਦੋਲਨ ਬਾਰੇ ਪ੍ਰਾਪੇਗੰਡਾ ਕੀਤਾ ਗਿਆ। ਲਾਹੌਰ ਇਨ੍ਹਾਂ ਦੇ ਛਾਪਣ ਅਤੇ ਵੰਡਣ ਦਾ ਮਹੱਤਵਪੂਰਨ ਕੇਂਦਰ ਸੀ। ਭਾਵੇਂ ਸਰਕਾਰ ਨੇ ਨੇਤਾਵਾਂ ਨੂੰ ਅੰਦੋਲਨ ਦੇ ਸ਼ੁਰੂ ਵਿੱਚ ਹੀ ਗ੍ਰਿਫਤਾਰ ਕਰ ਲਿਆ ਸੀ ਪਰ ਫਿਰ ਵੀ ਪੰਜਾਬ ਨੇ ਦਸੰਬਰ 1942 ਈ. ਤੱਕ 2373 ਗ੍ਰਿਫਤਾਰੀਆ ਦਿੱਤੀਆਂ।[14] ਹਾਲਾਂ ਕਿ ਲਹਿਰ ਦੌਰਾਨ ਬਹੁਤ ਸਾਰੀਆਂ ਹਿੰਸਕ ਵਾਰਦਾਤਾਂ ਵੀ ਹੋਈਆਂ ਸਨ। 1942 ਦੇ ਅਖੀਰ ਤੱਕ 60,220 ਆਦਮੀ ਗ੍ਰਿਫਤਾਰ ਹੋਏ, 18000 ਡਿਫੈਂਸ ਆਫ ਇੰਡੀਆਂ ਰੂਲਜ਼ ਅਧੀਨ ਡੱਕੇ ਗਏ, 940 ਮਾਰੇ ਗਏ ਅਤੇ 1630 ਪੁਲੀਸ ਅਤੇ ਫ਼ੌਜ਼ ਦੀਆਂ ਗੋਲੀਆਂ ਨਾਲ ਜਖਮੀ ਹੋਏ।

ਸਾਰਾ ਹਿੰਦੁਸਤਾਨ ਇਨਕਲਾਬੀ ਜੋਸ਼ ਨਾਲ ਭਰਿਆ ਪਿਆ ਸੀ। ਪੰਜਾਬ ਇਸ ਤੋਂ ਅਣਭਿਜ ਨਾ ਰਹਿ ਸਕਿਆ। ਗਿਆਨੀ ਗੁਰਮੁੱਖ ਸਿੰਘ ਮੁਸਾਫਿਰ, ਈਸ਼ਵਰ ਸਿੰਘ ਮੁਝੈਲ, ਗੋਪੀ ਚੰਦ ਭਾਰਗਵ, ਭੀਮ ਸੈਨ ਸੱਚਰ ਦੀ ਅਗਵਾਈ ਹੇਠ ਗ੍ਰਿਫਤਾਰੀਆਂ ਦਿੱਤੀਆਂ ਗਈਆਂ। 1942 ਵਿੱਚ ਸਮੁੱਚੇ ਦੇਸ਼ ਵਿੱਚ ਤਾਂ ਆਪਮੁਹਾਰੀ ਅਤੇ ਬੇਮਿਸਾਲ ਲਹਿਰ ਉੱਠ ਖੜੀ ਹੋਈ ਸੀ, ਪਰ ਪੰਜਾਬ ਵਿੱਚ ਇਸ ਨੂੰ ਵਿਸ਼ੇਸ਼ ਹੁੰਗਾਰਾ ਨਾ ਮਿਲਿਆ। ਇਸ ਦੇ ਕਈ ਕਾਰਨ ਸਨ, ਇਕ ਤਾਂ ਪੰਜਾਬ ਵਿੱਚ ਬਰਤਾਨੀਆਂ ਪੱਖੀ ਯੂਨੀਅਨਿਸਟ ਪਾਰਟੀ ਦੀ ਸਰਕਾਰ ਸੀ। ਦੂਸਰੇ, ਮੁਸਲਿਮ ਲੀਗ ਇਸ ਤੇ ਵੱਖ ਰਹੀ। ਤੀਸਰੇ **ਕਮਿਊਨਿਸਟ ਪਾਰਟੀ ਇਸ ਲਹਿਰ ਦੇ ਵਿਰੋਧੀਆਂ ਵਿੱਚ ਸਰਗਰਮ ਸਨ।**

**ਅਜ਼ਾਦ ਹਿੰਦ ਫੌਜ਼**

ਪੰਜਾਬੀਆਂ ਦਾ ਅਜ਼ਾਦ ਹਿੰਦ ਫ਼ੌਜ ਵਿੱਚ ਮਹੱਤਵਪੂਰਨ ਸਥਾਨ ਸੀ। ਦੇਸ਼ ਦੇ ਬਾਹਰ ਮਹੱਤਵਪੂਰਨ ਘਟਨਾ ਘਟੀ, ਏਸ਼ੀਆਂ ਵਿੱਚ **ਰਾਸ ਬਿਹਾਰੀ ਬੋਸ, ਕੈਪਟਨ ਮੋਹਨ ਸਿੰਘ ਅਤੇ ਗਿਆਨੀ ਪ੍ਰੀਤਮ ਸਿੰਘ ਨੇ ਜਪਾਨ ਦੀ ਸਹਾਇਤਾ ਨਾਲ ਆਜ਼ਾਦ ਹਿੰਦ ਫ਼ੌਜ਼ ਨੂੰ ਤਿਆਰ ਕਰਨ ਲੱਗੇ ਹੋਏ ਸਨ।** ਜਰਮਨੀ ਵਿੱਚ ਇਸ ਕਿਸਮ ਦਾ ਕੰਮ ਸੁਭਾਸ਼ ਚੰਦਰ ਬੋਸ ਕਰਨ ਲੱਗੇ ਹੋਏ ਸਨ। ਪੰਜਾਬ ਦੇ ਜਾਣੇ ਪਛਾਣੇ ਕ੍ਰਾਂਤੀਕਾਰੀ ਸਰਦਾਰ ਅਜੀਤ ਸਿੰਘ ਉਨ੍ਹਾਂ ਦੀ ਸਹਾਇਤਾ ਕਰ ਰਹੇ ਸਨ।[15] ਸੁਭਾਸ਼ ਚੰਦਰ ਬੋਸ ਨੇ ਹਿੰਦੁਸਤਾਨੀ ਜੰਗੀ ਕੈਦੀਆਂ ਨੂੰ ਜ਼ਰਮਨੀ ਵਿੱਚ ਸੰਗਠਿਤ ਕੀਤਾ। ਇਸ ਸਮੇਂ ਜਪਾਨ ਦੱਖਣ ਪੂਰਬੀ ਏਸ਼ੀਆਂ ਦੇ ਦੇਸ਼ਾਂ ਤੇ ਛਾਇਆ ਹੋਇਆ ਸੀ। ਸੋ ਭਾਰਤ ਨੂੰ ਜਪਾਨ ਦੀ ਸਹਾਇਤਾ ਨਾਲ ਅਜ਼ਾਦ ਕਰਵਾਉਣ੍ਹ ਦੀ ਕੋਸ਼ਿਸ਼ ਕੀਤੀ ਗਈ।

ਸੁਭਾਸ਼ ਚੰਦਰ ਬੋਸ ਹਿੰਦੁਸਤਾਨ ਵਿੱਚੋਂ ਨਿਕਲ ਗਏ ਸਨ। ਉਨਾਂ ਨੇ ਜ਼ਰਮਨੀ ਵਿੱਚ ਫੜੇ ਹਿੰਦੁਸਤਾਨੀ ਫੌਜੀਆ ਦੀ ਆਜ਼ਾਦ ਹਿੰਦ ਫੌਜ਼ ਬਣਾਈ। 1915 ਦੇ ਲਾਹੌਰ ਸਾਜਿਸ਼ ਕੇਸ਼ ਵਿੱਚ ਮਸ਼ਹੂਰ ਹੋਏ ਰਾਸ ਬਿਹਾਰੀ ਬੋਸ ਜਪਾਨ ਵਿੱਚ ਜਾ ਵਸੇ ਸਨ। ਉਨ੍ਹਾਂ ਨੇ ਸਿੰਘਾਪੁਰ ਵਿਖੇ ਪਹਿਲੀ ਚੋਧਵੀ ਪੰਜਾਬ ਰੈਜ਼ਮਿੰਟ ਦੇ ਕਪਤਾਨ ਮੋਹਨ ਸਿੰਘ ਦੀ ਸਹਾਇਤਾਂ ਨਾਲ ਇਸੇ ਤਰ੍ਹਾਂ ਦੀ ਹੀ ਹੋਰ ਫੌਜ਼ ਬਣਾਈ। ਸੁਭਾਸ਼ ਚੰਦਰ ਬੋਸ ਨੇ ਹਿੰਦੁਸਤਾਨੀ ਜੰਗੀ ਕੈਦੀਆਂ ਨੂੰ ਜ਼ਰਮਨੀ ਵਿੱਚ ਸੰਗਠਿਤ ਕੀਤਾ। ਉਸ ਨੇ ਕਈਆਂ ਮੀਟਿੰਗਾਂ ਨੂੰ ਸੰਬੋਧਨ ਕੀਤਾ ਅਤੇ ਆਪਣੇ ਦੇਸ਼, ਆਜ਼ਾਦੀ ਅਤੇ ਸੱਚਾਈ ਦੇ ਨਾਂ ਤੇ ਇੰਡੀਅਨ ਨੈਸ਼ਨਲ ਆਰਮੀ ਵਿੱਚ ਸ਼ਾਮਲ ਹੋਣ ਲਈ ਅਪੀਲਾਂ ਕੀਤੀਆਂ। ਆਜ਼ਾਦ ਹਿੰਦ ਫ਼ੌਜ਼ ਦੀ ਸ਼ਕਤੀ ਅਤੇ ਲੋਕਪ੍ਰਿਯਤਾ ਵਧਦੀ ਗਈ। ਲਾਲਾ ਲਾਜਪਤ ਰਾਏ ਦਾ ਪੁਰਾਣਾ ਸਾਥੀ ਅਤੇ ਸਰਦਾਰ ਭਗਤ ਸਿੰਘ ਦੇ ਚਾਚਾ ਜੀ, **ਸ. ਅਜੀਤ ਸਿੰਘ, ਇਟਲੀ ਦੀ ਯੂਨੀਵਰਸਿਟੀ ਨੇਪਲਜ਼ ਵਿੱਚ ਭਾਸ਼ਾਂਵਾਂ ਦੇ ਪ੍ਰੋਫੈਸਰ ਸਨ। ਉਹ ਸੁਭਾਸ਼ ਚੰਦਰ ਬੋਸ ਦੀ ਸਹਾਇਤਾਂ ਲਈ ਆਏ। ਇਸ ਉਪਰੰਤ ਆਪਣੇ ਦੋਸਤਾਂ ਦਾ ਸਲਾਹ ਨਾਲ ਬੋਸ ਨੇ 'ਜੈ ਹਿੰਦ' ਦਾ ਨਾਅਰਾ ਅਪਨਾਇਆ।** ਕਿਉਂਕਿ ਜ਼ਰਮਨੀ ਵਿੱਚ ਜੰਗੀ ਕੈਦੀਆਂ ਦੀ ਗਿਣਤੀ ਬਹੁਤ ਘੱਟ ਸੀ, ਇਸ ਲਈ ਬਹੁਤੀ ਸਫਲਤਾ ਨਵਾ ਮਿਲ ਸਕੀ।

ਅਪ੍ਰੈਲ 1942 ਵਿੱਚ ਟੋਕੀਓ ਵਿਖੇ ਇਕ ਮੀਟਿੰਗ ਹੋਈ ਜਿਸ ਵਿੱਚ ਕੈਪਟਨ **ਮੋਹਨ ਸਿੰਘ, ਕਰਨਲ ਨਿਰੰਜਨ ਸਿੰਘ, ਮੁਹੰਮਦ ਅਕਰਮ** ਅਤੇ ਕੁਝ ਹੋਰ ਸ਼ਾਮਲ ਹੋਏ। ਉਨ੍ਹਾਂ ਨੇ ਰਾਸ ਬਿਹਾਰੀ ਬੋਸ ਨਾਲ ਆਜ਼ਾਦ ਹਿੰਦ ਫ਼ੌਜ਼ ਦੀ ਸਥਾਪਨਾ ਬਾਰੇ ਗੱਲਬਾਤ ਕੀਤੀ। ਬੋਸ ਨੇ ਮਲਾਇਆ, ਜਾਪਾਨ, ਥਾਈਲੈਂਡ, ਹਾਂਗਕਾਂਗ, ਇੰਡੋਨੇਸ਼ੀਆ ਅਤੇ ਮਨਚੂਰੀਆਂ ਵਿੱਚ ਹਿੰਦੁਸਤਾਨੀਆਂ ਦੀਆਂ ਇਕੱਤਰਤਾਂਵਾਂ ਨੂੰ ਸੰਬੋਧਨ ਕੀਤਾ। ਜੂਨ-ਜੁਲਾਈ 1942 ਵਿੱਚ ਇਕ ਬਹੁਤ ਵੱਡੀ ਮੀਟਿੰਗ ਬੈਂਕਾਂਕ ਵਿਖੇ ਹੋਈ ਜਿਸ ਵਿੱਚ ਆਜ਼ਾਦ ਹਿੰਦ ਫ਼ੌਜ਼ ਸਥਾਪਤ ਕਰਨ ਦੀ ਰਸਮੀ ਫੈਲਾ ਲਿਆ ਗਿਆ ਅਤੇ ਕੈਪਟਨ ਮੋਹਨ ਸਿੰਘ ਨੂੰ ਜਨਰਲ ਦਾ ਰੋਕ ਦਿੱਤਾ ਗਿਆ। 30 ਦਸੰਬਰ 1943 ਈ ਨੂੰ ਜਾਪਾਨ ਨੇ ਅੰਡੇਮਾਨ ਅਤੇ ਨਿਕੋਬਾਰ ਦੇ ਟਾਪੂ, ਜੋ ਕਿ ਉਨ੍ਹਾਂ ਨੇ ਅੰਗਰੇਜ਼ਾਂ ਤੇ ਜਿੱਤੇ ਸਨ, ਆਜ਼ਾਦ ਹਿੰਦ ਫ਼ੌਜ਼ ਨੂੰ ਦੇ ਦਿੱਤੇ। ਇਹ ਪਹਿਲੇ ਭਾਰਤੀ ਇਲਾਕੇ ਸਨ ਜੋ ਇਸ ਨੂੰ ਪ੍ਰਾਪਤ ਹੋਏ।16

ਦੱਖਣ ਪੂਰਬੀ ਏਸ਼ੀਆ ਵਿੱਚ ਆਜ਼ਾਦ ਹਿੰਦ ਦੇ ਜਵਾਨਾਂ ਨੂੰ ਇਫਾਲ ਦੀ ਮੁਹਿੰਮ ਤੇ ਭੇਜਣ ਲਈ ਇੱਕ ਉਤਮ ਸ੍ਰੇਣੀ ਦੀ ਰੈਜ਼ੀਮੈਂਟ (ਸੁਭਾਸ਼ ਬ੍ਰਿਗੇਡ) ਨੇਤਾ ਜੀ ਨੇ ਤਿਆਰ ਕੀਤੀ। ਉਸ ਦਾ ਕਮਾਂਡਰ ਇੱਕ ਪੰਜਾਬੀ ਸ਼ਾਹ ਨਵਾਜ਼ ਖਾਂ ਨੂੰ ਬਣਾਇਆ ਗਿਆ।[17] 19 ਮਾਰਚ 1944 ਈ ਨੂੰ ਆਜ਼ਾਦ ਹਿੰਦ ਫ਼ੌਜ਼ ਦੇ ਜਵਾਨਾਂ ਨੇ ਪਹਿਲੀ ਵਾਰ ਬਰਮਾਂ ਦੀ ਹੋਂਦ ਪਾਰ ਕਰਕੇ ਮੁਕਤ ਕਰਾਈ ਗਈ ਭਾਰਤੀ ਧਰਤੀ ਤੇ ਤਿਰੰਗਾਂ ਝੰਡਾ ਜੁਲਾਇਆ। ਆਖਿਰ ਜਾਪਾਨ ਦੀ ਹਾਰ ਹੋਣ ਲੱਗੀ ਪਰ ਆਜ਼ਾਦ ਹਿੰਦ ਦੇ ਜਵਾਨ ਲੜਦੇ ਰਹੇ ਪਰ ਆਖਿਰ ਉਹ ਇੰਫਾਲ ਵਿੱਚ ਘਿਰ ਗਏ। ਮਈ 1945 ਵਿੱਚ

ਅੰਗਰੇਜ਼ਾਂ ਨੇ ਰੰਗੂਨ ਤੇ ਦੁਬਾਰਾ ਕਬਜ਼ਾ ਕਰ ਲਿਆ ਅਤੇ ਆਜ਼ਾਦ ਹਿੰਦ ਦੇ ਜਵਾਨਾਂ ਨੂੰ ਕੈਦੀ ਬਣਾ ਕੇ ਲਾਲ ਕਿਲ੍ਹਾ ਦਿੱਲੀ ਲਿਆਂਦਾ ਗਿਆ।[18]

ਭਾਵੇਂ ਆਜ਼ਾਦ ਹਿੰਦ ਫ਼ੌਜ਼ ਨੂੰ ਜਿਆਦਾ ਸਫਲਤਾ ਨਹੀਂ ਮਿਲੀ ਪਰ ਆਜ਼ਾਦੀ ਦੇ ਸੰਘਰਸ਼ ਵਿੱਚ ਇਸ ਦਾ ਮਹੱਤਵਪੂਰਨ ਯੋਗਦਾਨ ਹੈ। **ਪੰਜਾਬੀਆਂ ਨੇ ਆਜ਼ਾਦ ਹਿੰਦ ਫ਼ੌਜ਼ ਵਿੱਚ ਸ਼ਾਨਦਾਰ ਭੂਮਿਕਾ ਨਿਭਾਈ। ਇਸ ਵਿੱਚ ਗਿਆਨੀ ਪ੍ਰੀਤਮ ਸਿੰਘ, ਕੈਪਟਨ ਮੋਹਨ ਸਿੰਘ ਅਤੇ ਸਰਦਾਰ ਨਿਰੰਜਣ ਸਿੰਘ ਜੀ ਮਹੱਤਵਪੂਰਨ ਭੂਮਿਕਾ ਹੈ। ਉਨ੍ਹਾਂ ਤੋਂ ਛੁੱਟ ਲਾਲ ਕਿਲੇ ਵਿੱਚ ਜਿਨ੍ਹਾਂ ਤਿੰਨ ਪ੍ਰਮੁੱਖ ਵਿਅਕਤੀਆਂ-ਕੈਪਟਨ ਪ੍ਰੇਮ ਕੁਮਾਰ ਸਹਿਗਲ, ਲੈਫਟੀਨੈਂਟ ਗੁਰਬਖਸ਼ ਸਿੰਘ ਢਿਲੋਂ ਅਤੇ ਕਰਨਲ ਸਾਹਨਵਾਜ਼ ਖਾਂ ਉੱਤੇ ਦੇਸ਼ ਧ੍ਰੋਹ ਦੇ ਮੁਕੱਦਮੇ ਚਲਾਏ ਗਏ, ਉਹ ਤਿੰਨੋ ਹੀ ਪੰਜਾਬੀ ਸਨ।[19] ਪੰਜਾਬੀਆਂ ਨੇ ਆਜ਼ਾਦ ਹਿੰਦ ਫ਼ੌਜ਼ ਵਿੱਚ ਸ਼ਾਨਦਾਰ ਭੂਮਿਕਾ ਨਿਭਾਈ। ਆਜ਼ਾਦ ਹਿੰਦ ਫ਼ੌਜ਼ ਵਿੱਚ 70 ਪ੍ਰਤੀਸ਼ਤ ਪੰਜਾਬੀ ਹੀ ਸਨ।[20]**

**References :**


1. S.L. Malhortra, From Civil Disobedience to Quit India, Chandigarh, 1979, p. 3.
2. Home Political, August, 1932, File No. 18/11/32 Poltical, NAI New Delhi.
3. Fortnightly Report on the Political situation in the Punjab, Home Political File 1932-34, NAI New Delhi.
4. A. C. Guha, Indian's Struggle Quarter of a Century, 1921-46, Vol. II, New Delhi 1982, p. 472.
5. S.L., Malhotra, op. cit. p. 118.
6. Ibid.
7. The Tribune, Lahore 6-16 January 1941.
8. Ibid, 11 February, 1941.
9. Home Department, (Political) December, 1941 NAI New Delhi.
10. Home Department, (Political) 1941, File No. 18/4/41 NAI New Delhi.
11. R. C. Majumdar, History of the Freedom Movement in India, Vol. III, Calcutta 1963, p. 649.
12. Home Department, (Political), File No. 3/6/42, NAI New Delhi.
13. Ibid

14. Home Department, (Politcal), File No. 18/2/43, NAI New Delhi.
15. Satya M. Rai. Punjab Heroic Tradition, Patila 1978, p. 154.
16. S. A. Ayyer, The Indian Independence Movement in East Asia, Calcutta, 1961 p. 8-9.
17. R. C. Majumdar, op. cit, p. 159.
18. Ibid.
19. Satya M. Rai, op. cit, p. 159.
20. Ibid, p. 160.

## ਅਧਿਆਇ-13
# ਬਟਵਾਰੇ ਦਾ ਦੁਖਾਂਤ

ਮਾਰਚ 1940 ਵਿੱਚ ਮੁਸਲਿਮ ਲੀਗ ਨੇ 'ਪਾਕਿਸਤਾਨ ਮਤਾ' ਪਾਸ ਕਰਕੇ ਜਿਨਾਹ ਦੇ ਦੋ ਕੌਮਾਂ ਦੇ ਸਿਧਾਂਤ ਉੱਤੇ ਆਪਣੀ ਪੱਕੀ ਮੋਹਰ ਲਗਾ ਦਿੱਤੀ। ਇਸ ਉਪਰੰਤ ਪੰਜਾਬ ਵਿੱਚ ਫਿਰਕੂ ਸਮੱਸਿਆ ਆਪਣੇ ਵਿਕਰਾਲ ਰੂਪ ਵੱਲ ਵਧਣ ਲਗ ਗਈ। ਜਿਉਂ-ਜਿਉਂ ਪਾਕਿਸਤਾਨ ਦੀ ਮੰਗ ਵਧਦੀ ਗਈ ਪੰਜਾਬ ਦੀ ਹਰ ਇਕ ਰਾਜਨੀਤਿਕ ਪਾਰਟੀ ਇਸ ਦਾ ਡਟਵਾਂ ਵਿਰੋਧ ਕਰਨ ਲੱਗੀ। ਸਿੱਖ ਭਾਈਚਾਰੇ ਨੂੰ ਤਾਂ ਬਹੁਤ ਘਬਰਾਹਟ ਹੋਈ। ਇਸ ਮੰਗ ਦੀ ਪਰਵਾਨਗੀ ਦਾ ਅਰਥ ਸੂਬੇ ਦੀ ਸਿੱਖ ਅਬਾਦੀ ਦਾ ਦੋ ਹਿੱਸਿਆ ਵਿੱਚ ਵੰਡੇ ਜਾਣਾ ਸੀ। 1931 ਵਿੱਚ ਦੂਸਰੀ ਗੋਲ ਮੇਜ਼ ਕਾਨਫਰੰਸ ਵਿੱਚ ਦਿੱਤੇ ਗਏ ਮੈਮੋਰੰਡਮ ਵਿੱਚ ਸਿੱਖਾਂ ਦੇ ਨੁਮਾਇੰਦੇ ਸਰਦਾਰ ਉੱਜਲ ਸਿੰਘ ਨੇ ਕਿਹਾ ਕਿ ਜੇ ਮੁਸਲਮਾਨ ਵੱਖੋਂ ਵੱਖ ਖੇਤਰਾਂ ਦੇ ਅਧਾਰ ਤੇ ਰਾਂਖਵੀ ਬਹੁ ਗਿਣਤੀ ਤੋਂ ਘੱਟ ਕੁਝ ਵੀ ਮੰਨਣ ਨੂੰ ਤਿਆਰ ਨਹੀਂ ਤਾਂ ਉਹ (ਸਿੱਖ) ਵੀ ਸੂਬੇ ਦੀਆਂ ਹੱਦਾਂ ਨੂੰ ਦੁਬਾਰਾ ਨਿਰਧਾਂਰਤ ਕਰਨ ਲਈ ਜ਼ੋਰ ਦੇਣਗੇ ਤਾਂ ਜੋ ਸਿੱਖ ਵੱਸੋਂ ਵੀ ਇੱਕ ਥਾਂ ਇਕੱਠੀ ਹੋ ਜਾਵੇ। ਇਸ ਲਈ ਉਨ੍ਹਾਂ ਨੇ ਮੰਗ ਕੀਤੀ ਕਿ ਮੁਸਲਮਾਨ ਅਤੇ ਰਾਵਲਪਿੰਡੀ ਦੀਆਂ ਡਿਵੀਜ਼ਨਾਂ (ਲਾਇਲਪੁਰ ਅਤੇ ਮਿੰਟਗੁਮਰੀ ਦੇ ਜਿਲ੍ਹਿਆਂ ਨੂੰ ਛੱਡ ਕੇ ) ਨੂੰ ਪੰਜਾਬ ਤੋਂ ਤੋੜ ਲਿਆ ਜਾਵੇ।[1] ਇਹ ਸੁਝਾਓ ਮੁਸਲਮਾਨਾਂ ਨੂੰ ਪਰਵਾਨ ਨਹੀਂ ਸੀ। ਸਰ ਜਾਫਰੀ ਕਾਰਬੈਟ ਵੱਲੋਂ ਪੰਜਾਬ ਦੀਆਂ ਹੱਦਾਂ ਤੇ ਪੁਨਰਗਠਨ ਬਾਰੇ ਇਕ ਹੋਰ ਤਜਵੀਜ਼ ਪੇਸ਼ ਕਰ ਦਿੱਤੀ ਗਈ। ਇਸ ਸਕੀਮ ਦਾ ਮੰਤਵ ਅੰਬਾਲਾ ਡਿਵੀਜ਼ਨ ਨੂੰ ਪੰਜਾਬ ਨਾਲੋਂ ਅੱਡ ਕਰਨਾਂ ਸੀ ਤਾਂ ਜੋ ਗੈਰ ਮੁਸਲਿਮ ਬਹੁਗਿਣਤੀ ਵਾਲੇ ਜ਼ਿਲ੍ਹਿਆਂ ਨੂੰ ਵੱਖ ਕਰਕੇ ਪੰਜਾਬ ਨੂੰ ਵਧੇਰੇ ਮੁਸਲਿਮ ਕਿਰਦਾਰ ਵਾਲਾ ਸੂਬਾ ਬਣਾਇਆ ਜਾ ਸਕੇ।[2] ਇਹ ਸਕੀਮ ਸਿੱਖਾਂ ਅਤੇ ਹਿੰਦੂਆਂ ਨੂੰ ਬਿਲਕੁਲ ਹੀ ਪਰਵਾਨ ਨਹੀਂ ਸੀ ਕਿਉਂਕਿ ਇਸ ਤਰ੍ਹਾਂ ਉਨ੍ਹਾਂ ਨੇ ਪੰਜਾਬ ਵਿੱਚ ਇਕ ਬੇਬਸ ਘੱਟ ਗਿਣਤੀ ਰਹਿ ਜਾਣਾ ਸੀ। ਇਸ ਤੋਂ ਬਾਅਦ ਪੰਜਾਬ ਵਿੱਚ 'ਅਜ਼ਾਦ ਪੰਜਾਬ' ਦੀ ਮੰਗੀ ਉੱਠੀ। ਕ੍ਰਿਪਸ ਮਿਸ਼ਨ ਯੋਜਨਾਂ ਦੇ ਮੁਸਲਮਾਨਾਂ ਦੀ ਵੱਖ ਹੋਣ ਦਾ ਅਧਿਕਾਰ ਮੰਨਣ ਤੇ 'ਸਿੱਖ ਰਾਜ' ਦੀ ਮੰਗ ਵੀ ਜ਼ੋਰ ਸ਼ੋਰ ਨਾਲ ਉੱਠਣ ਲੱਗੀ। ਜਿਨ੍ਹਾਂ ਸਾਹਿਬ ਵੱਲੋਂ ਮੰਗੇ ਜਾ ਰਹੇ ਪਾਕਿਸਤਾਨ ਵਿੱਚ ਤੇ ਪ੍ਰਸਤਾਵਿਤ ਕ੍ਰਿਪਸ ਤਜ਼ਵੀਜ਼ਾ ਅਨੁਸਾਰ ਸਮੁੱਚਾ ਪੰਜਾਬ ਹੀ ਪਾਕਿਸਤਾਨ ਦਾ ਅੰਗ ਬਣਦਾ ਸੀ। ਅਕਾਲੀ ਪਾਰਟੀ 1945 ਵਿੱਚ ਸਪਰੂ ਕਮੇਟੀ ਨੂੰ ਦਿੱਤੇ ਗਏ ਮੈਮੋਰੰਡਮ ਵਿੱਚ ਵੱਖਰੇ ਸਿੱਖ ਰਾਜ ਦੀ ਸਥਾਪਨਾ ਦੀ ਮੰਗ ਕੀਤੀ ਜਿਸ ਵਿੱਚ ਸਿੱਖਾ ਦੀ ਬਹੁ ਗਿਣਤੀ ਵੀ ਹੋਵੇ ਅਤੇ ਉਨ੍ਹਾਂ ਦੇ ਮੁਹੱਤਵਪੂਰਨ ਧਰਮ ਅਸਥਾਨ ਵੀ ਹੋਣ। ਜੇ ਵੱਸੋਂ ਅਤੇ ਜਾਇਦਾਦ ਦੀ ਅਦਲਾ ਬਦਲੀ ਦੀ ਲੋੜ ਪਵੇ ਤਾਂ ਉਹ ਵੀ ਕਰ ਲਈ ਜਾਵੇ।[3] ਅਜ਼ਾਦ ਪੰਜਾਬ ਦੀ

ਮੰਗ, ਪਾਕਿਸਤਾਨ ਦੇ ਵਿਰੋਧ ਵਿੱਚ ਹੀ ਉੱਠੀ ਸੀ। ਜਿਨ੍ਹਾਂ ਨਾਲ ਕਈ ਮੌਕਿਆਂ ਤੇ ਤਾਲਮੇਲ ਬਿਠਾਉਣ ਦੀ ਕੋਸ਼ਿਸ਼ ਕੀਤੀ ਗਈ। ਗਾਂਧੀ ਤੇ ਜਿਨਾਹ ਵਿਚਕਾਰ ਸਤੰਬਰ 1944 ਵਿੱਚ ਲੰਮੀ ਗੱਲਬਾਤ ਹੋਈ ਪਰ ਅਸਫਲ ਹੀ ਹੋਈ।

ਜੁਲਾਈ 1945 ਵਿੱਚ ਸ਼ਿਮਲੇ ਵਿੱਚ ਵਾਇਸਰਾਏ ਵੱਲੋਂ ਸੱਦੀ ਗਈ ਆਲ ਪਾਰਟੀਜ਼ ਕਾਨਫਰੰਸ ਜਿਨਾਹ ਦੀ ਜਿੱਦ ਕਾਰਨ ਹੀ ਅਸਫਲ ਹੋਈ।

ਪੰਜਾਬ ਵਿੱਚ ਯੂਨੀਅਨਿਸਟ ਪਾਰਟੀ ਦਾ ਪ੍ਰਭਾਵ ਹੋਣ ਕਰਕੇ, 1937 ਦੀਆਂ ਚੋਣਾਂ ਵਿੱਚ ਮੁਸਲਿਮ ਲੀਗ ਨੂੰ ਕੋਈ ਖਾਸ ਸਫਲਤਾ ਨਹੀਂ ਮਿਲੀ। ਜਿਨਾਹ ਪਾਕਿਸਤਾਨ ਦੀ ਹੋਂਦ ਲਈ ਪੰਜਾਬ ਤੇ ਕਬਜੇ ਨੂੰ ਜ਼ਰੂਰੀ ਸਮਝਦੇ ਸਨ। ਪਰ ਯੂਨੀਅਨਿਸਟ ਪਾਰਟੀ ਉਨ੍ਹਾਂ ਨੂੰ ਨੇੜੇ ਨਹੀਂ ਸੀ ਲੱਗਣ ਦਿੰਦੀ। ਸੋ ਮੁਸਲਿਮ ਲੀਗ ਨੇ 1940 ਤੋਂ 1946 ਤੱਕ ਤੇਜ਼ੀ ਨਾਲ ਆਪਣਾ ਪ੍ਰਭਾਵ ਪੰਜਾਬ ਵਿੱਚ ਵਧਾਇਆ ਅਤੇ 1946 ਦੀਆਂ ਚੋਣਾਂ ਵਿੱਚ 79 ਸੀਟਾਂ ਲੈ ਕੇ ਪੰਜਾਬ ਅਸੈਂਬਲੀ ਵਿੱਚ ਇਕੱਲੀ ਸਭ ਤੋਂ ਵੱਡੀ ਪਾਰਟੀ ਬਣ ਗਈ। ਪਰ ਕਾਂਗਰਸ, ਅਕਾਲੀ ਅਤੇ ਯੂਨੀਅਨਿਸਟ ਪਾਰਟੀ ਨੇ ਮਿਲੀ ਜੁਲੀ ਸਰਕਾਰ ਬਣਾ ਲਈ ਅਤੇ ਖਿਜ਼ਰ ਹਯਾਂਤ ਖਾਂ ਮੁੱਖ ਮੰਤਰੀ ਬਣੇ ਮੁਸਲਿਮ ਲੀਗ ਨੂੰ ਸਵੀਕਾਰ ਨਹੀਂ ਸੀ।

ਮੁਸਲਿਮ ਲੀਗ ਨੇ ਨੈਸ਼ਨਲ ਗਾਰਡ ਦੀ ਸਥਾਪਨਾ ਕਰਕੇ ਪੂਰੀ ਮਿਲਟਰੀ ਸਿਖਲਾਈ ਦਿੱਤੀ। ਇਸ ਦਾ ਮੁੱਖ ਮੰਤਵ ਮੁਸਲਿਗ ਲੀਗ ਲਈ ਕੰਮ ਕਰਨਾ ਅਤੇ ਮਿਲੀ ਜੁਲੀ ਸਰਕਾਰ ਨੂੰ ਗਿਰਾਣਾ ਸੀ।[4] ਪੰਜਾਬ ਸਰਕਾਰ ਨੇ ਨੈਸ਼ਨਲ ਗਾਰਡਜ਼ ਦੀਆਂ ਗਤੀਵਿਧੀਆ ਤੇ ਰੋਕਾਂ ਲਾਇਆ। ਉਲਟਾ ਉਹ ਭੜਕ ਗਏ ਅਤੇ ਉਨ੍ਹਾਂ ਨੇ ਨੈਸ਼ਨਲ ਗਾਰਡਜ਼ ਦੇ ਮੈਂਬਰਾਂ ਨੂੰ ਛੁਰੇ ਅਤੇ ਤਲਵਾਰਾਂ ਰੱਖਣ ਦਾ ਆਦੇਸ਼ ਦੇ ਦਿੱਤਾ। 16 ਅਗਸਤ 1946 ਨੂੰ ਸਿੱਧੀ ਕਾਰਵਾਈ (Direct Action) ਕਰਨ ਦੀ ਅਪੀਲ ਕੀਤੀ। ਰਾਜਾ ਗਜ਼ਨਾਫਰ ਅਲੀ ਖਾਂ ਨੇ ਪੰਜਾਬੀ ਦੀ ਸੂਬਾਈ ਮੁਸਲਿਮ ਲੀਗ ਵੱਲੋਂ ਬੋਲਦਿਆਂ ਦਾਅਵਾ ਕੀਤਾ ਕਿ ਮੁਸਲਮਾਨਾ ਲਈ ਸਿੱਧੀ ਕਾਰਵਾਈ ਦਾ ਅਰਥ ਜ਼ਹਾਦ ਹੈ। ਇਸ ਦੇ ਨਤੀਜੇ ਕੁਝ ਵੀ ਨਿਕਲਣ। ਸਭ ਤੋਂ ਵੱਡੀ ਮੰਦਭਾਗੀ ਘਟਨਾ ਇਹ ਹੋਈ ਕਿ ਇਹ 'ਸਿੱਧੀ ਕਾਰਵਾਈ' ਬਰਤਾਨਵੀ ਸਰਕਾਰ ਦੇ ਵਿਰੁੱਧ ਹੋਣ ਦੀ ਬਜਾਏ ਕਾਂਗਰਸ, ਹਿੰਦੂਆਂ ਅਤੇ ਸਿੱਖਾਂ ਵਿਰੁੱਧ ਹੋਣ ਲੱਗੀ।[5]

ਉਸ ਸਮੇਂ ਮੁਸਲਿਮ ਨੈਸ਼ਨਲ ਗਾਰਡਜ਼ ਦੇ ਆਂਤਕ ਅਤੇ ਖਾਨਾਜੰਗੀ ਤੋਂ ਬਚਾਉਣ ਲਈ ਇਕ ਦੇਸ਼ ਭਗਤ ਸੰਗਠਨ 'ਰਾਸ਼ਟਰੀ ਸਵੈਮ ਸੇਵਕ ਸੰਘ' ਅੱਗੇ ਆਇਆ। ਜਿਸ ਦਾ ਉਦੇਸ਼ ਹਿੰਦੂਆਂ ਅਤੇ ਸਿੱਖਾਂ ਨੂੰ ਨੈਸ਼ਨਲ ਗਾਰਡਜ਼ ਦੀ ਖਾਨਾਜੰਗੀ ਤੋਂ ਬਚਾਉਣ ਸੀ। ਸਤੰਬਰ 1946 ਵਿੱਚ ਇਸ ਸੰਸਥਾ ਦੇ ਸਰਸੰਘ ਚਾਲਕ ਗੁਰੂ ਗੋਲਵਾਕਰ ਜੀ ਪੰਜਾਬ ਆਏ।[6]

ਪੰਜਾਬ ਦੀ ਸਥਿਤੀ ਦਿਨੋਂ ਦਿਨ ਖਰਾਬ ਹੋ ਰਹੀ ਸੀ। ਦੂਜੇ ਪਾਸੇ ਯੂਨੀਅਨਿਸਟ

ਪਾਰਟੀ ਦੀ ਹਾਲਤ ਲਗਾਤਾਰ ਕਮਜ਼ੋਰ ਹੋ ਰਹੀ ਸੀ। 1945 ਵਿੱਚ ਸਰ ਛੋਟੂ ਰਾਮ ਦੇ ਦੇਹਾਂਤ ਹੋਣ ਨਾਲ ਹੋਰ ਵੀ ਕਮਜ਼ੋਰ ਹੋ ਗਈ। ਖਿਜ਼ਰ ਹਯਾਂਤ ਖਾਂ ਨੇ ਆਪਣੇ ਗੈਰ ਮੁਸਲਮਾਨ ਸਾਥੀਆਂ ਨਾਲ ਸਲਾਹ ਮਸ਼ਵਰਾ ਕੀਤੇ ਬਿਨਾਂ ਹੀ 3 ਮਾਰਚ 1947 ਨੂੰ ਅਸਤੀਫ਼ਾ ਦੇ ਦਿੱਤਾ।

